Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning newspaper | Canadian Punjabi Post
Vol 18 *Issue 140 | Monday, July 22, 2019 | Tel: 905-793-2202 | Fax: 905-793-2282 | news@punjabipost.ca

TOP 4% TREB REALTOR 2018
Buy With $0 Down Program
ROYAL CANADIAN
RESIDENTIAL-COMMERCIAL-INVESTMENT
SELL YOUR HOUSE
Quick & For Top $$$$
GO WITH PRO SELLING GTA FOR 5 YEARS
Hardeep Sivia BROKER
647-970-7374
www.HardeepSivia.com

To view our online newspaper visit punjabipost.ca/epaper
THE ONLY DAILY PUNJABI NEWS
ਹੁਣ ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

# ਬੱਟਸ ਨੂੰ ਮੁੜ ਲਿਬਰਲ ਕੈਂਪੇਨ ਵਿੱਚ ਸ਼ਾਮਲ ਕਰਨ 'ਤੇ ਜਗਮੀਤ ਸਿੰਘ ਨੇ ਪ੍ਰਗਟਾਈ ਨਿਰਾਸ਼ਾ

## ਕੰਜ਼ਰਵੇਟਿਵਾਂ ਨੇ ਵੀ ਜਤਾਇਆ ਇਤਰਾਜ਼





ਓਟਵਾ, 21 ਜੁਲਾਈ (ਪੋਸਟ ਬਿਊਰੋ) : ਐਨਡੀਪੀ ਆਗੂ ਜਗਮੀਤ ਸਿੰਘ ਦਾ ਕਹਿਣਾ ਹੈ ਕਿ ਫੈਡਰਲ ਚੋਣਾਂ ਦੇ ਮੱਦੇਨਜ਼ਰ ਲਿਬਰਲਾਂ ਵੱਲੋਂ ਗੇਰਾਲਡ ਬੱਟਸ ਨੂੰ ਆਪਣੀ ਕੈਂਪੇਨ ਵਿੱਚ ਸ਼ਾਮਲ ਕਰਨ ਨਾਲ ਇੱਕ ਵਾਰੀ ਮੁੜ ਇਹ ਸਪਸ਼ਟ ਹੋ ਗਿਆ ਹੈ ਕਿ ਸੱਤਾਧਾਰੀ ਧਿਰ ਆਪਣੇ ਦੋਸਤਾਂ ਨੂੰ ਹੀ ਪਹਿਲ ਦਿੰਦੀ ਹੈ।

ਇੱਕ ਇੰਟਰਵਿਊ ਵਿੱਚ ਜਗਮੀਤ ਸਿੰਘ ਨੇ ਆਖਿਆ ਕਿ ਇਹ ਬਹੁਤ ਹੀ ਨਿਰਾਸ਼ਾਜਨਕ ਗੱਲ ਹੈ। ਇਸ ਨਾਲ ਲੋਕਾਂ ਵਿੱਚ ਇਹੋ ਸੁਨੇਹਾ ਜਾ ਰਿਹਾ ਹੈ ਕਿ ਲਿਬਰਲ ਪਾਰਟੀ ਬੜੀਆਂ ਹੀ ਇਤਰਾਜ਼ਯੋਗ ਤਰਜੀਹਾਂ ਉੱਤੇ ਆਪਣੇ ਫੈਸਲੇ ਲੈ ਰਹੀ ਹੈ। ਜ਼ਿਕਰਯੋਗ ਹੈ ਕਿ ਬੱਟਸ ਲੰਮੇਂ ਸਮੇਂ ਤੋਂ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੇ ਨਜ਼ਦੀਕੀ ਦੋਸਤ ਰਹੇ ਹਨ ਤੇ ਉਨ੍ਹਾਂ ਟਰੂਡੋ ਦੇ ਪ੍ਰਿੰਸੀਪਲ ਸਕੱਤਰ ਦੇ ਅਹੁਦੇ ਤੋਂ ਫਰਵਰੀ ਵਿੱਚ ਅਸਤੀਫਾ ਦੇ ਦਿੱਤਾ ਸੀ।

ਉਨ੍ਹਾਂ ਦਾ ਇਹ ਅਸਤੀਫਾ ਇਨ੍ਹਾਂ ਦੋਸ਼ਾਂ ਦੇ ਚੱਲਦਿਆਂ ਆਇਆ ਸੀ ਕਿ ਉਨ੍ਹਾਂ ਨੇ ਇੰਜੀਨੀਅਰਿੰਗ ਕੰਪਨੀ ਐਸਐਨਸੀ-ਲਾਵਾਲਿਨ ਖਿਲਾਫ ਲੱਗੇ ਭ੍ਰਿਸ਼ਟਾਚਾਰ ਤੇ ਫਰਾਡ ਦੇ ਦੋਸ਼ਾਂ ਨੂੰ ਰਫਾ ਦਫਾ ਕਰਨ ਲਈ ਤਤਕਾਲੀਨ ਅਟਾਰਨੀ ਜਨਰਲ ਜੋਡੀ ਵਿਲਸਨ ਰੇਅਬੋਲਡ ਉੱਤੇ ਅਸਿੱਧੇ ਤੌਰ ਉੱਤੇ ਦਬਾਅ ਪਾਇਆ ਸੀ। ਪਰ ਇਸ ਮਾਮਲੇ ਵਿੱਚ ਕਿਸੇ ਵੀ ਤਰ੍ਹਾਂ ਦੀ ਗੜਬੜੀ ਤੋਂ ਬੱਟਸ ਨੇ ਇਨਕਾਰ ਕੀਤਾ ਸੀ ਤੇ ਇਹ ਆਖਿਆ ਸੀ ਕਿ ਐਸਐਨਸੀ-ਲਾਵਾਲਿਨ ਮਾਮਲੇ ਵਿੱਚ ਉਨ੍ਹਾਂ ਸਰਕਾਰੀ ਕਾਰਵਾਈ ਦੇ ਦਾਇਰੇ ਤੋਂ ਬਾਹਰ ਕੁੱਝ ਵੀ ਨਹੀਂ ਕੀਤਾ। ਉਨ੍ਹਾਂ ਇਹ ਵੀ ਆਖਿਆ ਸੀ ਕਿ ਉਹ ਇਸ ਲਈ ਅਸਤੀਫਾ ਦੇ ਰਹੇ ਹਨ ਕਿਉਂਕਿ ਇਹ ਆਫਿਸ ਦੇ ਹਿੱਤ ਵਿੱਚ ਹੈ ਤੇ ਅਜਿਹਾ ਕਰਨਾ ਉਨ੍ਹਾਂ ਲਈ ਅਹਿਮ ਹੈ।

ਸੂਤਰਾਂ ਵੱਲੋਂ ਸ਼ਨਿੱਚਰਵਾਰ ਨੂੰ ਇਸ ਗੱਲ ਦੀ ਪੁਸ਼ਟੀ ਕੀਤੀ ਗਈ ਕਿ ਫੈਡਰਲ ਚੋਣ ਮੁਹਿੰਮ ਦੌਰਾਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਅਤੇ ਹੋਰ ਸੀਨੀਅਰ ਲਿਬਰਲ ਆਗੂਆਂ ਨੂੰ ਬੱਟਸ ਵੱਲੋਂ ਸਲਾਹ ਦਿੱਤੇ ਜਾਣ ਦੀ ਸੰਭਾਵਨਾ ਹੈ। ਲਿਬਰਲ ਰਣਨੀਤੀਕਾਰ ਜੌਨਾਥਨ ਸਕੌਟ ਨੇ ਆਖਿਆ ਕਿ ਉਨ੍ਹਾਂ ਨੂੰ ਨਹੀਂ ਲੱਗਦਾ ਕਿ ਕੈਂਪੇਨ ਸਟਾਫ ਦੇ ਪਿਛੋਕੜ ਨਾਲ ਵੋਟਰਾਂ ਨੂੰ ਕੋਈ ਫਰਕ ਪੈਂਦਾ ਹੈ। ਇਸ ਦੌਰਾਨ ਕੰਜ਼ਰਵੇਟਿਵਾਂ ਨੇ ਵੀ ਇਸ ਖਬਰ ਦਾ ਸਖ਼ਤ ਨੋਟਿਸ ਲਿਆ। ਐਮਪੀ ਪਿਏਰੇ ਪੋਲੀਵੀਅਰ ਨੇ ਆਖਿਆ ਕਿ ਬੱਟਸ ਨੂੰ ਮੁੜ ਕੈਂਪੇਨ ਵਿੱਚ ਸ਼ਾਮਲ ਕਰਨ ਦਾ ਮਤਲਬ ਹੈ ਕਿ ਉਸ ਦਾ ਅਸਤੀਫਾ ਆਪਣੇ ਬੌਸ ਨੂੰ ਬਚਾਉਣ ਲਈ ਸਿਰਫ ਅੱਖਾਂ ਪੂੰਝਣ ਲਈ ਕੀਤੀ ਗਈ ਕਾਰਵਾਈ ਹੀ ਸੀ।

# ਮੈਰੀਯੁਆਨਾ ਦੀ ਸਾਈਡਵਾਕ ਸੇਲ ਨੂੰ ਰੋਕਣ ਲਈ ਸੰਘਰਸ਼ ਕਰ ਰਹੀ ਹੈ ਟੋਰਾਂਟੋ ਪੁਲਿਸ



ਟੋਰਾਂਟੋ, 21 ਜੁਲਾਈ (ਪੋਸਟ ਬਿਊਰੋ) : ਇਸ ਵੀਕੈਂਡ ਵੀ ਟੋਰਾਂਟੋ ਪੁਲਿਸ ਸਰਵਿਸਿਜ਼ ਨੂੰ ਗੈਰਕਾਨੂੰਨੀ ਮੈਰੀਯੁਆਨਾ ਡਿਸਪੈਂਸਰੀਜ਼ ਦੇ ਬਾਹਰ ਮੈਰੀਯੁਆਨਾ ਦੀ ਸਾਈਡਵਾਕ ਸੇਲ ਨੂੰ ਰੋਕਣ ਲਈ ਸੰਘਰਸ਼ ਕਰਨਾ ਪਿਆ। ਅਜਿਹੀਆਂ ਗੈਰਕਾਨੂੰਨੀ ਡਿਸਪੈਂਸਰੀਜ਼ ਦੇ ਬੰਦ ਹੋਣ ਦੇ ਬਾਵਜੂਦ ਇਨ੍ਹਾਂ ਦੇ ਬਾਹਰ ਵਿਕਣ ਵਾਲੀ ਮੈਰੀਯੁਆਨਾ ਖਰੀਦਣ ਲਈ ਕਸਟਮਰਜ਼ ਇੱਕਠੇ ਹੋਣ ਤੋਂ ਪੁਲਿਸ ਕਾਫੀ ਪਰੇਸ਼ਾਨ ਹੈ।

ਵੀਕੈਂਡ ਉੱਤੇ ਕੈਫੇ ਦੇ ਨਾਂ ਨਾਲ ਚਲਾਈਆਂ ਜਾ ਰਹੀਆਂ ਚਾਰ ਗੈਰਕਾਨੂੰਨੀ ਡਿਸਪੈਂਸਰੀਆਂ ਉੱਤੇ ਟੋਰਾਂਟੋ ਪੁਲਿਸ ਵੱਲੋਂ ਛਾਪੇ ਮਾਰੇ ਗਏ। ਇਨ੍ਹਾਂ ਕੈਫੇਜ਼ ਦਾ ਸਟਾਫ ਦੁਬਾਰਾ ਇਨ੍ਹਾਂ ਗੈਰਕਾਨੂੰਨੀ ਡਿਸਪੈਂਸਰੀਆਂ ਨੂੰ ਨਾ ਖੋਲ੍ਹ ਸਕੇ ਇਸ ਲਈ ਪੁਲਿਸ ਨੇ ਇਮਾਰਤਾਂ ਦੀ ਐਂਟਰੈਂਸ ਉੱਤੇ ਕੰਕਰੀਟ ਦੇ ਵੱਡੇ ਵੱਡੇ ਬਲਾਕ ਵੀ ਰੱਖ ਦਿੱਤੇ। ਪੁਲਿਸ ਨੇ ਆਖਿਆ ਕਿ ਉਨ੍ਹਾਂ ਨੂੰ ਇਹ ਸ਼ਿਕਾਇਤ ਮਿਲੀ ਸੀ ਕਿ ਫੋਰਡ ਯੌਰਕ ਬੋਲੀਵੀਆਰਡ ਵਾਲੀ ਕੈਫੇ ਲੋਕੇਸ਼ਨ ਦੇ ਬਾਹਰ ਕਈ ਲੋਕ ਨਸ਼ੀਲੇ ਪਦਾਰਥ ਵੇਚ ਰਹੇ ਹਨ।

...ਬਾਕੀ ਪੰਨਾ 6 'ਤੇ

# ਭਾਰਤ ਦੀ ਹਿਮਾ ਦਾਸ ਨੇ 20 ਦਿਨਾਂ ਵਿੱਚ 5 ਗੋਲਡ ਮੈਡਲ ਜਿੱਤੇ



ਨਵੀਂ ਦਿੱਲੀ, 21 ਜੁਲਾਈ, (ਪੋਸਟ ਬਿਊਰੋ)- ਭਾਰਤ ਦੀ ਫੱਰਾਟਾ ਦੌੜਾਕ ਹਿਮਾ ਦਾਸ 20 ਦਿਨਾਂ ਵਿੱਚ ਭਾਰਤ ਨੂੰ 400 ਅਤੇ 200 ਮੀਟਰ ਦੌੜ ਵਿੱਚ 5ਵਾਂ ਸੋਨ ਤਗਮਾ ਦਿਵਾਉਣ ਨਾਲ ਸ਼ਾਬਾਸ਼ੀਆਂ ਦੀ ਸਿਖਰ ਉੱਤੇ ਹਨ। ਉਨ੍ਹਾਂ ਨੇਕੌਮਾਂਤਰੀ ਦੌੜ ਵਿੱਚ ਭਾਰਤ ਦੀ ਅਗਵਾਈ ਕਰਦਿਆਂ ਇਹ ਰਿਕਾਰਡ ਬਣਾਇਆ ਹੈ।

ਚੈੱਕ ਗਣਰਾਜ ਵਿੱਚ ਚੱਲ ਰਹੀ ਟੈਬੋਰ ਐਥਲੈਟਿਕਸ ਮੀਟ ਵਿੱਚਅੱਜ ਉਨ੍ਹਾਂ ਨੇ ਪੰਜਵਾਂ ਗੋਲਡ ਮੈਡਲ ਆਪਣੇ ਨਾਂ ਕੀਤਾ ਹੈ। ਹਿਮਾ ਦਾਸ ਨੇ 23.25 ਸੈਕਿੰਡ ਨਾਲ ਇਹ ਦੌੜ ਜਿੱਤੀ ਹੈ। ਇਸ ਤੋਂ ਪਹਿਲਾਂ 19 ਸਾਲਾ ਹਿਮਾ ਦਾਸ ਨੇ ਇਸੇ ਮਹੀਨੇ ਵੱਖ-ਵੱਖ ਅੰਤਰਰਾਸ਼ਟਰੀ ਟੂਰਨਾਮੈਂਟਾਂ ਵਿੱਚਚਾਰ ਗੋਲਡ ਮੈਡਲ ਜਿੱਤੇ ਸਨ। ਹਿਮਾ ਨੇ ਖ਼ੁਦ ਟਵੀਟ ਕਰ ਕੇ ਇਸ ਬਾਰੇ ਖੁਦ ਵੀ ਲੋਕਾਂ ਨਾਲ ਜਾਣਕਾਰੀ ਸਾਂਝੀ ਕੀਤੀ ਅਤੇ ਆਪਣੀ ਸੈਲਰੀ ਦਾ ਅੱਧਾ ਹਿਸਾ ਅਸਾਮ ਵਿੱਚ ਆਏ ਹੜ੍ਹਾਂਨਾਲ ਪ੍ਰਭਾਵਤ ਲੋਕਾਂ ਲਈ ਰਿਲੀਫ਼ ਫੰਡ ਵਿੱਚ ਦੇ ਦਿੱਤਾ ਹੈ। ਉਸ ਦੇ ਇਸ ਫ਼ੈਸਲੇ ਦੀ ਪੂਰੇ ਦੇਸ਼ ਵਿੱਚ ਸ਼ਲਾਘਾ ਹੋਈ ਹੈ।

ਭਾਰਤ ਦੀ ਸਟਾਰ ਅਥਲੀਟ ਹਿਮਾ ਦਾਸ ਨੇ ਅੱਜਕੱਲ੍ਹ ਆਪਣੇ ਗੋਲਡ ਮੈਡਲਾਂ ਦੇ ਨਾਲ ਧੂੰਮ ਮਚਾ ਰਹੀ ਹੈ। ਉਸ ਨੇ ਇਕੋ ਮਹੀਨੇ ਵਿਚ ਪੰਜ ਗੋਲਡ ਮੈਡਲ ਆਪਣੇ ਨਾਂ ਕਰ ਲਏ ਹਨ। ਇਸ ਪ੍ਰਾਪਤੀ ਉੱਤੇ ਰਾਸ਼ਟਰਪਤੀ ਰਾਮਨਾਥ ਕੋਵਿੰਦ ਨੇ ਹਿਮਾ ਦਾਸ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਤੁਸੀਂ ਸ਼ਾਨਦਾਰ ਖੇਡ ਰਹੇ ਹੋ, ਇਹ ਹੀ ਪ੍ਰਦਰਸ਼ਨ ਦੁਹਰਾਉਂਦੇ ਰਹੋ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵੀ ਕਿਹਾ ਕਿ ਹਿਮਾ ਦੀਆਂ ਪ੍ਰਾਪਤੀਆਂ ਉੱਤੇਸਾਰੇ ਦੇਸ਼ ਨੂੰ ਮਾਣ ਹੈ। ਹਰ ਕੋਈ ਇਸ ਗੱਲ ਤੋਂ ਖ਼ੁਸ਼ ਹੈ ਕਿ ਹਿਮਾ ਨੇ ਵੱਖ-ਵੱਖ ਟੂਰਨਾਮੈਂਟਾਂ ਵਿਚ ਪੰਜ ਗੋਲਡ ਮੈਡਲ ਜਿੱਤੇ ਹਨ। ਉਨ੍ਹਾਂ ਨੂੰ ਵਧਾਈ ਅਤੇ ਭਵਿੱਖ ਦੇ ਲਈ ਕੋਸ਼ਿਸ਼ਾਂ ਲਈ ਸ਼ੁੱਭ-ਕਾਮਨਾਵਾਂ। ਹਿਮਾ ਦਾਸ ਦੇ ਪ੍ਰਦਰਸ਼ਨ ਬਾਰੇ ਉਨ੍ਹਾਂ ਦੇ ਕੋਚ ਨਿਪੁਣ ਦਾਸ ਨੇ ਕਿਹਾ ਕਿ ਹਿਮਾ ਆਪਣੀ ਇਸ ਸ਼ਾਨਦਾਰ ਲੈਅ ਨੂੰ ਟੋਕੀਓ ਓਲੰਪਿਕ ਵਿਚ ਵੀ ਜਾਰੀ ਰੱਖੇਗੀ।

Best Insurance Rates
Auto - Home - Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth
Axcel Insurance Brokers Ltd.
Address: 1550 South Gateway Rd. Suite 220 Mississauga, ON L4W 5G6

AUTO & HOME INSURANCE
Super visa Insurance
Life & Disability
Critical illness
RESP
Visitor & Travel insurance
All Care Insurance Inc. (416-845-1352) Manwinder Mangat Broker
Axcel InsuranceBrokers Ltd. 1332 Khalsa Dr, Unit # 11, Mississauga, ON L5S 0A2

HELPING YOUR PLAN TODAY......FOR TOMORROW
Supervisa / Visitor Insurance
Life / Mortgage/Funeral Insurance
Disability Insurance
Critical Illness Insurance
RESP / RRSP
JATINDERBIR S BAJWA Insurance Broker
Dir: 647-928-4990 www.ufsinsurance.com
# 25-831 Bovaird Dr. W. Brampton,ON,L6X0T9

JOSHI LAW OFFICE
Barrister, Solicitor & Notary Public
info@joshilawoffice.com | joshilawoffice.com
Immigration
Real Estate / Commercial Law
Affidavit / Power of Attorney
6921 Steels Ave. W. Unit 11, Etobicoke, ON
Rakesh M. Joshi B.A., LL.B
416-213-8600

ALLKIND INSURANCE — NOW HIRING !!!
SUPER VISA INSURANCE
VISITOR INSURANCE
LIFE INSURANCE • MORTGAGE INSURANCE
CRITICAL ILLNESS INS • DISABILITY INSURANCE
TRAVEL INS • FUNERAL INSURANCE
RESP & TFSA & RRSP
SIMRAN SAINI 416.994.7272
www.allkindinsurance.com

INSURANCE
Home | Auto
Business | Trucking
Life Insurance | Commercial
647-206-2452 Sukhwinder K Singh
CONNEX 7050A Bramalea Rd, Unit # 13, Mississauga, ON L5S 1T1

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.405.0648
info@atozpestcontroltoronto.com | www.atozpestcontroltoronto.com

Law Office of Aman Sharma
Real Estate - Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
Aman Sharma
4515 Ebenezer Rd, Suite 211, Brampton, Ontario L6P2K7
Open Saturday
Providing excellent quality legal services to our clients

GOEL TRAVEL
Low Rates Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜਰੂਰ ਕਰੋ
ਗੋਇਲ ਟਰੈਵਲ
Tico # 50021780
905.796.7500
900 Raylawson Blvd. Unit # 6, Brampton

Canada Consumer Credit Assistance ਕਰਜ਼ਾ ਰਹਿਤ ਜਿੰਦਗੀ ਜੀਓ
ਪਾਵਰ ਆਫ ਸੇਲ ਨੋਟਿਸ ?
ਗਾਰਨਿਸ਼ਮੈਂਟ?
ਬੈਂਕ ਵਲੋਂ ਪੈਸੇ ਦੀ ਮੰਗ ?
ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ,
ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
ਕਰਜ਼ੇ ਦੀ ਸਿਰਦਰਦੀ ?
Late Evening and Weekends Appointments Available
1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100
Unit #20 - 7015 Tranmere Drive Mississauga, ON L5S 1T7

Super Visa Insurance
Visitor Visa Insurance
Travel Insurance
Student Insurance
New Immigrant 90 Days Med. Insurance
Punjab Insurance Inc
www.punjabinsurance.com
Sherjang Singh Rana 416.910.9000 rana@punjabinsurance.ca
10-7003 Steeles Ave. West, Etobicoke, ON M9W 0A2
Harpreet Rana 416.871.3571 harpreetrana@punjabinsurance.ca

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks / Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
Avon Financial Inc. Brokerage Lic. 12538
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

ਨਵਾਂ ਘਾਹ ਲਵਾਉ | 647-784-1213
www.aaalandscaping.ca
1 ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2 ਏਰੀਆ ਨੂੰ ਲੈਵਲ ਕਰਨਾ ਅਤੇ ਮਿੱਟੀ ਰਲਾਉਣੀ
3 ਨਵਾਂ ਘਾਹ ਲਵਾਉ
4 ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

Royal Pest Control
Residential Commercial Industrial
Specialist in Bedbugs Service
All Pest Control :
Mouse & Rats • Spiders & Fleas • Bedbugs • Wasps
Cockroaches • Carpenter Ants • Silver Fish • Racoons
Call : PARESH PATEL (Government Approved Licensed Technician)
416 938 4598

KELLEY LAW OFFICE
Immigration | Real Estate
Family Law | Business Closing
Corporate | Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
ਇਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਹਲਫ਼ੀਆ ਬਿਆਨ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ
1200 Derry Road E, #15, Mississauga, ON L5T 0B3
Shinder Kelley
905-362-0755

ਕੀ ਤੁਸੀ ਕਾਕਰੋਚ, ਚੂੱਹੇ, ਕਿੜੇ-ਮੁਕੌੜਿਆਂ ਤੋ ਪਰੇਸ਼ਾਨ ਹੋ ਤੇ ਬੈਡ ਬੱਗਾਂ ਨੇ ਤੁਹਾਡੀ ਰਾਤਾਂ ਦੀ ਨਿੰਦ੍ਹ ਖਰਾਬ ਕੀਤੀ ਹੋਈ ਹੈ?
ਟਰੀਟਮੈਂਟ ਕਰਵਾਈ ਸੀ ਪਰ ਬਣੀ ਨੀ ਗੱਲ? ਤਾਂ ਘਬਰਾਓ ਨਾ ਟਰਾਂਟੋ ਪੈਸਟ ਅਰੈਸਟ ਵਾਲੇ ਕਰਨਗੇ ਪੱਕਾ ਹਲ !
Toronto Pest Arrest
Pest Control Services Residential /Commercial/Industrial
ਕਾਲ ਕਰੋ: 647-515-8000
ਘੱਟ ਕੀਮਤ ਦੀ ਨਹੀ, ਪਰ ਸਿੱਕੇ ਬੰਦ ਕੰਮ ਦੀ ਗਰੰਟੀ ਹੈ
*Insured & Licensed

SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾਂ ਦਾ ਲਾਭ ਉਠਾਓ
Custom Kitchen Cabinets • Completly Furnished Legal Basement • Painting & Flooring
ਵਾਜਿਬ ਕੀਮਤ ਤੇ ਸਮੇਂ ਸਿਰ ਕੰਮ
Jaswant Sehmbi: 647.524.0885


INTERMODAL DIVISION OF EVCRO INC
WANTED! OWNER OPERATORS
Qualifications: Minimum 2 years experience, Minimum 21 years of age with a clean abstract & CVOR.
Payment Weekly
Direct Deposit
Safety Bonus Program
Fuel surcharge paid
Container division paid per mile (additional paid on train units).
New rates!!!!
Call Matt, or Wayne at 1-800-265-8526

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
Protect yourself & your family from the Pests
AFFORDABLE & RELIABLE
KSG Pest Control Inc. 647.990.3205
www.ksgpestcontrol.ca ksgpestcontrol@gmail.com
Amarjeet Singh Gill Certified & Licenced Exterminator

MANN LAW FIRM
Real Estate Law • Business Law
Wills & Estates • Family Law
Power of Attorney • Civil Litigation
Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333 www.mannlawfirm.ca

# Dr. Randhawa Dentistry



*Your own dentist who really cares for you*

**We Provide the following Services:**

- Dental Crowns, Veneers & Bridges
- Dental Fillings & Gum Treatment
- Root Canal (RCT), Dentures, Extraction
- Kids Dentistry
- Wisdom Tooth Surgery
- Invisalign (Invisible Braces)
- Digital X-Rays System
- Teeth Cleaning & Whitening
- Cosmetic Dental Treatment


**Dr. Samreet Kaur Randhawa**
General Family Dentist

New Patients welcome
Deal Directly with all Insurance Companies

- ਸੀਨੀਅਰ ਡਿਸਕਾਊਂਟ
- ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
- ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ

**NEW LOCATION**
10 SQUIRE ELLIS DR, UNIT 5-6
BRAMPTON, ON L6P 4K6
(MAJOR INTERSECTION: GORE RD/MAYFIELD)
Tel :905-794-5111

INVISALIGN & BRACES INCLUDING CLEAR BRACES
Invisible Braces ਜਿਹੜੀਆਂ ਕਿ ਦੂਰੋਂ ਨਜ਼ਰ ਨਹੀਂ ਆਉਂਦੀਆਂ
Show Your Smile More With Invisible Braces!



**FIRST LOCATION**
DENTISTRY @ BONNIE BRAES
50 CHESTERWOOD CRES, UNIT 2
BRAMPTON, ON L6Y 0Z4
(OPP. CHRUCHVILLE PUBLIC SCHOOL, JAMES POTTER / BONNIE BRAES INTERSECTION)
Tel : 905-230-9044

Mayfield Rd
Mcvean Dr
Gore Rd
DENTISTRY
Squire Ellis Dr
Countryside Dr



# APEX
CONCRETE & LANDSCAPE
RESIDENTIAL & COMMERCIAL

Add Value to your Home by Offering Beautiful High Quality Landscaping and Concrete Work at an Affordable Prize

FREE ESTIMATE
Limited Life Time Warranty

- STAMP CONCRETE
- PLAIN CONCRETE
- STEPS/SIDE ENTRANCE
- INTERLOCK
- LAND SCAPE
- SODING
- DRIVEWAY
- SIDEWALK
- PATIO

**647-575-6102**
Email: apexconstruc16@gmail.com



Laddi





# SASH FLEET HOLDING LTD
Established since 2007

**NOW HIRING!!!**
AZ DRIVERS FOR US

- 3 or more years' experience
- Good pay 6,000 to 7,000/month
- Pay Bi-weekly.
- No waiting for freight.
- Direct customers
- Good new Equipment



**HIRING!!! Operations Manager**

- Pay as per the experience plus benefits after 3 month.
- Must have (4) or more years' experience working with freight brokers in the freight business or Sound links or network for Canadian & US freight.

Send all resume to recuit@sashts.com



# TOTAL HOME Windows & Doors

ਮੰਨ ਪਸੰਦ ਦੀਆਂ ਖਿੜਕੀਆਂ ਤੇ ਦਰਵਾਜੇ ਲਗਵਾਓ ਤੇ ਢੇਰ ਸਾਰੀ ਬਚਤ ਪਾਓ!

**SPECIAL SUMMER SALE**

Guaranteed lowest Price up to 50% OFF

- WINDOWS
- STEEL DOORS
- FIBERGLASS DOORS
- SLIDING PATIO DOORS

- ਸਹੀ ਅਤੇ ਵਾਜਿਬ ਕੀਮਤ
- ਵਧੀਆ ਕੁਆਲਟੀ
- ਪ੍ਰੋਫੈਸ਼ਨਲ ਕੰਮ
- ਨੰਬਰ 1 ਸਰਵਿਸ



ਵਧੇਰੀ ਜਾਣਕਾਰੀ ਲਈ ਸਾਡੀ ਵੇਬਸਾਈਟ ਦੇਖੋ
https://thwindowsdoors.com

Phone: 416-661-6666 | Toll Free: 1-855-550-0610
7250 Keele street, Unit 167, Vaughan, ON. L4K 1Z8
Email: info@thwindowsdoors.com | Web: thwindowsdoors.com



# TCMPLUS
**10 YEARS' FAMOUS TRADITIONAL CHINESE MEDICINE CLINIC**

Herbal and Acupuncture.
Treat your roots, Real Result "NO FAKE".

**WE TREAT:**

- Diabetes
- Low Energy
- Depression
- Anxiety
- Gout
- Disc Pain
- Prostatitis
- High Blood Pressure
- Cron's Disease
- Colitis
- Stress
- Acid Reflux
- Digestive
- Sleep Disorder



1st Month Discount

**FREE CONSULTATION:** **905-415-6999**
30 Wertheim court, Unit 11, Richmond Hill






chatr AUTHORIZED DEALER

379 Main St. North, Brampton, ON
905-451-0379
2456 Lake shore Blvd W., Etobicoke, ON

Taxes extra. Offer subject to change without notice. Get up to 1GB of data on the Talk, Text and Data Plan. Once you reach your 3G speed data allotment, your data speed will be reduced until your next anniversary date. ™ Trademarks used under license ©2019

## ਅ ਅੱਜ ਨਾਮਾ

ਗਲ਼ ਗਏ ਪਏ ਟਮਾਟਰ ਤਾਂ ਖਾਣ ਚੂਹੇ,
ਲੋਕਾਂ ਵਾਸਤੇ ਮਹਿੰਗੇ ਹਨ ਹੋਏ ਮੀਆਂ।
ਲੱਭਦੇ ਨਹੀਂ ਬਾਜ਼ਾਰ ਵਿੱਚ ਜਾਣ ਉੱਤੇ,
ਬਲੈਕੀਆਂ ਪਏ ਨੇ ਸਭ ਲੁਕੋਏ ਮੀਆਂ।
ਹੱਟੀ ਵਾਲੇ ਹਨ ਬਹੁੜੀਆਂ ਪਾਏ ਜਾਂਦੇ,
ਖਰੀਦਣ ਵਾਲੇ ਨੇ ਜਾਪਦੇ ਰੋਏ ਮੀਆਂ।
ਚੋਰਾਂ-ਅਫਸਰਾਂ ਦੀ ਕਹਿੰਦੇ ਸਾਂਝ ਪੱਕੀ,
ਮਿਲ ਕੇ ਜਾਂਦੇ ਕਈ ਧੋਵਣੇ ਧੋਏ ਮੀਆਂ।
ਮੁੱਕਿਆ ਮੰਡੀ 'ਚੋਂ ਕਦੀ ਪਿਆਜ਼ ਹੁੰਦਾ,
ਮੁੱਕਦੀ ਕਦੇ ਕੋਈ ਚੀਜ਼ ਹੈ ਹੋਰ ਮੀਆਂ।
ਚੋਰਾਂ ਨਾਲ ਪੁਗਾਉਂਦੇ ਨੇ ਆੜੀਆਂ ਉਹ,
ਜਿਹੜੇ ਹੱਥੀਂ ਹੈ ਵਤਨ ਦੀ ਡੋਰ ਮੀਆਂ।

**ਤੀਸ ਮਾਰ ਖਾਂ**

# ਐਨਡੀਪੀ ਨੇ ਜਗਮੀਤ ਸਿੰਘ ਦੁਆਰਾ ਲਾਏ ਇਲਜ਼ਾਮ ਨੂੰ ਸਟਾਫ ਦੀ ਗਲਤੀ ਦੱਸਿਆ



ਓਟਵਾ, 21 ਜੁਲਾਈ (ਪੋਸਟ ਬਿਊਰੋ) : ਐਨਡੀਪੀ ਆਗੂ ਜਗਮੀਤ ਸਿੰਘ ਨੇ ਸ਼ੁੱਕਰਵਾਰ ਨੂੰ ਸੀਬੀਸੀ ਦੀ ਪੱਤਰਕਾਰ ਉੱਤੇ ਇਹ ਦੋਸ਼ ਲਾਇਆ ਕਿ ਡਰੰਮਡਵਿੱਲੇ, ਕਿਊਬਿਕ ਦੇ ਇੱਕ ਮਾਲ ਵਿੱਚ ਉਨ੍ਹਾਂ ਦੀ ਪੱਗ ਬਾਰੇ ਇੱਕ ਮਹਿਲਾ ਨਾਲ ਹੋਈ ਗੱਲਬਾਤ ਦੇ ਹਵਾਲਿਆਂ ਨੂੰ ਉਸ ਨੇ ਆਪਣੇ ਆਰਟੀਕਲ ਵਿੱਚ ਜਾਣਬੁੱਝ ਕੇ ਅੱਧਵਿਚਾਲੇ ਛੱਡ ਦਿੱਤਾ। ਜ਼ਿਕਰਯੋਗ ਹੈ ਕਿ ਇਹ ਹਵਾਲੇ ਆਰਟੀਕਲ ਦੇ ਅੰਤ ਵਿੱਚ ਦਿੱਤੇ ਗਏ ਸਨ।

ਬਾਅਦ ਵਿੱਚ ਇਸ ਟਵੀਟ ਨੂੰ ਡਲੀਟ ਕਰ ਦਿੱਤਾ ਗਿਆ। ਜਗਮੀਤ ਸਿੰਘ ਦੇ ਬੁਲਾਰੇ ਨੇ ਹੱਫਪੋਸਟ ਕੈਨੇਡਾ ਨੂੰ ਦੱਸਿਆ ਕਿ ਇਹ ਉਨ੍ਹਾਂ ਦੇ ਸਟਾਫਰ ਵੱਲੋਂ ਕੀਤੀ ਗਈ ਗਲਤੀ ਸੀ। ਮੇਲਾਨੀ ਰਿਚਰ ਨੇ ਆਪਣੀ ਈਮੇਲ ਵਿੱਚ ਲਿਖਿਆ ਕਿ ਉਨ੍ਹਾਂ ਨੂੰ ਇਸ ਗੱਲ ਦਾ ਅਹਿਸਾਸ ਨਹੀਂ ਸੀ ਕਿ ਉਹ ਜਗਮੀਤ ਸਿੰਘ ਦੇ ਅਕਾਊਂਟ ਉੱਤੇ ਹਨ, ਉਨ੍ਹਾਂ ਨੂੰ ਲੱਗਿਆ ਕਿ ਉਹ ਆਪਣੇ ਅਕਾਊਂਟ ਉੱਤੇ ਟਵੀਟ ਕਰ ਰਹੇ ਹਨ।

ਦੂਜੇ ਪਾਸੇ ਸੀਬੀਸੀ ਵੱਲੋਂ ਇਹ ਰਿਪੋਰਟ ਦਿੱਤੀ ਗਈ ਕਿ ਜਗਮੀਤ ਸਿੰਘ ਦੀ ਇੱਕ ਮਹਿਲਾ ਨਾਲ ਹੋਈ ਗੱਲਬਾਤ ਵਿੱਚ ਉਸ ਨੇ ਉਨ੍ਹਾਂ ਦੀ ਪੱਗ ਦੇ ਰੰਗ ਦੀ ਸਿਫਤ ਕੀਤੀ ਤੇ ਆਖਿਆ ਕਿ ਉਹ ਉਨ੍ਹਾਂ ਉੱਤੇ ਬਹੁਤ ਜਚ ਰਹੀ ਹੈ। ਇਸ ਮਗਰੋਂ ਜਗਮੀਤ ਸਿੰਘ, ਜੋ ਕਿ ਸਿੱਖ ਹਨ, ਨੇ ਉਸ ਮਹਿਲਾ ਨੂੰ ਹਾਈ ਫਾਈਵ ਕੀਤਾ। ਫੈਡਰਲ ਚੋਣਾਂ ਤੋਂ ਪਹਿਲਾਂ ਜਗਮੀਤ ਸਿੰਘ ਵੱਲੋਂ ਗਰਮੀਆਂ ਦੇ ਇਸ ਮੌਸਮ ਵਿੱਚ ਕੀਤੇ ਗਏ ਇਸ ਟੂਰ ਬਾਰੇ ਕੀਤੀ ਗਈ ਇਸ ਸਟੋਰੀ ਦਾ ਇਹ ਕਿੱਸਾ ਵੀ ਹਿੱਸਾ ਹੈ। ਇਸ ਦੌਰੇ ਨਾਲ ਪਾਰਟੀ ਨੂੰ ਆਪਣੇ ਸਮਰਥਨ ਵਿੱਚ ਵਾਧੇ ਦੀ ਆਸ ਹੈ।

ਪਰ ਇੰਜ ਲੱਗਦਾ ਹੈ ਕਿ ਐਨਡੀਪੀ ਆਗੂ ਇਸ ਸੱਭ ਕਾਸੇ ਤੋਂ ਬੇਫਿਕਰ ਹਨ। ਇਸ ਹਫਤੇ ਸ਼ੇਰਬਰੁੱਕ, ਕਿਊਬਿਕ ਵਿੱਚ ਇੱਕ ਥਾਂ ਉੱਤੇ ਰੁਕਣ ਦੌਰਾਨ ਜਗਮੀਤ ਸਿੰਘ ਨੇ ਆਖਿਆ ਕਿ ਪ੍ਰੋਵਿੰਸ ਵਿੱਚ ਪਾਰਟੀ ਨੂੰ ਮਿਲ ਰਹੇ ਸਮਰਥਨ ਨੂੰ ਲੈ ਕੇ ਉਹ ਚਿੰਤਤ ਨਹੀਂ ਹਨ। ਉਨ੍ਹਾਂ ਆਖਿਆ ਕਿ ਉਨ੍ਹਾਂ ਨੂੰ ਲੱਗਦਾ ਹੈ ਕਿ ਉਨ੍ਹਾਂ ਦੀ ਪਾਰਟੀ ਨੂੰ ਇੱਥੇ ਕਾਫੀ ਸਮਰਥਨ ਤੇ ਪਿਆਰ ਮਿਲ ਰਿਹਾ ਹੈ। ਸਾਡੇ ਕੋਲ 14 ਐਮਪੀਜ਼ ਹਨ ਤੇ ਇਸ ਲਈ ਸਾਨੂੰ ਕਾਫੀ ਕੰਮ ਕਰਨ ਦੀ ਲੋੜ ਹੈ। ਸਾਡੇ ਉਮੀਦਵਾਰਾਂ ਨੇ ਆਪਣੀਆਂ ਕਮਿਊਨਿਟੀਜ਼ ਵਿੱਚ ਕਾਫੀ ਕੰਮ ਕੀਤਾ ਹੋਇਆ ਹੈ। ਉਨ੍ਹਾਂ ਚੇਤੇ ਕਰਵਾਇਆ ਕਿ 2011 ਦੀਆਂ ਚੋਣਾਂ ਤੋਂ ਪਹਿਲਾਂ ਕਿਸ ਤਰ੍ਹਾਂ ਮਰਹੂਮ ਐਨਡੀਪੀ ਆਗੂ ਜੈੱਕ ਲੇਯਟਨ ਨੂੰ ਵੀ ਪੋਲ ਸਰਵੇਖਣਾਂ ਵਿੱਚ ਪਛੜਿਆ ਦਿਖਾਇਆ ਜਾ ਰਿਹਾ ਸੀ ਪਰ ਕਿਊਬਿਕ ਵਿੱਚ ਪਾਰਟੀ ਨੇ ਕਿਸ ਤਰ੍ਹਾਂ ਸੰਤਰੀ ਰੰਗ ਦੀ ਲਹਿਰ ਲਿਆ ਦਿੱਤੀ ਸੀ।

ਸਾਬਕਾ ਕ੍ਰਿਮੀਨਲ ਡਿਫੈਂਸ ਲਾਯਰ ਤੇ ਓਨਟਾਰੀਓ ਤੋਂ ਐਮਪੀਪੀ, ਨੇ ਦੋ ਸਾਲ ਪਹਿਲਾਂ ਉਸ ਸਮੇਂ ਇਤਿਹਾਸ ਰਚ ਦਿੱਤਾ ਸੀ ਜਦੋਂ ਉਹ ਐਨਡੀਪੀ ਦੀ ਲੀਡਰਸ਼ਿਪ ਦੌੜ ਜਿੱਤ ਕੇ ਕਿਸੇ ਕੈਨੇਡੀਅਨ ਫੈਡਰਲ ਪਾਰਟੀ ਦੀ ਵਾਗਡੋਰ ਸਾਂਭਣ ਵਾਲੇ ਏਸ਼ੀਆਈ ਮੂਲ ਦੇ ਪਹਿਲੇ ਵਿਅਕਤੀ ਬਣ ਗਏ ਸਨ।

# ਵਿਦੇਸ਼ੀ ਜੇਲ੍ਹਾਂ ਵਿੱਚ 8,189 ਭਾਰਤੀ ਕੈਦੀ ਬੰਦ

ਨਵੀਂ ਦਿੱਲੀ, 21 ਜੁਲਾਈ (ਪੋਸਟ ਬਿਊਰੋ)- ਭਾਰਤ ਦੇ ਵਿਦੇਸ਼ ਰਾਜ ਮੰਤਰੀ ਵੀ. ਮੁਰਲੀਧਰਨ ਨੇ ਕੱਲ੍ਹ ਦੱਸਿਆ ਹੈ ਕਿ ਉਨ੍ਹਾਂ ਕੋਲ ਮੌਜੂਦ ਜਾਣਕਾਰੀ ਅਨੁਸਾਰ 31 ਮਈ 2019 ਤੱਕ ਵਿਦੇਸ਼ੀ ਜੇਲ੍ਹਾਂ ਵਿੱਚ 8,189 ਭਾਰਤੀ ਕੈਦੀ ਬੰਦ ਸਨ। ਇਨ੍ਹਾਂ ਵਿੱਚ ਵਿਚਾਰ ਅਧੀਨ ਕੈਦੀ ਵੀ ਸ਼ਾਮਲ ਹਨ। ਰਾਜ ਸਭਾ ਵਿੱਚ ਇਕ ਪ੍ਰਸ਼ਨ ਦੇ ਲਿਖਤੀ ਜਵਾਬ ਵਿੱਚ ਮੁਰਲੀਧਰਨ ਨੇ ਦੱਸਿਆ ਕਿ ਸਾਊਦੀ ਅਰਬ ਦੀਆਂ ਜੇਲ੍ਹਾਂ ਵਿੱਚ 1,811 ਭਾਰਤੀ ਕੈਦੀ ਹਨ। ਯੂ ਏ ਈ ਦੀਆਂ ਜੇਲ੍ਹਾਂ ਵਿੱਚ 1,392 ਅਤੇ ਨੇਪਾਲ ਦੀਆਂ ਜੇਲ੍ਹਾਂ ਵਿੱਚ 1,160 ਭਾਰਤੀ ਕੈਦੀ ਹਨ। ਵਿਦੇਸ਼ ਰਾਜ ਮੰਤਰੀ ਅਨੁਸਾਰ ਪਾਕਿਸਤਾਨ ਦੀਆਂ ਜੇਲ੍ਹਾਂ ਵਿੱਚ 48 ਭਾਰਤੀ ਕੈਦੀਆਂ ਦੇ ਬੰਦ ਹੋਣ ਦੀ ਸੂਚਨਾ ਹੈ। ਉਨ੍ਹਾਂ ਦੱਸਿਆ, 'ਕਈ ਦੇਸ਼ਾਂ ਵਿੱਚ ਨਿੱਜਤਾ ਦੇ ਸਖਤ ਕਾਨੂੰਨਾਂ ਕਾਰਨ ਸਥਾਨਕ ਅਧਿਕਾਰੀਆਂ ਵੱਲੋਂ ਕੈਦੀਆਂ ਬਾਰੇ ਜਾਣਕਾਰੀ ਉਦੋਂ ਤੱਕ ਨਹੀਂ ਦਿੱਤੀ ਜਾਂਦੀ ਜਦੋਂ ਤੱਕ ਸਬੰਧਤ ਵਿਅਕਤੀ ਇਹ ਦੱਸਣ ਦੀ ਸਹਿਮਤੀ ਨਹੀਂ ਦਿੰਦਾ। ਇਥੋਂ ਤੱਕ ਕਿ ਜਾਣਕਾਰੀ ਦੇਣ ਵਾਲੇ ਮੁਲਕ ਵੀ ਆਮ ਤੌਰ ਉੱਤੇ ਬੰਦੀ ਬਣਾਏ ਵਿਦੇਸ਼ੀਆਂ ਬਾਰੇ ਖਾਸ ਜਾਣਕਾਰੀ ਨਹੀਂ ਦਿੰਦੇ।'



# ਫੇਸਬੁਕ, ਗੂਗਲ ਆਦਿ ਕੰਪਨੀਆਂ ਨੂੰ ਟੈਕਸ ਲਗਾਉਣ ਉੱਤੇ ਜੀ-7 ਵਿੱਤ ਮੰਤਰੀ ਸਹਿਮਤ : ਫਰਾਂਸ

ਚੈਂਟਿਲੀ (ਫਰਾਂਸ), 21 ਜੁਲਾਈ (ਪੋਸਟ ਬਿਊਰੋ)- ਫਰਾਂਸ ਵਿੱਚ ਵਿਕਸਿਤ ਦੇਸ਼ਾਂ ਦੇ ਸਮੂਹ ਜੀ-7 ਵਿੱਤ ਮੰਤਰੀਆਂ ਦੀ ਬੈਠਕ ਵਿੱਚ ਫੇਸਬੁਕ ਅਤੇ ਗੂਗਲ ਵਰਗੀਆਂ ਡਿਜੀਟਲ ਕੰਪਨੀਆਂ ਦੇ ਲਈ ਟੈਕਸ ਲਗਾਉਣ ਦੀ ਯੋਜਨਾ 'ਤੇ ਸਹਿਮਤੀ ਪ੍ਰਗਟਾਈ। ਇਸ ਦੇ ਤਹਿਤ ਅਜਿਹੀਆਂ ਕੰਪਨੀਆਂ 'ਤੇ ਘੱਟ ਤੋਂ ਘੱਟ ਟੈਕਸ ਲਾਇਆ ਜਾਏਗਾ। ਨਾਲ ਹੀ ਜੀ-7 ਮੰਤਰੀਆਂ ਵਿੱਚ ਇਸ ਗੱਲ 'ਤੇ ਸਹਿਮਤੀ ਬਣੀ ਹੈ ਕਿ ਫੇਸਬੁਕ ਦੀਆਂ ਲਿਬਰਾ ਵਰਗੀਆਂ ਕ੍ਰਿਪਟੋਕਰੰਸੀ ਨਾਲ ਅੰਤਰਰਾਸ਼ਟਰੀ ਕਰੰਸੀ ਵਿਵਸਥਾ ਨੂੰ ਖਤਰਾ ਹੈ। ਫਰਾਂਸ ਵੱਲੋਂ ਜਾਰੀ ਬਿਆਨ ਦੇ ਅਨੁਸਾਰ ਮੰਤਰੀਆਂ ਨੇ ਪ੍ਰਭਾਵੀ ਟੈਕਸ 'ਤੇ ਸਹਿਮਤੀ ਪ੍ਰਗਟਾਈ ਹੈ। ਇਹ ਯਕੀਨੀ ਕੀਤਾ ਜਾਏਗਾ ਕਿ ਕੰਪਨੀਆਂ ਤੇ ਜੋ ਵਾਜਿਬ ਟੈਕਸ ਬਣਦਾ ਹੈ, ਉਸ ਦਾ ਉਹ ਭੁਗਤਾਨ ਕਰਨ। ਫਰਾਂਸ ਜੀ-7 ਦਾ ਅਜੇ ਤੱਕ ਮੁਖੀ ਹੈ। ਬਿਆਨ ਦੇ ਅਨੁਸਾਰ ਮੰਤਰੀਆਂ ਨੇ ਕਾਰੋਬਾਰ ਦੇ ਨਵੇਂ ਮਾਡਲ ਲਈ ਨਵੇਂ ਨਿਯਮ ਤਿਆਰ ਕਰਨ 'ਤੇ ਸਹਿਮਤੀ ਪ੍ਰਗਟਾਈ ਹੈ। ਇਸ ਵਿੱਚ ਕੰਪਨੀਆਂ ਨੂੰ ਭੌਤਿਕ ਰੂਪ ਤੋਂ ਆਪਣੀ ਮੌਜੂਦਗੀ ਦੇ ਬਿਨਾਂ ਕਾਰੋਬਾਰ ਦੀ ਇਜਾਜ਼ਤ ਦੇਣਾ ਸ਼ਾਮਲ ਹੈ। ਫਰਾਂਸ ਦੇ ਇੱਕ ਅਧਿਕਾਰੀ ਨੇ ਕਿਹਾ ਕਿ ਟੈਕਸ ਦੀ ਦਰ ਦੇ ਬਾਰੇ ਵਿੱਚ ਫੈਸਲਾ ਬਾਅਦ ਵਿੱਚ ਕੀਤਾ ਜਾਏਗਾ। ਸੂਤਰਾਂ ਅਨੁਸਾਰ ਗਰੁੱਪ ਦੀ ਬੁੱਧਵਾਰ ਸਵੇਰੇ ਚੱਲੀ ਕਈ ਘੰਟਿਆਂ ਦੀ ਗੱਲਬਾਤ ਦੇ ਬਾਅਦ ਇਸ ਮਾਮਲੇ ਵਿੱਚ ਆਮ ਸਹਿਮਤੀ ਬਣੀ। ਫਰਾਂਸ ਤੇ ਅਮਰੀਕਾ ਵਿਚਾਲੇ ਪਿਛਲੇ ਕੁਝ ਹਪਤੇ ਤੋਂ ਜਾਰੀ ਵਿਵਾਦ ਦੇ ਬਾਅਦ ਇਹ ਸਹਿਮਤੀ ਬਣੀ ਹੈ।

# ਪੋਰਨ ਸਟਾਰ ਸਟਾਰਮੀ ਨੂੰ ਮੋਟੀ ਰਕਮ ਦੇਣ ਵਿੱਚ ਟਰੰਪ ਖੁਦ ਵੀ ਸ਼ਾਮਲ ਸੀ

ਵਾਸ਼ਿੰਗਟਨ, 21 ਜੁਲਾਈ (ਪੋਸਟ ਬਿਊਰੋ)- ਪੋਰਨ ਸਟਾਰ ਸਟਾਰਮੀ ਡੇਨੀਅਲਜ਼ ਦੇ ਕੇਸ ਵਿੱਚ ਨਵੇਂ ਖ਼ੁਲਾਸੇ ਹੋਣ ਨਾਲ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਇੱਕ ਨਵੇਂ ਸਿਆਸੀ ਪੁਆੜੇ ਵਿੱਚ ਫਸ ਸਕਦੇ ਹਨ। ਅਦਾਲਤ ਵਿੱਚ ਪੇਸ਼ ਕੀਤੇ ਦਸਤਾਵੇਜ਼ਾਂ ਤੋਂ ਜ਼ਾਹਰ ਹੁੰਦਾ ਹੈ ਕਿ ਸਾਲ 2016 ਦੀ ਰਾਸ਼ਟਰਪਤੀ ਚੋਣ ਦੇ ਪ੍ਰਚਾਰ ਵੇਲੇ ਸਟਾਰਮੀ ਡੇਨੀਅਲਜ਼ ਨੂੰ ਮੂੰਹ ਬੰਦ ਰੱਖਣ ਦੇ ਬਦਲੇ ਮੋਟੀ ਰਕਮ ਦੇਣ ਵਿੱਚ ਡੋਨਾਲਡ ਟਰੰਪ ਖੁਦ ਵੀ ਸਿੱਧੇ ਤੌਰ ਉੱਤੇ ਸ਼ਾਮਲ ਸਨ।

ਵਰਨਣ ਯੋਗ ਹੈ ਕਿ ਸਟਾਰਮੀ ਡੇਨੀਅਲਜ਼ ਨੇ ਦਾਅਵਾ ਕੀਤਾ ਸੀ ਕਿ 2006 ਵਿੱਚ ਉਸ ਦੇ ਡੋਨਾਲਡ ਟਰੰਪ ਦੇ ਨਾਲ ਨਿੱਜੀ ਸਬੰਧ ਸਨ। ਇਸ ਕੇਸ ਵਿੱਚ ਡੋਨਾਲਡ ਟਰੰਪ ਦੇ ਸਾਬਕਾ ਵਕੀਲ ਮਾਈਕਲ ਕੋਹੇਨ ਨੇ ਪਿਛਲੇ ਸਾਲ ਅਗਸਤ ਵਿੱਚ ਆਪਣਾ ਜੁਰਮ ਮੰਨਦੇ ਹੋਏ ਕਿਹਾ ਸੀ ਕਿ ਉਨ੍ਹਾਂ ਨੇ ਟਰੰਪ ਦੇ ਕਹਿਣ ਉੱਤੇ ਸਟਾਰਮੀ ਨੂੰ ਭੁਗਤਾਨ ਕੀਤਾ ਸੀ, ਪਰ ਉਦੋਂ ਸਾਫ ਨਹੀਂ ਸੀ ਹੋਇਆ ਕਿ ਇਸ ਵਿੱਚ ਟਰੰਪ ਦੀ ਵੀ ਸਿੱਧੀ ਭੂਮਿਕਾ ਸੀ ਜਾਂ ਨਹੀਂ। ਮੈਨਹਟਨ ਦੇ ਜੱਜ ਵਿਲੀਅਮ ਪਾਉਲੇ ਦੇ ਆਦੇਸ਼ ਉੱਤੇ ਵੀਰਵਾਰ ਨੂੰ ਇਸ ਕੇਸ ਨਾਲ ਜੁੜੇ ਦਸਤਾਵੇਜ਼ ਜਾਰੀ ਕੀਤੇ ਗਏ। ਇਸ ਤੋਂ ਜ਼ਾਹਰ ਹੋਇਆ ਕਿ ਸਟਾਰਮੀ ਡੇਨੀਅਲਜ਼ ਨੂੰ ਭਾਰੀ ਰਕਮ ਦੇ ਭੁਗਤਾਨ ਵਿੱਚ ਡੋਨਾਲਡ ਟਰੰਪ ਵੀ ਕੋਹੇਨ ਦੇ ਸੰਪਰਕ ਵਿੱਚ ਸਨ। ਅਕਤੂਬਰ 2016 ਵਿੱਚ ਸਟਾਰਮੀ ਨੂੰ ਇਕ ਲੱਖ 30 ਹਜ਼ਾਰ ਡਾਲਰ ਦਿੱਤੇ ਗਏ ਸਨ। ਵਕੀਲ ਮਾਈਕਲ ਕੋਹੇਨ ਨੇ ਸਟਾਰਮੀ ਨੂੰ ਇਹ ਰਕਮ ਦੇਣ ਤੋਂ ਪਹਿਲਾਂ ਫੋਨ ਉੱਤੇ ਦੋ ਵਾਰ ਟਰੰਪ ਨਾਲ ਗੱਲ ਕੀਤੀ ਸੀ। ਇਸ ਤੋਂ ਕਰੀਬ 30 ਮਿੰਟ ਬਾਅਦ ਕੋਹੇਨ ਨੇ ਸਟਾਰਮੀ ਡੇਨੀਅਲਜ਼ ਨੂੰ ਰਕਮ ਦੇਣ ਵਾਸਤੇ ਬੈਂਕ ਖਾਤਾ ਖੁੱਲ੍ਹਵਾਇਆ ਸੀ। ਭੁਗਤਾਨ ਤੋਂ ਪਿੱਛੋਂ ਕੋਹੇਨ ਨੇ ਟਰੰਪ ਨਾਲ ਫਿਰ ਗੱਲ ਕੀਤੀ ਸੀ। ਇਨ੍ਹਾਂ ਦਸਤਾਵੇਜ਼ਾਂ ਤੋਂ ਇਹ ਪਤਾ ਨਹੀਂ ਲੱਗਦਾ ਕਿ ਉਨ੍ਹਾਂ ਨੇ ਫੋਨ ਉੱਤੇ ਕੀ ਕਿਹਾ ਸੀ? ਇਸ ਨਵੇਂ ਖ਼ੁਲਾਸੇ ਦੇ ਉਲਟ ਟਰੰਪ ਕਈ ਵਾਰ ਕਹਿ ਚੁੱਕੇ ਹਨ ਕਿ ਉਨ੍ਹਾਂ ਨੂੰ ਕੋਹੇਨ ਵੱਲੋਂ ਕੀਤੇ ਕਿਸੇ ਭੁਗਤਾਨ ਦੀ ਜਾਣਕਾਰੀ ਨਹੀਂ। ਦਸਤਾਵੇਜ਼ਾਂ ਵਿੱਚ ਵਕੀਲਾਂ ਨੇ ਕਿਹਾ ਕਿ ਇਹ ਜਾਂਚ ਰਾਸ਼ਟਰਪਤੀ ਚੋਣ ਦੌਰਾਨ ਮੂੰਹ ਬੰਦ ਰੱਖਣ ਲਈ ਦੋ ਔਰਤਾਂ ਨੂੰ ਕੀਤੇ ਗਏ ਰਕਮ ਦੇ ਭੁਗਤਾਨ ਉੱਤੇ ਕੇਂਦਰਤ ਸੀ। ਇਨ੍ਹਾਂ ਔਰਤਾਂ ਨੇ ਡੋਨ-ਾਲਡ ਟਰੰਪ ਨਾਲ ਅਫੇਅਰ ਦਾ ਦਾਅਵਾ ਕੀਤਾ ਸੀ।

# ਸਤਵੰਤ ਸਿੰਘ ਪੀ ਐਸ ਜੀ ਪੀ ਸੀ ਦੇ ਪ੍ਰਧਾਨ ਬਣਾਏ ਗਏ

ਲਾਹੌਰ, 21 ਜੁਲਾਈ (ਪੋਸਟ ਬਿਊਰੋ)- ਇਵੈਕੂਈ ਟਰੱਸਟ ਪ੍ਰਾਪਰਟੀ ਬੋਰਡ ਦੇ ਲਾਹੌਰ ਸਥਿਤ ਹੈਡ ਆਫਿਸ 'ਚ ਕੱਲ੍ਹ ਹੋਈ ਬੈਠਕ ਵਿੱਚ ਸਤਵੰਤ ਸਿੰਘ ਨੂੰ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ (ਪੀ ਐਸ ਜੀ ਪੀ ਸੀ) ਦਾ ਪ੍ਰਧਾਨ ਅਤੇ ਅਮੀਰ ਸਿੰਘ ਨੂੰ ਜਨਰਲ ਸਕੱਤਰ ਨਿਯੁਕਤ ਕੀਤਾ ਗਿਆ। ਪ੍ਰਧਾਨ ਤੇ ਜਨਰਲ ਸਕੱਤਰ ਦੇ ਨਾਵਾਂ ਦਾ ਐਲਾਨ ਈ ਟੀ ਪੀ ਬੀ ਦੇ ਚੇਅਰਮੈਨ ਡਾ. ਆਮਿਰ ਅਹਿਮਦ ਨੇ ਕੀਤਾ ਹੈ। ਇਸ ਮੌਕੇ ਬੋਰਡ ਦੇ ਸਕੱਤਰ ਤਾਰਿਕ ਵਜ਼ੀਰ, ਸਕੱਤਰ ਇਮਰਾਨ ਗੋਂਦਲ ਸਮੇਤ ਕਮੇਟੀ ਦੇ ਨਵ-ਨਿਯੁਕਤ ਮੈਂਬਰ ਰਵਿੰਦਰ ਸਿੰਘ, ਇੰਦਰਜੀਤ ਸਿੰਘ, ਡਾ. ਮਿਮਪਾਲ ਸਿੰਘ, ਅਮੀਰ ਸਿੰਘ, ਬਾਬਾ ਹਰਮੀਤ ਸਿੰਘ ਬਾਵਾ, ਸਰਬਤ ਸਿੰਘ, ਸਤਵੰਤ ਸਿੰਘ, ਡਾ. ਸਾਗਰਜੀਤ ਸਿੰਘ ਅਹੂਜਾ, ਵਿਕਾਸ ਸਿੰਘ ਖਾਲਸਾ ਤੇ ਸਾਗਰ ਸਿੰਘ ਵੀ ਹਾਜ਼ਰ ਸਨ। ਵਰਨਣ ਯੋਗ ਹੈ ਕਿ ਕਮੇਟੀ ਦੇ ਨਵੇਂ ਚੁਣੇ ਪ੍ਰਧਾਨ ਸਤਵੰਤ ਸਿੰਘ ਪਾਕਿਸਤਾਨ ਤਹਿਰੀਕ-ਏ-ਇਨਸਾਫ ਪਾਰਟੀ ਨਾਲ ਸਬੰਧਤ ਕਮੇਟੀ ਦੇ ਪੁਰਾਣੇ ਮੈਂਬਰ ਸੰਤੋਖ ਸਿੰਘ ਦੇ ਸਕੇ ਛੋਟੇ ਭਰਾ ਹਨ ਤੇ ਉਨ੍ਹਾਂ ਦਾ ਰਾਵਲਪਿੰਡੀ 'ਚ ਕੱਪੜੇ ਦਾ ਕਾਰੋਬਾਰ ਹੈ। ਅਮੀਰ ਸਿੰਘ ਪੀ ਐਸ ਜੀ ਪੀ ਸੀ ਦੇ ਸਾਬਕਾ ਪ੍ਰਧਾਨ ਬਿਸ਼ਨ ਸਿੰਘ ਦੇ ਛੋਟੇ ਭਰਾ ਹਨ ਤੇ ਉਨ੍ਹਾਂ ਦਾ ਲਾਹੌਰ ਦੀ ਚੂਨਾ ਮੰਡੀ 'ਚ ਕੱਪੜੇ ਦਾ ਕਾਰੋਬਾਰ ਹੈ। ਇਸ ਮੌਕੇ ਚੇਅਰਮੈਨ ਡਾ. ਆਮਿਰ ਅਹਿਮਦ ਵੱਲੋਂ ਪਾਕਿਸਤਾਨ ਦੇ ਜ਼ਿਲਾ ਜਿਹਲਮ 'ਚ ਗੁਰੂ ਨਾਨਕ ਦੇਵ ਜੀ ਨਾਲ ਸਬੰਧਤ ਯਾਦਗਾਰ ਗੁਰਦੁਆਰਾ ਚੋਆ ਸਾਹਿਬ ਤੇ ਗੁੱਜਰਾਂਵਾਲਾ ਦੇ ਪਿੰਡ ਭਾਈ ਕੇ ਮੱਟੂ 'ਚ ਸਥਾਪਤ ਛੇਵੀਂ ਪਾਤਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਨਾਲ ਸਬੰਧਤ ਯਾਦਗਾਰ ਗੁਰਦੁਆਰਾ ਖਾਰਾ ਸਾਹਿਬ ਨੂੰ 550ਵੇਂ ਪ੍ਰਕਾਸ਼ ਮੌਕੇ ਸੰਗਤ ਲਈ ਖੋਲ੍ਹੇ ਜਾਣ ਦਾ ਐਲਾਨ ਕੀਤਾ ਗਿਆ।

AMAN TRAVEL
ਅਮਨ ਟਰੈਵਲ
SPECIAL FARES TO DELHI & AMRITSAR
TICO # 50022741
LAST MINUTE DEALS AVAILABLE
GAURAV GUPTA
905.796.3535
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
218 KINGKNOLL DR., BRAMPTON, ON L6Y 4X4

ukttc UK TRUCK TRAINING CENTRE
PCC #179958
Registered as a Private Careers College
Forklift $79 Recertification
Automatic & Manual Trucks
1:1 Training
Forklift Training
Reach Truck
Air Brake Classes Sat-Sun 8am to 4pm
Counterbalance
Kuldip Singh Grewal
647.894.8590
17 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
Gurjot Singh Grewal: 437-224-8500
Off:905.673.7979
7542 Bath Rd, Mississauga, ON L4T 1L2

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates
ਵਨਾਈਲ ਅਤੇ ਐਲਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
CANADIAN GLASS AND WINDOW
SINGH (TOCHI)
416-454-3031
647-784-8240
Email: tochisangha1@hotmail.com

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

ਕਰੋਨਿਕ ਲਿਵਰ ਪਰੋਬਲਮ ਦਾ ਸ਼ੁਰਤੀਆ ਇਲਾਜ਼
ਲਿਵਰ ਸਰੋਇਸਿਸ, ਫੈਟੀ ਲਿਵਰ, ਹੈਪਾਟਾਇਟਸ A, B &C ਪੀਲੀਆ
100% Natural Cure & No Side Effect
• ਹਾਈ ਬੀ-ਪੀ, ਕੋਲੈਸਟਰੋਲ, ਹਾਰਟ ਪਰੋਬਲਮ,ਆਰਟਰੀ ਦੀ ਬਲੋਕੇਜ, ਬਾਇਪਾਸ ਸਰਜਰੀ ਤੋ ਬਚਾਉ
• ਬੱਚਿਆਂ ਦਾ ਬਿਸਤਰੇ ਤੇ ਪਿਸ਼ਾਬ ਕਰਣਾ, ਬੱਚਿਆਂ ਦਾ ਪੜ੍ਹਾਈ ਵਿਚ ਕਮਜ਼ੋਰ ਹੋਣਾ, ਬਜ਼ੁਰਗਾਂ ਦਾ ਪਿਸ਼ਾਬ ਬਾਰ-ਬਾਰ ਆਉਣਾ
• ਜ਼ਿੱਦੀ ਛਾਈਆਂ ਵਰਗੀ ਨਾਮੁਰਾਦ ਬਿਮਾਰੀ ਤੋਂ ਹਮੇਸ਼ਾ ਲਈ ਛੁਟਕਾਰਾ ਪਾਓ। ਸਿਰ ਵਿੱਚ ਸਿਕਰੀ/dandruf ਦਾ ਹੋਣਾ
• Uric Acid ਤੋਂ ਛੁਟਕਾਰਾ
• ਲੇਡੀਜ ਦੀਆਂ ਹਰ ਤਰ੍ਹਾਂ ਦੀਆਂ ਪ੍ਰਾਬਲਮ ਜਿਵੇਂ ਮਹਾਵਾਰੀ ਅਤੇ uterus ਤੇ breast ਦੀਆ ਰਸੌਲੀਆਂ
• ਕਬਜ ਅਤੇ ਬਵਾਸੀਰ
ਗੱਠੀਆ ਜਿਵੇਂ ਹੱਥਾਂ, ਪੈਰਾਂ ਅਤੇ ਜੋੜਾਂ ਦੀ ਸੋਜ
ਡਿਪਰੈਸ਼ਨ ਦਾ ਸ਼ਰਤੀਆ ਇਲਾਜ਼: ਰਾਤ ਨੂੰ ਨੀਂਦ ਨਾ ਆਉਣਾ, ਘਬਰਾਹਟ ਹੋਣੀ, Anxiety
ਬਿਨਾ ਤਕਲੀਫ ਤੋਂ ਸ਼ਰਾਬ ਛਡੱਣ ਦਾ ਸ਼ਰਤੀਆ ਇਲਾਜ
ਕਾਲ ਕਰੋ: 647-643-7593

SherGill Law Firm
Barrister, Solicitor & Notary Public
Services:
• Real Estate
• Residential, Commercial, Franchise
• Criminal Law
• Family Law
• Affidavit, Power Of Attorney & Notarization
• Immigration Matters
Paramjit Singh Gill (MBA,LL.B.)
Phone : 905-790-3636
Emergency Contact: 416.910.5676
www.shergilllawfirm.ca
2565 Steeles Ave E Unit #20, Brampton, ON L6T 4L6

# ਨਵਜੋਤ ਸਿੰਘ ਸਿੱਧੂ ਦੇ ਪੰਜਾਬ ਸਰਕਾਰ ਤੋਂ ਨਿਕਲਣ ਦੇ ਇਹ ਪੰਜ ਕਾਰਨ ਮੁੱਖ ਗਿਣੇ ਗਏ

ਚੰਡੀਗੜ੍ਹ, 21 ਜੁਲਾਈ, (ਪੋਸਟ ਬਿਊਰੋ)- ਸਾਬਕਾ ਕ੍ਰਿਕਟ ਖਿਡਾਰੀ ਨਵਜੋਤ ਸਿੰਘ ਸਿੱਧੂ ਜਦੋਂ ਪੰਜਾਬ ਦੀ ਸਿਆਸਤ ਦੀ ਸਿਖਰਲੀ ਪਿੱਚ ਗਿਣੀ ਜਾਂਦੀ ਪੰਜਾਬ ਕੈਬਨਿਟ ਤੋਂ ਬਾਹਰ ਹੋਏ ਹਨ ਤਾਂ ਹਰ ਕੋਈ ਆਪੋ ਆਪਣੇ ਖਿਆਲ ਨਾਲ ਉਨ੍ਹਾ ਦੇ ਇਸ ਪੈਂਤੜੇ ਅਤੇ ਹਸ਼ਰ ਦੀ ਵਿਆਖਿਆ ਕਰਨ ਲੱਗਾ ਹੋਇਆ ਹੈ। ਪਹਿਲਾਂ ਨਵਜੋਤ ਸਿੰਘ ਸਿੱਧੂ ਏਸੇ ਤਰ੍ਹਾਂ ਵਿਵਾਦ ਵਿਚ ਪੈਣ ਕਾਰਨ ਭਾਜਪਾ ਵਿੱਚੋਂ ਨਿਕਲੇ ਸਨ ਅਤੇ ਇਸ ਵਾਰੀ ਉਹ ਕਾਂਗਰਸ ਦੀ ਕੈਪਟਨ ਅਮਰਿੰਦਰ ਸਿੰਘ ਸਰਕਾਰ ਵਿੱਚੋਂ ਵੀ ਆਪਣੇ ਆਪ ਪਾਸੇ ਹੁੰਦੇ ਹੋਏ ਆਖਰ ਨੂੰ ਅਸਤੀਫਾ ਦੇਣ ਪਿੱਛੋਂਆਊਟ ਹੋ ਗਏ ਹਨ।

ਪੰਜਾਬ ਦੀ ਕਾਂਗਰਸ ਸਰਕਾਰ ਵਿੱਚੋਂ ਨਵਜੋਤ ਸਿੰਘ ਸਿੱਧੂ ਦੇ ਆਊਟ ਹੋਣ ਦੇ ਕਈ ਕਾਰਨਾਂ ਵਿੱਚੋਂ ਪੰਜਾਂ ਨੂੰ ਮੁੱਖ ਗਿਣਿਆ ਜਾ ਰਿਹਾ ਹੈ। ਉਨ੍ਹਾਂ ਦਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨਾਲ ਟਕਰਾਅ ਪਾਰਟੀ ਹਾਈ ਕਮਾਂਡ ਦੇ ਸਾਰੇ ਯਤਨਾਂ ਦੇ ਬਾਵਜੂਦ ਖਤਮ ਨਹੀਂ ਹੋ ਸਕਿਆ ਅਤੇ ਕਿਹਾ ਜਾਂਦਾ ਹੈ ਕਿ ਇਸ ਸਥਿਤੀ ਨਾਲ ਕਾਂਗਰਸ ਅਤੇ ਸਿੱਧੂ ਦੋਵਾਂ ਦਾ ਨੁਕਸਾਨ ਹੋਇਆ ਹੈ, ਜਿਸ ਤੋਂ ਅਕਾਲੀ ਦਲ ਅਤੇ ਭਾਜਪਾ ਦੇ ਆਗੂ ਖਿੜੇ ਹੋਏ ਹਨ, ਜਦ ਕਿ ਹੋਰ ਪਾਰਟੀਆਂ ਦੇ ਆਗੂ ਨਵਜੋਤ ਸਿੰਘ ਸਿੱਧੂ ਨੂੰ ਆਪੋ ਆਪਣੇ ਪਾਸੇ ਖਿੱਚਣ ਦੇ ਯਤਨ ਵਿੱਚ ਲੱਗ ਗਏ ਹਨ।



ਜਿਹੜੇ ਕਾਰਨ ਨਵਜੋਤ ਸਿੰਘ ਸਿੱਧੂ ਦੇ ਸਰਕਾਰ ਵਿੱਚੋਂ ਨਿਕਲਣ ਲਈ ਵੱਡੇ ਗਿਣੇ ਜਾਂਦੇ ਹਨ, ਉਨ੍ਹਾਂ ਵਿੱਚ ਸਭ ਤੋਂ ਪਹਿਲਾ ਨਵਜੋਤ ਸਿੰਘ ਸਿੱਧੂ ਦਾ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮ-ਰਾਨ ਖਾਨ ਦੇ ਸਹੁੰ ਚੁੱਕ ਸਮਾਗਮ ਦੌਰਾਨ ਓਥੇ ਹਾਜ਼ਰ ਹੋਣਾ ਮੰਨਿਆ ਜਾਂਦਾ ਹੈ। ਉਸ ਵਕਤ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਰੋਕੇ ਜਾਣ ਦੇ ਬਾਵਜੂਦ ਸਿੱਧੂ ਪਾਕਿਸਤਾਨ ਗਏ ਸਨ ਅਤੇ ਪਾਕਿਸਤਾਨੀ ਫ਼ੌਜ ਦੇ ਮੁਖੀ ਨੇ ਉਨ੍ਹਾਂ ਨੂੰ ਗ਼ਲੇ ਲਾਇਆ ਸੀ, ਜਿਸ ਕਾਰਨ ਭਾਜਪਾ ਨੂੰ ਇਹ ਵੱਡਾ-ਮੁੱਦਾ ਬਣਾਉਣ ਦਾ ਮੌਕਾ ਮਿਲਿਆ ਸੀ। ਇਸ ਦੇ ਬਾਅਦ ਛੱਤੀਸਗੜ੍ਹ ਵਿਧਾਨ ਸਭਾ ਚੋਣਾਂ ਵੇਲੇ ਨਵਜੋਤ ਸਿੰਘ ਸਿੱਧੂ ਨੇ ਪ੍ਰੈੱਸ ਕਾਨਫਰੰਸ ਵਿੱਚ ਕਹਿ ਦਿੱਤਾ ਕਿ 'ਕਿਹੜਾ ਕੈਪਟਨ, ਮੇਰੇ ਕੈਪਟਨ ਰਾਹੁਲ ਗਾਂਧੀ ਹਨ।' ਫਿਰ ਰਾਜਸਥਾਨ ਦੀ ਵਿਧਾਨ ਸਭਾ ਚੋਣ ਦੇ ਪ੍ਰਚਾਰ ਦੌਰਾਨ ਵੀ ਕੈਪਟਨ ਅਮਰਿੰਦਰ ਸਿੰਘ ਬਾਰੇ ਸਿੱਧੂ ਨੇ ਗਲਤ ਸ਼ਬਦ ਵਰਤੇ ਦੱਸੇ ਜਾਂਦੇ ਸਨ।

ਜਦੋਂ ਬੀਤੇ ਫਰਵਰੀ ਵਿੱਚ ਜੰਮੂ-ਕਸ਼ਮੀਰ ਦੇ ਪੁਲਵਾਮਾ ਵਿੱਚ ਸੀਆਰਪੀ ਐੱਫ ਦੇ ਕਾਫ਼ਿਲੇ ਉੱਤੇ ਅੱਤਵਾਦੀਆਂ ਨੇ ਹਮਲਾ ਕੀਤਾ ਤਾਂ ਨਵਜੋਤ ਸਿੰਘ ਸਿੱਧੂ ਨੇ ਇਸ ਹਮਲੇ ਬਾਰੇ ਪਾਕਿਸਤਾਨ ਨੂੰ ਕਲੀਨ ਚਿੱਟ ਦੇਣ ਦਾ ਬਿਆਨ ਦੇ ਦਿੱਤਾ, ਜਦ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪਾਕਿਸਤਾਨ ਨੂੰ ਇਸ ਘਟਨਾ ਲਈ ਜ਼ਿੰਮੇਵਾਰ ਠਹਿਰਾਉਂਦੇ ਹੋਏ ਉਸ ਦੇ ਖ਼ਿਲਾਫ਼ ਕੇਂਦਰ ਸਰਕਾਰ ਨੂੰ ਸਖਤ ਕਾਰਵਾਈ ਕਰਨ ਲਈ ਕਿਹਾ ਤੇ ਇਸ ਮੰਤਵ ਲਈ ਪੰਜਾਬ ਵਿਧਾਨ ਸਭਾ ਨੇ ਮਤਾ ਵੀ ਪਾਸ ਕੀਤਾ ਸੀ। ਵਿਧਾਨ ਸਭਾ ਤੋਂ ਬਾਹਰ ਨਿਕਲਦੇ ਹੋਏ ਸਿੱਧੂ ਨੇ ਪਾਕਿਸਤਾਨ ਨੂੰ ਕਲੀਨ ਚਿੱਟ ਦੇਣ ਲਈ ਇਹ ਕਹਿ ਦਿੱਤਾ ਕਿ ਕੁਝ ਲੋਕਾਂ ਦੀ ਕਰਤੂਤ ਲਈ ਕਿਸੇ ਦੇਸ਼ ਨੂੰ ਦੋਸ਼ੀ ਨਹੀਂ ਕਿਹਾ ਜਾ ਸਕਦਾ। ਇਸ ਮੌਕੇ ਜਦੋਂ ਸਾਰੇ ਦੇਸ਼ ਦੇ ਲੋਕ ਪਾਕਿ-ਸਤਾਨ ਦੇ ਖਿਲਾਫ ਗੁੱਸੇ ਵਿੱਚ ਸਨ, ਸਿੱਧੂ ਇਕੱਲੇ ਨੇ ਪਾਕਿਸਤਾਨ ਨਾਲ ਅਮਨ ਗੱਲਬਾਤ ਸ਼ੁਰੂ ਕਰਨ ਦਾ ਬਿਆਨ ਦਿੱਤਾ ਤੇ ਇਸ ਦੀ ਹਰ ਪਾਸੇ ਨਿਖੇਧੀ ਹੋਣ ਲੱਗ ਪਈ। ਫਿਰ ਜਦੋਂ ਫਿਰ ਭਾਰਤ ਦੀ ਹਵਾਈ ਫ਼ੌਜ ਨੇ ਪਾਕਿ ਕਬਜ਼ੇ ਵਾਲੇ ਕਸ਼ਮੀਰ ਵਿੱਚ ਕੁਝ ਅੱਤਵਾਦੀ ਟਿਕਾਣਿਆਂ ਉੱਤੇ ਏਅਰ ਸਟ੍ਰਾਈਕ ਕੀਤੀ ਤਾਂ ਸਿੱਧੂ ਨੇ ਇਸ ਸਟ੍ਰਾਈਕ ਵਿੱਚ ਕੁਝ ਰੁੱਖਾਂ ਦਾ ਨੁਕਸਾਨ ਹੀ ਹੋਣ ਦੀ ਗੱਲ ਕਹਿ ਕੇ ਇੱਕ ਹੋਰ ਵਿਵਾਦ ਛੇੜ ਲਿਆ ਸੀ।

ਜਿਹੜੀ ਗੱਲ ਵੱਡੇ ਵਿਵਾਦ ਦਾ ਕਾਰਨ ਬਣੀ, ਉਹ ਲੋਕ ਸਭਾ ਚੋਣਾਂ ਦੇ ਪ੍ਰਚਾਰ ਦੇ ਆਖਰੀ ਜਲਸੇ ਵਿੱਚਉਨ੍ਹਾਂ ਦਾ ਭਾਸ਼ਣ ਸੀ। ਪਹਿਲਾਂ ਨਵਜੋਤ ਸਿੰਘ ਸਿੱਧੂ ਪੰਜਾਬਦੇ ਚੋਣ ਪ੍ਰਚਾਰ ਤੋਂਪਾਸੇ-ਪਾਸੇ ਰਹੇ ਅਤੇਚੋਣ ਪ੍ਰਚਾਰ ਦੇ ਆਖਰੀ ਦਿਨ ਬਠਿੰਡਾ ਲੋਕ ਸਭਾ ਹਲਕੇ ਵਿੱਚ ਲੰਬੀ ਵਿਖੇ ਹੋਈ ਰੈਲੀ ਵਿੱਚ ਕੈਪਟਨ ਅਮਰਿੰਦਰ ਸਿੰਘ ਉੱਤੇ ਨਿਸ਼ਾਨਾ ਲਾ ਦਿੱਤਾ। ਉਸ ਦਿਨ ਆਪਣੀ ਬਹੁ-ਚਰਚਿਤ ਤਕਰੀਰ ਵਿੱਚ ਨਵਜੋਤ ਸਿੰਘ ਸਿੱਧੂ ਨੇ ਕਿਹਾ ਸੀ ਕਿ ਬਾਦਲਾਂ ਦੇ ਨਾਲ ਮਿਲੀਭੁਗਤ ਕਰਨ ਵਾਲਿਆਂ ਨੂੰ ਵੀ ਠੋਕ ਦਿਉ। ਉਸ ਦੇ ਇਸ ਭਾਸ਼ਣ ਨਾਲ ਕਾਂਗਰਸ ਨੂੰ ਨੁਕਸਾਨ ਹੋਣ ਦੀ ਗੱਲ ਚੱਲ ਪਈ ਤੇ ਇਸੇ ਕਾਰਨ ਏਨਾ ਵਿਵਾਦ ਵਧਦਾ ਗਿਆ ਕਿ ਆਖਰ ਨਵਜੋਤ ਸਿੰਘ ਸਿੱਧੂ ਨੂੰ ਸਰਕਾਰ ਛੱਡਣੀ ਪਈ ਹੈ।

# ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਚੋਣ ਪਟੀਸ਼ਨ ਉੱਤੇ ਇਲਾਹਾਬਾਦ ਹਾਈਕੋਰਟ ਵੱਲੋਂ ਨੋਟਿਸ

ਇਲਾਹਾਬਾਦ, 21 ਜੁਲਾਈ, (ਪੋਸਟ ਬਿਊਰੋ)- ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਵਾਰਾਣਸੀ ਹਲਕੇ ਤੋਂਲੋਕ ਸਭਾ ਚੋਣ ਨੂੰ ਚੁਣੌਤੀ ਦੇਣ ਵਾਲੀ ਪਟੀਸ਼ਨ ਉੱਤੇਇਲਾਹਾਬਾਦ ਹਾਈ ਕੋਰਟ ਨੇ ਉਨ੍ਹਾਂ ਨੂੰ ਨੋਟਿਸ ਜਾਰੀ ਕੀਤਾ ਹੈ।



ਜਸਟਿਸ ਐੱਮਕੇ ਗੁਪਤਾ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਨੋਟਿਸ ਜਾਰੀ ਕਰਦੇ ਹੋਏ ਇਸ ਕੇਸ ਦੀ ਅਗਲੀ ਸੁਣਵਾਈ ਦੀ ਤਾਰੀਖ 21 ਅਗਸਤ ਤੈਅ ਕੀਤੀ ਹੈ। ਵਰਨਣ ਯੋਗ ਹੈ ਕਿ ਇਹ ਚੋਣ ਪਟੀਸ਼ਨ ਬੀਐੱਸਐੱਫ਼ ਵਿੱਚੋਂ ਕੱਢੇ ਗਏ ਜਵਾਨ ਤੇਜ ਬਹਾਦੁਰ ਯਾਦਵ ਨੇ ਪੇਸ਼ ਕੀਤੀ ਹੈ। ਤੇਜ ਬਹਾਦਰ ਯਾਦਵ ਨੂੰ ਸਮਾਜਵਾਦੀ ਪਾਰਟੀ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਮੁਕਾਬਲੇ ਵਾਰਾਣਸੀ ਲੋਕ ਸਭਾ ਹਲਕੇਵਿੱਚ ਉਮੀਦਵਾਰ ਬਣਾਇਆ ਸੀ, ਪਰ ਰਿਟਰਨਿੰਗ ਅਫਸਰਨੇ ਉਨ੍ਹਾਂ ਦਾ ਨਾਮਜ਼ਦਗੀ ਪੱਤਰ ਰੱਦ ਕਰ ਦਿੱਤਾ ਸੀ। ਇਸ ਕਾਰਨ ਉਹ ਚੋਣ ਨਹੀਂਸੀ ਲੜ ਸਕੇ। ਵਾਰਾਣਸੀ ਲੋਕ ਸਭਾ ਹਲਕੇ ਦੇ ਰਿਟਰਨਿੰਗ ਅਫਸਰ ਨੇ ਤੇਜ ਬਹਾਦੁਰ ਯਾਦਵ ਨੂੰ ਇਹ ਸਰਟੀਫਿਕੇਟ ਪੇਸ਼ ਕਰਨ ਲਈ ਕਿਹਾ ਸੀ ਕਿ ਉਨ੍ਹਾਂ ਨੂੰ ਬੀ ਐੱਸ ਐੱਫ ਨੇ ਭ੍ਰਿਸ਼ਟਾਚਾਰ ਜਾਂ ਬੇਈਮਾਨੀ ਦੇ ਦੋਸ਼ ਹੇਠ ਨਹੀਂ ਕੱਢਿਆ, ਪਰ ਉਹ ਇਹ ਸਰਟੀਫਿਕੇਟ ਨਹੀਂ ਸਨ ਦੇ ਸਕੇ ਅਤੇ ਇੱਕ ਮਈ ਨੂੰ ਉਨ੍ਹਾਂ ਦਾ ਨਾਮਜ਼ਦਗੀ ਪੱਤਰ ਰੱਦ ਕਰ ਦਿੱਤਾ ਗਿਆ ਸੀ।

ਤੇਜ ਬਹਾਦੁਰ ਯਾਦਵ ਨੇ ਚੋਣ ਪਟੀਸ਼ਨ ਵਿੱਚਦੋਸ਼ ਲਾਇਆ ਹੈ ਕਿ ਵਾਰਾਣਸੀ ਦੇ ਰਿਟਰਨਿੰਗ ਅਫਸਰ ਨੇ ਗਲਤ ਢੰਗ ਨਾਲ ਉਨ੍ਹਾਂ ਦਾ ਨਾਮਜ਼ਦਗੀ ਪੱਤਰ ਰੱਦ ਕੀਤਾ ਸੀ, ਜਿਸ ਕਾਰਨ ਉਹ ਲੋਕ ਸਭਾ ਚੋਣ ਨਹੀਂ ਲੜ ਸਕੇ, ਜੋ ਉਨ੍ਹਾਂ ਦਾ ਸੰਵਿਧਾਨਕ ਅਧਿਕਾਰ ਹੈ। ਯਾਦਵ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਵਾਰਾਣਸੀ ਤੋਂਪਾਰਲੀਮੈਂਟ ਚੋਣ ਗ਼ੈਰਕਾਨੂੰਨੀ ਕਹਿ ਕੇ ਰੱਦ ਕਰਨ ਲਈ ਅਦਾਲਤ ਨੂੰ ਬੇਨਤੀ ਕੀਤੀਹੈ। ਉਸ ਨੇ ਦਲੀਲ ਦਿੱਤੀ ਹੈ ਕਿ ਖ਼ੁਦ ਨਰਿੰਦਰ ਮੋਦੀ ਨੇ ਆਪਣੇ ਨਾਮਜਦਗੀ ਪੱਤਰ ਵਿੱਚ ਆਪਣੇ ਪਰਵਾਰ ਦਾ ਵੇਰਵਾ ਨਹੀਂਸੀ ਦਿੱਤਾ, ਇਸ ਲਈ ਉਨ੍ਹਾਂ ਦਾ ਨਾਮਜ਼ਦਗੀ ਪੱਤਰ ਵੀ ਰੱਦ ਹੋਣਾ ਜਾਣਾ ਚਾਹੀਦਾ ਸੀ, ਪਰ ਉਹਨਹੀਂ ਕੀਤਾ ਗਿਆ। ਪਟੀਸ਼ਨਰ ਦੇ ਵਕੀਲ ਦੀ ਦਲੀਲ ਇਹ ਸੀ ਕਿ ਤੇਜ ਬਹਾਦਰ ਯਾਦਵ ਦਾ ਨਾਮਜ਼ਦਗੀ ਪੱਤਰ ਰੱਦ ਕਰਨ ਤੋਂ ਪਹਿਲਾਂ ਉਨ੍ਹਾਂ ਨੂੰ ਆਪਣਾ ਪੱਖ ਰੱਖਣ ਦੇ ਲਈ ਮੌਕਾਨਹੀਂ ਦਿੱਤਾ ਗਿਆ। ਜਸਟਿਸ ਐੱਮ ਕੇ ਗੁਪਤਾ ਨੇ ਇਸ ਉੱਤੇ ਨਰਿੰਦਰ ਮੋਦੀ ਨੂੰ ਨੋਟਿਸ ਜਾਰੀ ਕੀਤਾ ਹੈ।

ਵਰਨਣ ਯੋਗ ਹੈ ਕਿ ਚੁਣੇ ਹੋਏ ਪਾਰਲੀਮੈਂਟ ਮੈਂਬਰਾਂ ਦੀ ਚੋਣ ਨੂੰ ਚੁਣੌਤੀ ਲਈ ਹਾਈ ਕੋਰਟ ਵਿੱਚ ਕਈ ਲੋਕਾਂ ਨੇ ਪਟੀਸ਼ਨਾਂਪੇਸ਼ ਕੀਤੀਆਂ ਹੋਈਆਂ ਹਨ, ਜਿਨ੍ਹਾਂ ਵਿੱਚ ਰਾਮਪੁਰ ਹਲਕੇਤੋਂ ਆਜ਼ਮ ਖਾਨ, ਬਦਾਯੂੰ ਹਲਕੇ ਤੋਂ ਸੰਘ ਮਿਤਰਾ ਮੌਰਿਆ, ਮਿਰਜ਼ਾਪੁਰ ਤੋਂ ਅਨੁਪ੍ਰਿਆ ਪਟੇਲ, ਭਦੋਹੀ ਤੋਂ ਰਮੇਸ਼ਆਦਿ ਦੀ ਚੋਣ ਨੂੰ ਚੁਣੌਤੀ ਦਿੱਤੀ ਗਈ ਹੈ।

## ਕਰਨਾਟਕ ਸੰਕਟ: ਦੋ ਆਜ਼ਾਦ ਵਿਧਾਇਕ ਵੀ ਫਲੋਰ ਟੈਸਟ ਬਾਰੇ ਨਿਰਦੇਸ਼ ਲੈਣ ਲਈ ਸੁਪਰੀਮ ਕੋਰਟ ਜਾ ਪਹੁੰਚੇ

ਬੈਂਗਲੁਰੂ, 21 ਜੁਲਾਈ, (ਪੋਸਟ ਬਿਊਰੋ)- ਕਰਨਾਟਕ ਦੇ ਦੋ ਆਜ਼ਾਦ ਵਿਧਾਇਕਾਂ ਆਰ.ਸ਼ੰਕਰ ਅਤੇ ਨਾਗੇਸ਼ ਨੇ ਵਿਧਾਨ ਸਭਾ ਵਿੱਚਭਰੋਸੇ ਦੇ ਮਤੇ ਉੱਤੇ ਜਲਦੀ ਵੋਟਿੰਗ ਕਰਾਉਣ ਦਾ ਨਿਰਦੇਸ਼ ਦਿੱਤੇ ਜਾਣ ਦੀ ਬੇਨਤੀ ਲਈ ਸੁਪਰੀਮ ਕੋਰਟ ਦਾ ਰੁਖ ਕਰ ਲਿਆ ਹੈ। ਸੋਮਵਾਰ ਨੂੰ ਕਰਨਾਟਕ ਵਿਧਾਨ ਸਭਾ ਵਿੱਚਭਰੋਸੇ ਦੇ ਮਤੇ ਦੀ ਕਾਰਵਾਈ ਨੂੰ ਪੂਰੀ ਕਰਵਾਉਣ ਲਈ ਉਨ੍ਹਾਂ ਨੇ ਸੁਪਰੀਮ ਕੋਰਟ ਤੋਂ ਕਰਨਾਟਕ ਸਰਕਾਰ ਨੂੰ ਨਿਰਦੇਸ਼ ਦੇਣ ਦੀ ਮੰਗ ਕੀਤੀ ਹੈ।

ਵਰਨਣ ਯੋਗ ਹੈ ਕਿ ਕਰਨਾਟਕ ਵਿੱਚ ਸੰਕਟ ਨਾਲ ਘਿਰੀ ਕਾਂਗਰਸ-ਜਨਤਾ ਦਲ ਐੱਸ ਗੱਠਜੋੜ ਦੀ ਸਰਕਾਰ ਦੇ ਲਈ ਮੁਸ਼ਕਲਾਂ ਖਤਮ ਨਹੀਂ ਹੋ ਰਹੀਆਂ। ਰਾਜ ਦੇ ਮੁੱਖ ਮੰਤਰੀ ਕੁਮਾਰਸਵਾਮੀ ਇਸ ਸੋਮਵਾਰ ਨੂੰ ਭਰੋਸੇ ਦੇ ਮਤੇ ਦੇ ਲਈ ਵੋਟਿੰਗ ਦਾ ਸਾਹਮਣਾ ਕਰਨ ਵਾਲੇ ਹਨ। ਸ਼ੁੱਕਰਵਾਰ ਵਿਧਾਨ ਸਭਾ ਇਸ ਰਾਜ ਦੀ ਸਰਕਾਰ ਦੀ ਕਿਸਮਤ ਦਾ ਫੈਸਲਾ ਦੇਣ ਲਈ ਭਰੋਸੇ ਦੇ ਮਤੇ ਉੱਤੇਵੋਟਿੰਗਨਹੀਂਸੀ ਕਰ ਸਕੀ। ਵਿਧਾਨ ਸਭਾ ਦੇ ਸਪੀਕਰ ਕੇ ਆਰ ਰਮੇਸ਼ ਕੁਮਾਰ ਨੇ ਸਦਨ ਨੂੰ ਸੋਮਵਾਰ ਨੂੰ ਸਵੇਰ ਤੱਕ ਲਈ ਮੁਲਤਵੀ ਕਰ ਦਿੱਤਾ ਸੀ।

# ਜੰਮੂ-ਕਸ਼ਮੀਰ ਦੇ ਗਵਰਨਰ ਨੇ ਅੱਤਵਾਦੀਆਂ ਨੂੰ ਭ੍ਰਿਸ਼ਟ ਨੇਤਾਵਾਂ ਦੇ ਕਤਲ ਕਰਨ ਨੂੰ ਕਿਹਾ

ਸ਼੍ਰੀਨਗਰ, 21 ਜੁਲਾਈ, (ਪੋਸਟ ਬਿਊਰੋ)- ਜੰਮੂ-ਕਸ਼ਮੀਰ ਦੇ ਗਵਰਨਰ ਸੱਤਿਅਪਾਲ ਮਲਿਕ ਨੇ ਇਕ ਵਿਵਾਦ ਵਾਲਾਹੋਰ ਬਿਆਨ ਦਾਗ ਦਿੱਤਾ ਹੈ। ਉਨ੍ਹਾਂ ਕਿਹਾ ਕਿ ਅੱਤਵਾਦੀਆਂ ਨੂੰ ਪੁਲਸ ਵਾਲਿਆਂ ਨੂੰ ਮਾਰਨ ਦੀ ਬਜਾਏ ਭ੍ਰਿਸ਼ਟ ਰਾਜਸੀਆਗੂਆਂ ਅਤੇ ਅਫਸਰਾਂ ਦੀ ਹੱਤਿਆ ਕਰਨੀ ਚਾਹੀਦੀ ਹੈ। ਕਾਰਗਿਲ ਵਿੱਚਆਪਣੇ ਭਾਸ਼ਣ ਦੌਰਾਨ ਗਵਰਨਰ ਮਲਿਕ ਨੇ ਸਿੱਧਾ ਹੀ ਕਹਿ ਦਿੱਤਾ ਕਿ ਇਹ ਲੋਕ ਇਸ ਰਾਜ ਨੂੰ ਲੁੱਟ ਰਹੇ ਹਨ।



ਵਿਵਾਦਾਂ ਵਿੱਚ ਰਹਿਣ ਵਾਲੇ ਗਵਰਨਰ ਸੱਤਿਅਪਾਲ ਮਲਿਕ ਨੇ ਇੱਕ ਵਾਰ ਇਹ ਵੀ ਨੇ ਕਹਿ ਦਿੱਤਾ ਸੀ ਕਿ ਉਨ੍ਹਾਂ ਨੂੰ ਅੱਤਵਾਦੀਆਂ ਦੀ ਮੌਤ ਉੱਤੇ ਵੀ ਦੁੱਖ ਹੁੰਦਾ ਹੈ। ਓਦੋਂ ਮਲਿਕ ਨੇ ਕਿਹਾ ਸੀ ਕਿ ਪੁਲਸ ਆਪਣਾ ਕੰਮ ਬੜਾ ਵਧੀਆ ਕਰ ਰਹੀ ਹੈ, ਪਰ ਜੇ ਇਕ ਵੀ ਜਾਨ ਜਾਵੇ, ਚਾਹੇ ਉਹ ਜਾਨ ਅੱਤਵਾਦੀ ਦੀ ਕਿਉਂ ਨਾ ਹੋਵੇ, ਮੈਨੂੰ ਉਸ ਦੀ ਤਕਲੀਫ ਹੁੰਦੀ ਹੈ। ਸੱਤਿਆਪਾਲ ਮਲਿਕ ਨੇ ਬਿਹਾਰ ਅਤੇ ਓਡੀਸ਼ਾ ਦੇ ਗਵਰਨਰ ਹੁੰਦੇ ਹੋਏ ਵੀ ਵਿਵਾਦ ਵਾਲੇ ਬਿਆਨ ਦਿੱਤੇ ਅਤੇ ਦੇਸ਼ ਵਿੱਚ ਵਧ ਰਹੀਆਂ ਬਲਾਤਕਾਰ ਦੀਆਂ ਘਟਨਾਵਾਂਬਾਰੇ ਕਿਹਾ ਸੀ ਕਿ ਉਤਰ ਭਾਰਤ ਵਿੱਚ ਮਰਦ ਜਾਨਵਰ ਹੋ ਗਏ ਹਨ।

ਜੰਮੂ-ਕਸ਼ਮੀਰ ਵਿੱਚਗਵਰਨਰੀ ਰਾਜ ਜੂਨ 2018 ਵਿੱਚ ਲਾਇਆ ਗਿਆ ਸੀ, ਜਦੋਂ ਭਾਜਪਾ ਨੇ ਓਥੇ ਮਹਿਬੂਬਾ ਮੁਫਤੀ ਦੀ ਪੀ ਡੀ ਪੀ ਸਰਕਾਰ ਤੋਂ ਆਪਣਾ ਸਮਰਥਨ ਵਾਪਸ ਲਿਆ ਅਤੇ ਸਰਕਾਰ ਘੱਟ ਗਿਣਤੀ ਵਿੱ-ਚਰਹਿ ਗਈ ਸੀ।

# ਭਾਰਤ ਵੱਲੋਂ ਦੋਸ਼: ਪਾਕਿ ਜਾਂਦੇ ਜਥਿਆਂ ਨੂੰ ਭਾਰਤ ਖਿਲਾਫ ਭੜਕਾਇਆ ਜਾਂਦੈ

ਨਵੀਂ ਦਿੱਲੀ, 21 ਜੁਲਾਈ (ਪੋਸਟ ਬਿਊਰੋ)- ਭਾਰਤ ਨੇ ਪਾਕਿਸਤਾਨ ਨੂੰ ਇਸ ਗੱਲ ਤੋਂ ਜਾਣੂੰ ਕਰਾਇਆ ਹੈ ਕਿ ਉਸ ਦੇਸ਼ ਵਿੱਚ ਜਾਂਦੇ ਸਿੱਖ ਸ਼ਰਧਾਲੂਆਂ ਨੂੰ ਲਗਾਤਾਰ ਭਾਰਤ ਵਿਰੋਧੀ ਪ੍ਰਚਾਰ ਤੇ ਖਾਲਿਸਤਾਨ ਏਜੰਡੇ ਦੇ ਲਈ ਭੜਕਾਇਆ ਜਾਂਦਾ ਅਤੇ ਉਥੇ ਬੈਠੇ ਤੱਤਾਂ ਵੱਲੋਂ ਉਨ੍ਹਾਂ ਦੀਆਂ ਭਾਵਨਾਵਾਂ ਨੂੰ ਠੇਸ ਲਾਉਣ ਲਈ ਭਾਰਤੀ ਝੰਡਾ ਸਾੜਿਆ ਜਾਂਦਾ ਹੈ।

ਪਾਕਿਸਤਾਨ ਨੂੰ ਸੌਂਪੇ ਇਕ ਡੋਜ਼ੀਅਰ (ਦਸਤਾਵੇਜ਼) ਵਿੱਚ ਭਾਰਤ ਨੇ ਕਿਹਾ ਕਿ ਉਥੋਂ ਦੇ ਇਕ ਕੇਂਦਰੀ ਮੰਤਰੀ ਨੇ ਹਿਜ਼ਬੁਲ ਮੁਜਾਹਦੀਨ ਦੇ ਮਾਰੇ ਗਏ ਅੱਤਵਾਦੀ ਬੁਰਹਾਨ ਵਾਨੀ ਦੀ ਪ੍ਰਸ਼ੰਸਾ ਕਰ ਕੇ ਸਿੱਖ ਸ਼ਰਧਾਲੂਆਂ ਨੂੰ ਆਪਣੇ ਸੰਬੋਧਨ 'ਚ ਕਿਹਾ ਕਿ ਭਾਰਤ ਸਰਕਾਰ ਸਿੱਖਾਂ ਤੇ ਕਸ਼ਮੀਰੀਆਂ ਦੇ ਨਾਲ ਗੁਲਾਮਾਂ ਵਾਂਗ ਵਿਹਾਰ ਕਰਦੀ ਹੈ। ਤਸਵੀਰਾਂ ਸਮੇਤ ਸੌਂਪੇ ਗਏ 23 ਸਫਿਆਂ ਦੇ ਡੋਜ਼ੀਅਰ 'ਚ ਕਿਹਾ ਗਿਆ ਹੈ ਕਿ ਧਾਰਮਿਕ ਸਥਾਨਾਂ 'ਤੇ ਜਾਣ ਵਾਲੇ 1974 ਦੇ ਦੁਵੱਲੇ ਪ੍ਰੋਟੋਕਾਲ ਦੇ ਹੇਠ ਭਾਰਤੀ ਸਿੱਖ ਜਥੇ ਸਾਲ 'ਚ ਚਾਰ ਵਾਰ ਪਾਕਿਸਤਾਨ ਦੇ ਗੁਰਦੁਆਰਿਆਂ ਦੀ ਯਾਤਰਾ ਕਰਦੇ ਹਨ। ਦੁਵੱਲੇ ਸਮਝੌਤੇ ਦੇ ਉਦੇਸ਼ਾਂ ਦੇ ਉਲਟ ਤੇ ਯਾਤਰਾ ਦੀ ਭਾਵਨਾ ਦੇ ਖਿਲਾਫ ਸਿੱਖ ਸ਼ਰਧਾਲੂਆਂ ਨੂੰ ਲਗਾਤਾਰ ਭਾਰਤ ਵਿਰੁੱਧ ਭੜਕਾਇਆ ਜਾਂਦਾ ਹੈ। ਕਰਤਾਰਪੁਰ ਸਾਹਿਬ ਲਾਂਘੇ ਦੇ ਲਈ ਬੀਤੇ ਦਿਨੀਂ ਵਾਹਗਾ ਵਿਖੇ ਦੁਵੱਲੀ ਬੈਠਕ 'ਚ ਭਾਰਤ ਨੇ ਪਾਕਿਸਤਾਨ ਨੂੰ ਇਹ ਡੋਜ਼ੀਅਰ ਸੌਂਪਿਆ, ਜਿਸ ਵਿੱਚ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਜਨਰਲ ਸਕੱਤਰ ਗੋਪਾਲ ਸਿੰਘ ਚਾਵਲਾ ਦੀ ਭਾਰਤੀ ਤਿਰੰਗੇ ਨੂੰ ਸਾੜਨ ਦੀ ਕਵਰ ਤਸਵੀਰ ਹੈ। ਇਸ 'ਚ ਕਿਹਾ ਗਿਆ ਹੈ ਕਿ ਬਦਕਿਸਮਤੀ ਨਾਲ ਧਾਰਮਿਕ ਸਮਾਗਮਾਂ ਦੌਰਾਨ ਇਸ ਤਰ੍ਹਾਂ ਦਾ ਕੂੜ ਪ੍ਰਚਾਰ ਕੀਤਾ ਜਾਂਦਾ ਹੈ। ਇਹ ਸਮਾਗਮ ਪਾਕਿਸਤਾਨ ਇਵੇਕੂਈ ਟਰੱਸਟ ਪ੍ਰਾਪਰਟੀ ਬੋਰਡ (ਈ ਟੀ ਪੀ ਬੀ) ਵੱਲੋਂ ਕਰਵਾਏ ਜਾਂਦੇ ਹਨ ਅਤੇ ਧਾਰਮਿਕ ਪ੍ਰਵਚਨ 'ਤੇ ਧਿਆਨ ਕੇਂਦਰਿਤ ਕਰਨ ਦੀ ਬਜਾਏ ਇਸ ਦਾ ਇਸਤੇਮਾਲ ਖਾਲਿਸਤਾਨ ਦੇ ਏਜੰਡੇ ਨੂੰ ਉਤਸ਼ਾਹਿਤ ਕਰਨ ਲਈ ਕੀਤਾ ਜਾਂਦਾ ਹੈ।

ਖਬਰ ਏਜੰਸੀ ਨੂੰ ਮਿਲੀ ਡੋਜ਼ੀਅਰ ਵਿੱਚ ਬੀਤੇ ਸਾਲਾਂ 'ਚ ਜਥਿਆਂ ਦੇ ਹਾਫਿਜ਼ ਸਈਦ ਨਾਲ ਮੁਲਾਕਾਤ ਦੀ ਇੱਕ ਤਸਵੀਰ ਵੀ ਹੈ। ਇਸ ਵਿੱਚ ਕਿਹਾ ਗਿਆ ਹੈ ਕਿ 2016 'ਚ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੌਰਾਨ ਪਾਕਿਸਤਾਨ ਦੇ ਧਾਰਮਿਕ ਮਾਮਲਿਆਂ ਬਾਰੇ ਕੇਂਦਰੀ ਮੰਤਰੀ ਸਰਦਾਰ ਮੁਹੰਮਦ ਯੂਸਫ ਨੇ ਗੁਰਦੁਆਰਾ ਨਨਕਾਣਾ ਸਾਹਿਬ 'ਚ ਹੋਏ ਮੁੱਖ ਸਮਾਗਮ 'ਚ ਆਪਣੇ ਸੰਬੋਧਨ ਦੌਰਾਨ ਬੁਰਹਾਨ ਵਾਨੀ ਦੀ ਪ੍ਰਸ਼ੰਸਾ ਕੀਤੀ ਅਤੇ ਦੋਸ਼ ਲਾਇਆ ਕਿ ਸਿੱਖਾਂ ਤੇ ਕਸ਼ਮੀਰੀਆਂ ਨਾਲ ਭਾਰਤ ਦੀ ਸਰਕਾਰ ਗੁਲਾਮਾਂ ਵਾਂਗ ਪੇਸ਼ ਆਉਂਦੀ ਹੈ। ਇਸੇ ਮੌਕੇ ਚਾਵਲਾ ਨੇ ਖਾਲਿਸਤਾਨ ਦੀ ਮੰਗ ਉਠਾਈ ਅਤੇ ਇਥੋਂ ਤੱਕ ਕਿ ਇਸ ਨੂੰ ਹਾਸਲ ਕਰਨ ਲਈ ਹਿੰਸਕ ਢੰਗਾਂ ਦੀ ਵੀ ਵਕਾਲਤ ਕੀਤੀ ਸੀ।

ਇਹੀ ਨਹੀਂ, 18 ਨਵੰਬਰ ਨੂੰ ਲਾਹੌਰ ਵਿਖੇ ਵਿਵਾਦ ਪੂਰਨ 'ਨਾਨਕਸ਼ਾਹੀ' ਕੈਲੰਡਰ 'ਤੇ ਇਕ ਸੈਮੀਨਾਰ ਕੀਤਾ ਗਿਆ, ਜਿਥੇ ਬੁਲਾਰਿਆਂ ਨੇ ਭਾਰਤ 'ਤੇ ਦੋਸ਼ ਲਾਇਆ ਕਿ ਉਹ ਸਿੱਖਾਂ ਅਤੇ ਮੁਸਲਮਾਨਾਂ ਦੇ ਹਿੱਤਾਂ ਦੀ ਰਾਖੀ ਨਹੀਂ ਕਰ ਰਹੇ। ਇਸ ਦੌਰਾਨ ਉਨ੍ਹਾਂ ਕਸ਼ਮੀਰ 'ਚ ਅੱਤਵਾਦ ਨੂੰ ਆਪਣੀ ਪੂਰਨ ਹਮਾਇਤ ਦਿੱਤੀ। ਡੋਜ਼ੀਅਰ ਮੁਤਾਬਕ ਨੋਟਬੰਦੀ, ਅਣ-ਅਧਿਕਾਰਤ 'ਸਰਬੱਤ ਖਾਲਸਾ' ਦੀ ਇਜਾਜ਼ਤ ਦੇਣ ਤੋਂ ਨਾਂਹ, ਪੰਜਾਬ ਦੀ ਸ਼ਮੂਲੀਅਤ ਵਾਲੇ ਅੰਤਰਰਾਜੀ ਵਿਵਾਦ ਤੇ ਖਾਲਿਸਤਾਨ ਦੀ ਸਥਾਪਨਾ ਦੇ ਮੁੱਦਿਆਂ 'ਤੇ ਸਿੱਖ ਸ਼ਰਧਾਲੂਆਂ ਨੂੰ ਭਾਰਤੀ ਸਰਕਾਰ ਖਿਲਾਫ ਭੜਕਾਉਣ ਦੇ ਯਤਨ ਕੀਤੇ ਗਏ। ਨਵੰਬਰ 2016 ਦੀ ਯਾਤਰਾ ਦੌਰਾਨ ਜਗਰੂਪ ਸਿੰਘ ਉਰਫ ਰੂਪਾ ਨੇ ਨੌਜਵਾਨਾਂ ਨੂੰ ਭਾਰਤ ਵਿੱਚ ਅੱਤਵਾਦੀ ਹਮਲੇ ਕਰਨ ਲਈ ਭੜਕਾਇਆ। ਅਪ੍ਰੈਲ 2017 ਵਿੱਚ ਵਿਸਾਖੀ ਜਥੇ ਦੇ ਦੌਰੇ ਦੌਰਾਨ ਯੂ ਕੇ ਆਧਾਰਿਤ ਇਕ ਖਾਲਿਸਤਾਨ ਪੱਖੀ ਮਨਮੋਹਨ ਸਿੰਘ ਬਜਾਜ ਨੂੰ ਗੁਰਦੁਆਰਾ ਪੰਜਾ ਸਾਹਿਬ ਵਿਖੇ ਸ਼ਰਧਾਲੂਆਂ ਨੂੰ ਸੰਬੋਧਨ ਕਰਨ ਦੀ ਇਜਾਜ਼ਤ ਦਿੱਤੀ ਗਈ, ਜਿਥੇ ਉਸ ਨੇ ਖਾਲਿਸਤਾਨ ਪੱਖੀ ਨਾਅਰੇ ਲਾਏ ਤੇ ਸਪੱਸ਼ਟ ਕਿਹਾ ਕਿ ਉਹ ਖਾਲਿਸਤਾਨ ਲਈ ਲੜ ਰਹੇ ਹਨ। ਸਮਾਗਮ ਦੌਰਾਨ ਵੱਖਵਾਦੀ ਮੁਹਿੰਮ 'ਰੈਫਰੈਂਡਮ 2020' 'ਗੈਟ ਰੈਡੀ ਫਾਰ ਰੈਫਰੈਂਡਮ 2020' ਦੇ ਕਈ ਪੋਸਟਰਾਂ ਨੂੰ ਗੁਰਦ-ਆਰਾ ਪੰਜਾ ਸਾਹਿਬ ਵਿਖੇ ਪ੍ਰਮੁੱਖਤਾ ਨਾਲ ਪ੍ਰਦਰਸ਼ਿਤ ਕਰਨ ਦੀ ਇਜਾਜ਼ਤ ਦਿੱਤੀ ਗਈ ਅਤੇ ਖਾਲਿਸਤਾਨ ਦੇ ਨਾਅਰਿਆਂ ਵਾਲੇ ਸੰਤ ਭਿੰਡਰਾਂਵਾਲਿਆਂ ਦੇ ਪੋਸਟਰ ਵੀ ਪ੍ਰਦਰਸ਼ਿਤ ਕੀਤੇ ਗਏ। ਅਪ੍ਰੈਲ 2018 'ਚ ਜਦ ਵਿਸਾਖੀ 'ਤੇ ਜਥਾ ਗਿਆ ਤਾਂ ਯੂ ਕੇ ਵਿਚਲੇ ਖਾਲਿਸਤਾਨ ਹਮਾਇਤੀ ਅਵਤਾਰ ਸਿੰਘ ਸੰਘੇੜਾ ਤੇ ਅਮਰੀਕਾ ਦੇ ਖਾਲਿਸਤਾਨੀ ਸਮਰਥਕ ਪ੍ਰਿਤਪਾਲ ਸਿੰਘ ਨੂੰ ਗੁਰਦੁਆਰਾ ਪੰਜਾ ਸਾਹਿਬ ਵਿਖੇ ਮੁੱਖ ਸਮਾਗਮ 'ਚ ਮੰਚ ਤੋਂ ਖਾਲਿਸਤਾਨ ਲਈ ਮੁਹਿੰਮ ਦੀ ਇਜਾਜ਼ਤ ਦਿੱਤੀ ਗਈ। ਜੂਨ 2018 'ਚ ਮਹਾਰਾਜਾ ਰਣਜੀਤ ਸਿੰਘ ਦੀ ਬਰਸੀ 'ਤੇ ਨਨਕਾਣਾ ਸਾਹਿਬ ਦੇ ਸਮਾਗਮ ਦੌਰਾਨ ਚਾਵਲਾ ਨੇ ਆਪਣੇ ਸੰਬੋਧਨ 'ਚ ਸਿੱਖ ਭਾਈਚਾਰੇ ਨੂੰ ਖਾਲਿਸਤਾਨ ਬਣਾਉਣ ਤੇ ਕਸ਼ਮੀਰੀਆਂ ਨੂੰ ਆਜ਼ਾਦ ਕਸ਼ਮੀਰ ਬਣਾਉਣ ਲਈ ਖੁੱਲ੍ਹ ਕੇ ਹਮਾਇਤ ਕੀਤੀ। ਡੋਜ਼ੀਅਰ 'ਚ ਉਨ੍ਹਾਂ ਸੋਸ਼ਲ ਮੀਡੀਆ ਪੇਜਾਂ ਨੂੰ ਵੀ ਸ਼ਾਮਲ ਕੀਤਾ ਗਿਆ ਹੈ, ਜਿਨ੍ਹਾਂ 'ਚ ਪਾਕਿਸਤਾਨੀ ਸਿੱਖ ਆਗੂਆਂ ਵੱਲੋਂ 'ਖਾਲਸਾ ਖਾਲਿਸਤਾਨ ਦਾ, ਕਸ਼ਮੀਰ ਪਾਕਿ-ਸਤਾਨ ਦਾ' ਵਰਗੇ ਸੰਦੇਸ਼ ਪਾਏ ਗਏ ਹਨ।

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ
Super Visa
- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
ICCRC
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

"Quality is our strength."
SKYDOME GROUP OF COMPANIES
MINISTRY APPROVED SALVAGE INSPECTION STATION
WE DEAL WITH ALL INSURANCE COMPANIES
Body Centre
Specializing In:
• Collision • Custom Painting
• Mechanical Service
• Insurance Claims Welcome
Inderjit Singh
Daljit Singh
308 Rutherford Road Brampton
905-874-9878
Skydome Emission & Allignment Centre Inc.
210 Rutherford Rd., Brampton
905-450-9878
WE SELL QUALITY USED CARS
STAFFORD TRUCK CENTRE
30 Stafford Dr., Brampton, Tel: 905-460-1414
HEAD OFFICE: 905-874-9878
Toll Free: 1-877-799-9878, www.skydomeauto.ca

Paramjit Deol Broker
CELL: 416-993-7378
7071 Airport Rd, Suit 201, Mississauga, ON
1. For top dollars, fast sale, Call Paramjit Deol
2 .New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available
Century 21 Leading Edge Realty Ltd Brokerage*
Tel:905-405-8484
www.paramjitdeol.com
Email: pdeol3@yahoo.ca
Your neighborhood broker, Call Paramjit Deol Today

CHATHAM KENT $85,000
Chittim/Blenheim: Excellent Opportunity For Investors & 1st Time Buyers, Excellent Location, Low Maintenance, Close To Downtown & New To Hwy 401, Currently Tenanted Property, Low Maintenance Fee. Tenants Willing To Stay To Leave, Very Low Vacancy In The Neighbourhood .

MISSISAUGA $169,900
Photo Not Available
7215 Goreway Dr 70 : Attention Investors!! Great Opportunity To Own A Unit In A Very Busy Plaza, Fully Constructed For Barber Shop Or Hair Salon, 3 Stations, Great Exposure And High Traffic Flow Daily Right Beside Fit4Less, Walmart, Freshco,LCBO.

BRAMPTON $199,000
25 Cherrycrest Dr: Excellent Chance To Be Your Own Boss. Well Established Pizza Fresh, Lots Of $$ Spent On Upgrades, Great Location, Very Low Rent. Developing Area With Lots Of Potential Money Making Opportunity, Seating For Up To 10 People.

BRAMPTON $229,000
Photo Not Available
10970 Bramalea Rd: Fantastic Opportunity In The Heart Of Brampton, Very Busy Restaurant Available , Excellent Location And Repeat Clientele , You Will Not Be Disappointed . Flexible Business Hours. Serving Both Indian & Canadian Items. Will Not Last Long!

MISSISSAUGA $449,000
Photo Not Available
5100 Erin Mills Pkwy 2E220: Fantastic Franchise Opportunity Of Awaits!! Well-Established Franchise Location Of Trade Secrets Beauty Salon. In Business For Many Years, One Of The Best Franchises Around The World The Famous Trade Secrets Is Very Profitable Industrial area. Sales Are 50K / Month

BRAMPTON $129,000
Photo Not Available
10095 Bramalea Rd 104 : Well Established Pizza & Curry Restaurant Very Profitable Business, Open 7 Days Excellent Monthly $ Producing Business. In One Of The Most Sought Out Locations. You Will Not Be Disappointed. Sale $35,000- 40,000

BRAMPTON $189,000
Photo Not Available
8770 The Gore Rd 6: Turn Key Operation, Well Established Sri Lankan & South Indian Restaurant, Be Your Own Boss Today, Situated In A Very Busy Plaza, Surrounded By Thousands Of Homes, High Traffic & Great Exposure, Sales Are Over 30K / Month

TORONTO $535,800
Don Mills/Steeles : Live In The Most Sought After Area In A Well Maintained 3 Bedrooms Apartment + Den With All The Conveniences. Best Schools, Arbor Glen Elementary, Highland Secondary & A.Y. Steps To all amenities.

TORONTO $673,800
Lawrence/ Port Union: Well Maintained Recently Renovated 3Br 3Wr, Beautiful House In A Great Location. Huge Kitchen With Brand New Countertop. Walkout To Back Yard, Spacious Bdrms And Mbr With 4 Pc Ensuite. New Laminate In L & D & 3 Brs. Bathrooms Recently Renovated.

BRAMPTON $330,000
SUBWAY eat fresh.
3024 Hurontario St G7 : Well Established. Turn Key Operation Subway Franchise, Be Your Own Boss Today, Located In A High Density Intersection, High Volume Traffic Flow, Sales Are $32,000.

TORONTO $569,000
Warden & Steeles : Penthouse Masterpiece! Modern And Spacious. You Won't Find Another Gem Like This In The Area!! Condo Features: Unobstructed View, Large Living Room, Brand New Kitchen Custom Cabinetry, Induction Stove, "High-End" Faucets,

BRAMPTON $639,000
Photo Not Available
50 Lacoste Blvd: Everything Ready To Go. No Need To Spend A Penny. This Comes With Full Improvements Including 8 Station Chairs & 8 Tables. Beautiful Reception Desk. 2 Spa Rooms, Tv, Washer, Fridge And Lots More As Someone Is Running Business In The Leased Premises.

BRANTFORD $499,000
Photo Not Available
639 Collarbone St W: Land For Sale! Amazing Opportunity For Investors, 1.4 Acres Land Huge Frontage Of 321.81 Facing Colborne St W, Many Uses Allowed Some Are Veterinary Clinic, Nursery & Garden Centre, Medical Marijuana Productions Facility Car Wash, Lumber Mill, Contractor Yard.

New Tecumseth $899,800
73 Morrison Ave: One Of A Kind Home With Custom Design Changes, Butlers Pantry, Main Floor Laundry & Added Sq Ft! 9' +/- Main Floor Ceilings, Under-Mount Kitchen Sink, Wall-Mount Pot Filler. Entrance To Garage From Home. Finished Basement.

MISSISSAUGA $635,000
7680 Benavon Rd: Beautifully Kept Semi-Detached Home In One Of Malton's Prime Areas. Large 3 Bedrooms On 2nd Floor, Basement Is Finished With Separate Entrance. Excellent Opportunity For Investors.

WOODSTOCK $1,125,000
257 Dundas St: Fantastic Investment Opportunity!! Brand New Built Store Front W/Apt, Situated In A Prime Location In Woodstock, Retail Area 1500 Sq Ft & Basement Included For Storage, 3 Bedroom Apartment On Upper Level, Brand New Built.

*Canadian punjabi post assumes no responsibility for the accuracy of any information shown. Copyright Ppost 2019









ਥੋਰਨ ਡੇਲ ਸੀਨੀਅਰ ਕਲਬ ਵੱਲੋਂ ਦੂਜਾ ਕੈਨੇਡਾ ਡੇਅ ਸਫਲਤਾ ਪੂਰਵਕ ਮਨਾਇਆ ਗਿਆ। ਇਸ ਮੌਕੇ ਛੋਟੇ ਬੱਚਿਆਂ ਨੇ ਪੇਸ਼ਕਾਰੀਆਂ ਦਿੱਤੀਆਂ। ਕਵੀਆਂ ਨੇ ਕਵਿਤਾਵਾਂ ਸੁਣਾਈਆਂ। ਇਸ ਪ੍ਰੋਗਰਾਮ 'ਚ ਪਹੁੰਚੇ ਗੁਰਬਖਸ਼ ਸਿੰਘ ਨੇ ਮੱਲ੍ਹੀ ਨੇ ਕੈਨੇਡਾ ਡੇਅ ਬਾਰੇ ਚਾਨਣਾ ਪਾਇਆ। ਇਸ ਦੌਰਾਨ ਗੁਰ-ਰਤਨ ਸਿੰਘ ਐੱਮ.ਪੀ.ਪੀ., ਕੌਂਸਲਰ ਗੁਰਪ੍ਰੀਤ ਸਿੰਘ ਢਿੱਲੋਂ, ਕੌਂਸਲਰ ਹਰਕੀਰਤ ਸਿੰਘ, ਸਕੂਲ ਟਰਸਟੀ ਬਲਬੀਰ ਸੋਹੀ, ਸਤਪਾਲ ਮੱਲ੍ਹੀ ਆਦਿ ਨੇ ਆਪਣੇ ਵਿਚਾਰ ਸਾਂਝੇ ਕੀਤੇ। ਇਸ ਦੌਰਾਨ ਕਲੱਬ ਵੱਲੋਂ ਬਲਬੀਰ ਸਿੰਘ ਜੌਹਲ, ਕੈਪਟਨ ਹਰਪਾਲ ਸਿੰਘ ਅਤੇ ਦਲੀਪ ਸਿੰਘ ਬਰਾੜ ਨੂੰ ਚੰਗੇ ਕੰਮਾਂ ਲਈ ਸਨਮਾਨਿਤ ਕੀਤਾ ਗਿਆ। ਅੰਤ ਵਿਚ ਖੇਡਾਂ ਕਰਵਾਈਆਂ ਗਈਆਂ ਤੇ ਜੇਤੂਆਂ ਨੂੰ ਟਰਾਫੀਆਂ ਦਿੱਤੀਆਂ ਗਈਆਂ। ਸਟੇਜ ਦੀ ਜ਼ਿੰਮੇਵਾਰੀ ਸਕੰਦਰ ਸਿੰਘ ਢਿੱਲੋਂ ਨੇ ਨਿਭਾਈ। ਪ੍ਰਧਾਨ ਹਰਦੀਪ ਸਿੰਘ ਸ਼ੋਕਰ ਵੱਲੋਂ ਸਾਰਿਆਂ ਦਾ ਧੰਨਵਾਦ ਕੀਤਾ ਗਿਆ।

## ਸ਼੍ਰੀ ਗੁਰੂ ਨਾਨਕ ਦੇਵ ਜੀ ਦੀ ਚਰਨਛੋਹ ਪ੍ਰਾਪਤ ਪਿੰਡਾਂ ਦੇ ਵਿਕਾਸ ਕਾਰਜਾਂ ਲਈ ਖਰਚੇ ਜਾਣਗੇ ਇਕ-ਇੱਕ ਕਰੋੜ ਰੁਪਏ : ਡੀ.ਸੀ.



ਮੋਗਾ, 21 ਜੁਲਾਈ (ਗਿਆਨ ਸਿੰਘ): ਪਹਿਲੀ ਪਾਤਸ਼ਾਹੀ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਜ਼ਿਲ੍ਹੇ ਵਿੱਚ ਸ਼੍ਰੀ ਗੁਰੂ ਨਾਨਕ ਦੇਵ ਜੀ ਦੀ ਚਰਨ ਛੋਹ ਪ੍ਰਾਪਤ, ਪੰਜ ਪਿੰਡ ਜੋ ਕਿ ਉਨ੍ਹਾਂ ਦੇ ਜੀਵਨ ਅਤੇ ਸਮੇ ਨਾਲ ਜੁੜੇ ਹੋਏ ਹਨ ਦੀ ਰੂਪ ਰੇਖਾ ਬਦਲੀ ਜਾਵੇਗੀ।

- ਡਿਪਟੀ ਕਮਿਸ਼ਨਰ ਸੰਦੀਪ ਹੰਸ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋ ਜ਼ਿਲ੍ਹੇ ਦੇ ਪੰਜ ਅਜਿਹੇ ਪਿੰਡਾਂ ਦੀ ਸ਼ਨਾਖਤ ਕੀਤੀ ਗਈ ਹੈ ਜਿਹੜੇ ਕਿਅਲਤਬਸ ਸ਼੍ਰੀ ਗੁਰੂ ਨਾਨਕ ਦੇਵ ਜੀ ਨਾਲ ਜੁੜੇ ਹੋਏ ਹਨ। ਅਲਤਬਸਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਇਨ੍ਹਾਂ ਪਿੰਡਾਂ ਦੇ ਵਿਕਾਸ ਕਾਰਜਾਂ ਲਈ ਇਕ-ਇੱਕ ਕਰੋੜ ਰੁਪਏ ਖਰਚ ਕਰੇਗੀ। ਜਾਣਕਾਰੀ ਅਨੁਸਾਰ ਸ਼੍ਰੀ ਗੁਰੂ ਨਾਨਕ ਦੇਵ ਜੀ ਨੇ ਮੋਗਾ ਜ਼ਿਲ੍ਹੇ ਦੇ ਦੌਧਰ ਗਰਬੀ, ਦੌਧਰ ਸ਼ਰਕੀ, ਪੱਤੋ ਹੀਰਾ ਸਿੰਘ, ਤਖਤੂਪੁਰਾ ਅਤੇ ਫਤਹਿਗੜ੍ਹ ਕੋਰੋਟਾਣਾ ਪਿੰਡਾਂ ਦਾ ਦੌਰਾ ਕੀਤਾ ਸੀ।

ਡਿਪਟੀ ਕਮਿਸ਼ਨਰ ਨੇ ਇਨ੍ਹਾਂ ਪਿੰਡਾਂ ਦੇ ਵਿਕਾਸ ਕਾਰਜਾਂ ਦੀ ਰੀਵਿਊ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਦੱਸਿਆ ਕਿ ਪੰਜਾਬ ਸਰਕਾਰ ਇਨ੍ਹਾਂ ਪਿੰਡਾਂ ਵਿੱਚ ਬੁਨਿਆਦੀ ਨਾਗਰਿਕ ਸਹੂਲਤਾਂ ਜਿਵੇ ਕਿ ਸੀਵਰੇਜ ਪ੍ਰਣਾਲੀ,ਤਲਾਬਾਂ ਦੇ ਪੁਨਰ ਨਿਰਮਾਣ,ਅਲਤਬਸਪਿੰਡਾਂ ਵਿਚ ਸੜਕਾਂ ਬਣਾਉਣ ਅਤੇ ਐੱਲ.ਈ.ਡੀ. ਸਟਰੀਟ ਲਾਈਟਾਂ ਲਗਾਉਣ ਤੋ ਇਲਾਵਾ ਜ਼ਿਲ੍ਹਾ ਪ੍ਰਸ਼ਾਸਨ ਚਾਰ ਇਤਿਹਾਸਿਕ ਗੁਰਦੁਆਰਿਆਂ ਨਾਲ ਜੁੜੇ ਰਸਤਿਆਂ ਦੀ ਸੁੰਦਰਤਾ ਨੂੰ ਵੀ ਯਕੀਨੀ ਬਣਾਏਗਾ। ਉਨ੍ਹਾਂ ਦੱਸਿਆ ਕਿ ਇਸ ਤੋ ਇਲਾਵਾ ਪਿੰਡਾਂ ਵਿੱਚ ਪਾਰਕ ਬਣਾਉਣੇ,ਲਾਇਬ੍ਰੇਰੀਆਂ ਦੀ ਸਥਾਪਨਾ ਕਰਨੀ ਅਤੇ ਪਿੰਡ ਦੇ ਸਕੂਲਾਂ ਨੂੰ ਅਪਗ੍ਰੇਡ ਕਰਨਾ ਵੀ ਸ਼ਾਮਿਲ ਹੋਵੇਗਾ।

ਡਿਪਟੀ ਕਮਿਸ਼ਨਰ ਸੰਦੀਪ ਹੰਸ ਨੇ ਅਧਿਕਾਰੀਆਂ ਨੂੰ ਆਦੇਸ਼ ਦਿੱਤਾ ਕਿ ਉਹ ਇਨ੍ਹਾਂ ਪੰਜ ਪਿੰਡਾਂ ਦੇ ਸਾਰੇ ਵਿਕਾਸ ਕਾਰਜਾਂ ਨੂੰ 15 ਸਤੰਬਰ ਤੱਕ ਮੁਕੰਮਲ ਕਰਨ ਨੂੰ ਯਕੀਨੀ ਬਣਾਉਣ। ਉਨ੍ਹਾਂ ਨੇ ਐਨ.ਆਰ.ਆਈ. ਅਤੇ ਹੋਰ ਗ਼ੈਰ-ਸਰਕਾਰੀ ਸੰਗਠਨਾਂ ਅਲਤਬਸਨੂੰ ਅੱਗੇ ਆਉਣ ਅਤੇ ਪਿੰਡਾਂ ਦੇ ਇਸ ਇਤਿਹਾਸਕ ਵਿਕਾਸ ਵਿੱਚ ਉਨ੍ਹਾਂ ਦੇ ਯੋਗਦਾਨ ਲਈ ਅਪੀਲ ਕੀਤੀ।

## ਲੋਕ ਵਿਰਾਸਤ ਅਕੈਡਮੀ ਵੱਲੋਂ ਕ੍ਰਿਸ਼ਨ ਕੁਮਾਰ ਬਾਵਾ ਦਾ ਚੇਅਰਮੈਨ ਬਣਨ 'ਤੇ ਸਨਮਾਨ



ਲੁਧਿਆਣਾ, 21 ਜੁਲਾਈ (ਗਿਆਨ ਸਿੰਘ): ਲੋਕ ਵਿਰਾਸਤ ਅਕਾਡਮੀ ਵੱਲੋਂ ਪੰਜਾਬ ਦੇ ਉਦਯੋਗਕ ਵਿਕਾਸ ਨਾਲ ਸਬੰਧਿਤ ਕਾਰਪੋਰੇਸ਼ਨ ਦੇ ਨਵ ਨਿਯੁਕਤ ਚੇਅਰਮੈਨ ਕ੍ਰਿਸ਼ਨ ਕੁਮਾਰ ਬਾਵਾ ਨੂੰ ਲੁਧਿਆਣਾ ਦੇ ਸ਼ਹੀਦ ਭਗਤ ਸਿੰਘ ਨਗਰ ਵਿਖੇ ਪੰਜਾਬ ਰਾਜ ਉਦਯੋਗ ਵਿਕਾਸ ਨਿਗਮ ਦਾ ਚੇਅਰਮੈਨ ਬਣਨ ਤੇ ਸਨਮਾਨਿਤ ਕੀਤਾ ਗਿਆ। ਬਾਬਾ ਬੰਦਾ ਸਿੰਘ ਬਹਾਦਰ ਫਾਉਂਡੇਸ਼ਨ ਤੇ ਮਾਲਵਾ ਸਭਿਆਚਾਰ ਮੰਚ ਦੇ ਚੇਅਰਮੈਨ ਬਾਵਾ ਇਸ ਤੋਂ ਪਹਿਲਾਂ ਦੋ ਵਾਰ ਹਾਊਸਫੈੱਡ ਪੰਜਾਬ ਦੇ ਚੇਅਰਮੈਨ ਰਹਿ ਚੁਕੇ ਹਨ।

ਬਾਵਾ ਦੇ ਸਵਾਗਤ ਚ ਬੋਲਦਿਆਂ ਲੋਕ ਵਿਰਾਸਤ ਅਕਾਡਮੀ ਦੇ ਚੇਅਰਮੈਨ ਪ੍ਰੋ: ਗੁਰਭਜਨ ਸਿੰਘ ਗਿੱਲ ਵੇ ਦੱਸਿਆ ਕਿ ਬਾਵਾ ਨੇ 1980 ਤੋਂ ਜਗਦੇਵ ਸਿੰਘ ਜੱਸੋਵਾਲ ਜੀ ਦੀ ਪ੍ਰੇਰਨਾ ਨਾਲ ਸਿਆ-ਸਤ, ਸਮਾਜ ਸੇਵਾ, ਪੇਂਡੂ ਵਿਕਾਸ ਤੇ ਸਭਿਆਚਾਰ ਦੇ ਖੇਤਰ ਵਿੱਚ ਸਰਗਰਮੀ ਸ਼ੁਰੂ ਕੀਤੀ। ਪਿੰਡ ਰਕਬਾ (ਲੁਧਿਆਣਾ) ਜੰਮਪਲ ਬਾਵਾ ਨੇ 26 ਸਾਲ ਪਹਿਲਾਂ ਸਾਡੇ ਸਭ ਦੇ ਸੰਗ ਸਾਥ ਹਰ ਸਾਲ ਧੀਆਂ ਦਾ ਲੋਹੜੀ ਮੇਲਾ ਸ਼ੁਰੂ ਕੀਤਾ ਤਾਂ ਜੋ ਭਰੂਣ ਹੱਤਿਆ ਦੇ ਖਿਲਾਫ਼ ਲੋਕ ਆਵਾਜ਼ ਬੁਲੰਦ ਹੋ ਸਕੇ। ਇਸ ਦਾ ਆਰੰਭ ਸ਼ਹੀਦ ਕਰਤਾਰ ਸਿੰਘ ਸਰਾਭਾ ਜੀ ਦੇ ਬੁੱਤ ਤੋਂ ਲੈ ਕੇ ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਜੀ ਦੇ ਬੁੱਤਾਂ ਤੀਕ ਹਜ਼ਾਰਾਂ ਲੋਕਾਂ ਦੇ ਕਾਫ਼ਲੇ ਦੀ ਅਗਵਾਈ ਕਰਕੇ ਕੀਤਾ।

ਬਾਵਾ ਬਾਰੇ ਬੋਲਦਿਆਂ ਪੰਜਾਬੀ ਸਾਹਿੱਤ ਅਕਾਡਮੀ ਲੁਧਿਆਣਾ ਦੇ ਲੰਮਾ ਸਮਾਂ ਮੀਤ ਪ੍ਰਧਾਨ ਰਹੇ ਪ੍ਰਸਿੱਧ ਪੰਜਾਬੀ ਕਵੀ ਤ੍ਰੈਲੋਚਨ ਲੋਚੀ ਨੇ ਕਿਹਾ ਕਿ ਬਾਬਾ ਬੰਦਾ ਸਿੰਘ ਬਹਾਦਰ ਦੀ ਕੁਰਬਾਨੀ ਤੇ ਇਤਿਹਾਸਕ ਯੋਗਦਾਨ ਬਾਰੇਬਾਵਾ ਜੀ ਨੇ ਦੇਸ਼ ਬਦੇਸ਼ ਵਿੱਚ ਲੋਕਾਂ ਨੂੰ ਲਗਾਤਾਰ ਸੁਚੇਤ ਕੀਤਾ ਅਤੇ ਰਕਬਾ ਸਥਿਤ ਬਾਬਾ ਬੰਦਾ ਸਿੰਘ ਬਹਾਦਰ ਭਵਨ ਵਿਖੇ ਸ਼੍ਰੀ ਗੁਰੂ ਗਰੰਥ ਸਾਹਿਬ ਦੇ ਬਾਣੀਕਾਰਾਂ ਦੇ ਚਿੱਤਰ ਅਰ ਐੱਮ ਸਿੰਘ ਤੋਂ ਤਿਆਰ ਕਰਵਾ ਕੇ ਸ਼ਬਦ ਪ੍ਰਕਾਸ਼ ਅਜਾਇਬ ਘਰ ਦੇ ਰੂਪ ਵਿੱਚ ਕੌਮ ਨੂੰ ਸਮਰਪਿਤ ਕੀਤਾ ਹੈ।

ਸੁਰਜੀਤ ਸਪੋਰਟਸ ਅਸੋਸੀਏਸ਼ਨ ਬਟਾਲਾ ਦੇ ਪ੍ਰਧਾਨ ਪਿਰਥੀਪਾਲ ਸਿੰਘ ਨੇ ਕਿਹਾ ਕਿ ਬਾਵਾ ਜੀ ਨੇ ਸਿਰਫ਼ ਸਿਆਸਤ ਨਹੀਂ ਕੀਤੀ ਸਗੋਂ ਸਰਬ ਧਰਮਾਂ ਦੇ ਮਹਾਨ ਵਿਚਾਰਵਾਨਾਂ ਨੂੰ ਇਕਸਾਰ ਸਨਮਾਨ ਦੇ ਕੇ ਸਮਾਜ ਵਿੱਚ ਸਤਿਕਾਰ ਲਿਆ ਹੈ। ਹੁਣ ਉਹ ਸਿਰਫ਼ ਮਾਲਵਾ ਖੇਤਰ ਦੇ ਨਹੀਂ ਸਗੋਂ ਪੂਰੇ ਸੰਸਾਰ ਚ ਵੱਸਦੇ ਪੰਜਾਬੀਆਂ ਦੇ ਹਰਮਨ ਪਿਆਰੇ ਆਗੂ ਬਣ ਗਏ ਹਨ।

ਕ੍ਰਿਸ਼ਨ ਕੁਮਾਰ ਬਾਵਾ ਨੇ ਧੰਨਵਾਦ ਦੇ ਸ਼ਬਦ ਬੋਲਦਿਆਂ ਕਿਹਾ ਕਿ ਉਹ ਇਕੱਲੇ ਕੁਝ ਵੀ ਨਹੀਂ ਹਨ ਸਗੋਂ ਹਰ ਖੇਤਰ ਦੇ ਆਗੂਆਂ ਦੀ ਪ੍ਰੇਰਨਾ ਨਾਲ ਹੀ ਮੈਂ ਉੱਸਰ ਸਕਿਆ ਹਾਂ। ਉਨ੍ਹਾਂ ਕਿਹਾ ਕਿ ਆਪਣੇ ਪਿਤਾ ਜੀ ਬਲਭੱਦਰ ਦਾਸ ਜੀ ਪਾਸੋਂ ਜੀਵਨ ਸੰਘਰਸ਼ ਦੀ ਦਾਤ, ਜੱਸੋਵਾਲ ਜੀ ਤੋਂ ਸਿਆਸਤ ਦੇ ਨਾਲ ਨਾਲ ਸਮਾਜ ਦਾ ਸਰਬਪੱਖੀ ਵਿਕਾਸ ਅਤੇ ਹਰ ਖੇਤਰ ਦੇ ਸ਼ਾਹ ਸਵਾਰਾਂ ਕੋਲੋਂ ਸਹਿਯੋਗ ਲੈ ਕੇ ਗੋਹੜੇ ਚੋਂ ਸਿਰਫ਼ ਕੁਝ ਪੂਣੀਆਂ ਕੱਤੀਆਂ ਹਨ। ਉਨ੍ਹਾਂ ਕਿਹਾ ਕਿ ਪੰਜਾਬ ਦੇ ਪੇਂਡੂ ਵਿਕਾਸ ਲਈ ਕਸਬਿਆਂ ਚ ਉਦਯੋਗਕ ਵਿਕਾਸ ਕਰਨ ਦੀ ਲੋੜ ਹੈ। ਇਸ ਸਬੰਧੀ ਰਾਜ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਜੀ ਤੇ ਉਦਯੋਗ ਮੰਤਰੀ ਸ਼੍ਰੀ ਸੁੰਦਰ ਸ਼ਾਮ ਅਰੋੜਾ ਜੀ ਦੀ ਦਿਸ਼ਾ ਨਿਰਦੇਸ਼ਨਾ ਅਧੀਨ ਪਾਰਦਰਸ਼ੀ ਸਮਰੱਥ ਨੀਤੀ ਤਿਆਰ ਕੀਤੀ ਜਾਵੇਗੀ ਅਤੇ ਇਨਵੈਸਟ ਪੰਜਾਬ ਦੇ ਸਹਿਯੋਗ ਨਾਲ ਨਵੇਂ ਉੱਦਮੀਆਂ ਨੂੰ ਪੰਜਾਬ ਚ ਉਦਯੋਗ ਲਾਉਣ ਲਈ ਪ੍ਰੇਰਿਆ ਜਾਵੇਗਾ।

ਪਿੰਡ ਦਾਦ ਦੇ ਸਰਪੰਚ ਜਗਦੀਸ਼ਪਾਲ ਸਿੰਘ ਗਰੇਵਾਲ ਨੇ ਕ ਕ ਬਾਵਾ ਨੂੰ ਪਿੰਡ ਪੰਚਾਇਤ ਵੱਲੋਂ ਗੁਲਦਸਤਾ ਭੇਂਟ ਕਰਕੇ ਸਨਮਾਨਿਤ ਕੀਤਾ। ਇਸ ਮੌਕੇ ਬਲਕਾਰ ਸਿੰਘ, ਪਰਮਜੀਤ ਸਿੰਘ, ਗਗਨਦੀਪ ਬਾਵਾ ਤੇ ਅਰਜਨ ਬਾਵਾ ਵੀ ਹਾਜ਼ਰ ਸਨ।

## ਭਾਰਤ ਵਿੱਚ ਐਕੂਪੰਕਚਰ ਇਲਾਜ ਪ੍ਰਣਾਲੀ ਨੂੰ ਪ੍ਰਫੁੱਲਤ ਕਰਨ ਲਈ ਚੀਨ ਸਹਿਯੋਗ ਦੇਵੇਗਾ : ਕਾਰਜਕਾਰੀ ਚੀਨੀ ਰਾਜਦੂਤ



ਲੁਧਿਆਣਾ, 21 ਜੁਲਾਈ (ਗਿਆਨ ਸਿੰਘ): ਭਾਰਤ ਸਰਕਾਰ ਅਤੇ ਚੀਨ ਸਰਕਾਰ ਦੇ ਸਾਝੇ ਸਹਿਯੋਗ ਨਾਲ ਲੁਧਿਆਣਾ ਸਥਿਤ ਡਾਕਟਰ ਡੀ.ਐਨ ਕੋਟਨਿਸ ਵਿੱਚ ਚੀਨੀ ਇਲਾਜ ਪ੍ਰਣਾਲੀ ਜੋ ਕਿ ਐਕੁਪੰਕਚਰ ਪ੍ਰਣਾਲੀ ਦੇ ਨਾ ਹੇਠ ਜਾਣੀ ਜਾਦੀ ਹੈ,ਨੂੰ ਦੋਵਾ ਸਰਕਾਰਾ ਵਿਚਾਲੇ ਹੋਏ ਲਿਖਤੀ ਸਮਝੋਤੇ ਤਹਿਤ ਭਾਰਤ ਵਿੱਚ ਪ੍ਰਫੁੱਲਤ ਕੀਤਾ ਜਾ ਰਿਹਾ ਹੈ,ਜਦੋ ਕਿ ਇਸ ਦੇ ਇਵਜ ਵਿੱਚ ਚੀਨ ਵਿੱਚ ਯੋਗ ਨੂੰ ਵਧਾਇਆ ਜਾ ਰਿਹਾ ਹੈ। ਇਹ ਵਿਚਾਰ ਭਾਰਤ ਸਥਿਤ ਦਿੱਲੀ ਵਿੱਚ ਚੀਨੀ ਦੂਤਾਵਾਸ ਵਿੱਚ ਤੈਨਾਤ ਕਾਰਜਕਾਰੀ ਰਾਜਦੂਤ ਮਿਸਟਰ ਜਾਂਗ ਜਿਆਕਿਸਨ ਨੇ ਅੱਜ ਲੁਧਿਆਣਾ ਸਥਿਤ ਡਾਕਟਰ ਡੀ.ਐਨ ਕੋਟਨਿਸ ਹਸਪਤਾਲ ਵਿੱਚ ਐਕੁਪੰਕਚਰ ਇਲਾਜ ਪ੍ਰਣਾਲੀ ਸੰਬੰਧੀ ਸ਼ੁਰੂ ਹੋਈ ਕੌਮਾਤਰੀ ਪੱਧਰ ਦੀ ਕਾਰਜਸ਼ਾਲਾ ਦਾ ਉਦਘਾਟਨ ਕਰਦਿਆ ਪ੍ਰਗਟ ਕੀਤੇ । ਇਸ ਮੌਕੇ ਕਾਰਜਕਾਰੀ ਰਾਜਦੂਤ ਨੇ ਕਿਹਾ ਕਿ ਐਕੁਪੰਕਚਰ ਇਲਾਜ ਪ੍ਰਣਾਲੀ ਜਿਥੇ ਭਿਆਨਕ ਸਰੀਰਕ ਬੀਮਾਰੀਆ ਦੇ ਇਲਾਜ ਲਈ ਪ੍ਰਭਾਵਸ਼ਾਲੀ ਸਿੱਧ ਹੋ ਰਹੀ ਹੈ,ਉਥੇ ਸਸਤੀ ਹੋਣ ਦੇ ਨਾਲ-ਨਾਲ ਬੀਮਾਰੀ ਜੜ੍ਹ ਤੋ ਕੱਢਣ ਲਈ ਵੀ ਸਾਰਥਕ ਹੈ। ਚੀਨੀ ਰਾਜਦੂਤ ਨੇ ਅੱਗੇ ਕਿਹਾ ਕਿ ਚੀਨ ਭਾਰਤ ਵਿੱਚ ਐਕੁਪੰਕਚਰ ਇਲਾਜ ਪ੍ਰਣਾਲੀ ਪ੍ਰਫੁੱਲਤ ਕਰਨ ਲਈ ਭਾਰਤ ਸਰਕਾਰ ਹਰ ਸੰਭਵ ਸਹਿਯੋਗ ਦੇਵੇਗਾ। ਇਸ ਮੌਕੇ ਕਾਰਜਸ਼ਾਲਾ ਦੌਰਾਨ ਕਰਵਾਏ ਗਏ ਸਮਾਗਮ ਵਿੱਚ ਵਿਸ਼ੇਸ ਮਹਿਮਾਨ ਦੇ ਤੌਰ ਤੇ ਹਾਜਰ ਭਾਰਤ ਸਰਕਾਰ ਦੇ ਆਯੂਸ਼ ਮੰਤਰਾਲਾ ਦੇ ਗਵਰਨਿਗ ਬਾਡੀ ਦੇ ਮੈਂਬਰ ਡਾ.ਦਿਨੇਸ਼ ਉਪਾਧਿਆ ਨੇ ਸੰਬੋਧਨ ਭਾਰਤ ਸਰਕਾਰ ਕੁਦਰਤੀ ਇਲਾਜ ਪ੍ਰਣਾਲੀ,ਯੋਗਾ,ਐਕੁਪੰਕਚਰ ਇਲਾਜ ਪ੍ਰਣਾਲੀ,ਐਕੁਪ੍ਰੰਸ਼ਰ ਇਲਾਜ ਪ੍ਰਣਾਲੀ ਸਮੇਤ ਭਾਰਤੀ ਰਿਵਾਇਤੀ ਇਲਾਜ ਪ੍ਰਣਾਲੀ ਪ੍ਰਫੁੱਲਤ ਕਰਨ ਲਈ ਹਰ ਸੰਭਵ ਯਤਨ ਜੁਟਾ ਰਹੀ ਹੈ। ਇਸ ਮੌਕੇ ਏ.ਆਈ.ਜੀ ਇਕਬਾਲ ਸਿੰਘ ਗਿੱਲ ਨੇ ਵੀ ਆਪਣੇ ਵਿਚਾਰ ਰੱਖੇ ,ਜਦੋ ਕਿ ਹਸਪਤਾਲ ਦੇ ਪ੍ਰਮੁੱਖ ਪ੍ਰਬੰਧਕ ਤੇ ਐਕੂਪੰਕਚਰ ਇਲਾਜ ਪ੍ਰਣਾਲੀ ਦੇ ਮਾਹਿਰ ਡਾ.ਇੰਦਰਜੀਤ ਸਿੰਘ ਢੀਗਰਾ ਨੇ ਚੀਨੀ ਇਲਾਜ ਪ੍ਰਣਾਲੀ ਬਾਰੇ ਵਿਸਥਾਰ ਪੂਰਵਕ ਚਾਨਣਾ ਪਾਇਆ । ਇਸ ਮੌਕੇ ਕਾਰਜਸ਼ਾਲਾ ਵਿੱਚ ਵਿਸ਼ੇਸ ਤੌਰ ਤੇ ਆਪਣੇ ਕੁੰਜੀਵਤ ਐਕੁਪੰਕਚਰ ਇਲਾਜ ਪ੍ਰਣਾਲੀ ਸੰਬੰਧੀ ਪਰਚੇ ਪੜਨ ਲਈ ਚੀਨ ਤੋ ਪਹੁੰਚੇ 7 ਮਾਹਿਰ ਡਾਕਟਰਾ ਤੋ ਇਲਾਵਾ ਡਾ. ਨੇਹਾ ਢੀਗਰਾ, ਡਾ.ਸੰਦੀਪ ਚੋਪੜਾ(ਦਿੱਲੀ), ਡਾ ਚੇਤਨਾ ਚੋਪੜਾ (ਦਿੱਲੀ), ਡਾ.ਬਖਸ਼ੀ (ਕੋਲਕਾਤਾ), ਡਾ. ਰਘਵੀਰ ਸਿੰਘ (ਲੁਧਿਆਣਾ) ਤੇ ਹੋਰ ਡਾਕਟਰਾ ਨੇ ਵੀ ਆਪਣੇ ਵਿਚਾਰ ਰੱਖੇ। ਕਾਰਕਸ਼ਾਲਾ ਦੌਰਾਨ ਦੇਸ਼-ਵਿਦੇਸ਼ ਵਿੱਚੋ ਵੱਡੀ ਗਿਣਤੀ ਡੈਲੀਗੇਟਸ ਹਿੱਸਾ ਲੈ ਰਹੇ ਹਨ ਇਸ ਮੌਕੇ ਨੇਹਾ ਢੀਗਰਾ ਨੇ ਦੱਸਿਆ ਕਿ ਕਾਰਕਸ਼ਾਲਾ 31ਜੁਲਾਈ ਜਾਰੀ ਰਹੇਗੀ ਤੇ ਇਸ ਦੇ ਨਾਲ ਨਾਲ ਲੋੜਵੰਦ ਮਰੀਜਾ ਲਈ ਐਕੂਪੰਕਚਰ ਇਲਾਜ ਪ੍ਰਣਾਲੀ ਨਾਲ ਸੰਬੰਧ ਡਾਕਟਰੀ ਕੈਪ ਦੀ ਲੜੀ ਵੀ ਚਲਦੀ ਰਹੇਗੀ ।ਤੇ ਇਸ ਮੌਕੇ ਕਾਗਰਸੀ ਆਗੂ ਦਲਜੀਤ ਸਿੰਘ ਭੋਲਾ.ਭਾਜਪਾ ਆਗੂ ਜਸਵੰਤ ਸਿੰਘ, ਤਰਸੇਮ ਗੁਪਤਾ, ਵਿਜੈ ਤਾਇਲ, ਅਜੈ ਅਰੋੜਾ, ਅਸ਼ਵਨੀ ਕੁਮਾਰ,ਸੀਮਾ ਮਹਿਤਾ ਤੋ ਇਲਾਵਾ ਹੋਰ ਸ਼ਖਸੀਅਤਾਂ ਹਾਜਰ ਸਨ।

KARTAR FURNITURE

ਫਰਨੀਚਰ ਦੀ ਦੁਨੀਆ ਦਾ ਇੱਕੋ ਇੱਕ ਟਿਕਾਊ ਨਾਮ

ਕਰਤਾਰ ਫਰਨੀਚਰ





- ਅਸੀਂ ਸੋਫਾ ਸੈੱਟ ਖੁੱਦ ਹੱਥੀ ਤਿਆਰ ਕਰਦੇ ਹਾਂ
- ਕਸਟਮਰ ਆਪਣੀ ਪਸੰਦ ਦੇ ਸਪਰਿੰਗ, ਫੇਬਰਿਕ ਅਤੇ ਡਿਜਾਇਨ ਦੱਸ ਸਕਦੇ ਹਨ
- ਪੁਰਾਣੇ ਸੋਫਿਆਂ ਤੇ ਡਾਇਨਿੰਗ ਚੇਅਰ ਨੂੰ ਹਾਰਡ ਫੋਮ ਭਰਕੇ ਨਵਾਂ ਬਣਾਓ

Email: kartarfurnitue@live.com

Call Rajinder Singh 416.741.9657 69 Westmore Dr. #20 Etobicoke ON, M9V 3Y6

ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ




Join and Represent Us

- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

905-707-1512
905-707-1513
Molly@jfgroup.ca
Toronto Head Office: 15 wertheim court # 501 Richmond Hill, ON L4B 3H7

## ਹੜ੍ਹਾਂ ਦਾ ਕਾਂਗਰਸ ਸਰਕਾਰ ਕਰੇਗੀ ਪੱਕਾ ਹੱਲ : ਸਰਕਾਰੀਆ



ਚੰਡੀਗੜ੍ਹ, 21 ਜੁਲਾਈ (ਗਿਆਨ ਸਿੰਘ): ਬਰਸਾਤਾਂ ਦੇ ਮੌਸਮ ਵਿੱਚ ਘੱਗਰ ਦਰਿਆ ਵੱਲੋਂ ਕੀਤੇ ਜਾਂਦੇ ਨੁਕਸਾਨ ਦਾ ਪੱਕਾ ਹੱਲ ਕਾਂਗਰਸ ਸਰਕਾਰ ਵੱਲੋਂ ਜਲਦੀ ਕੀਤਾ ਜਾਵੇਗਾ। ਇਹ ਪ੍ਰਗਟਾਵਾ ਅੱਜ ਪੰਜਾਬ ਦੇ ਜਲ ਸਰੋਤ ਮੰਤਰੀ ਸੁਖਬਿੰਦਰ ਸਿੰਘ ਸਰਕਾਰੀਆ ਵੱਲੋਂ ਸੰਗਰੂਰ ਅਤੇ ਪਟਿਆਲਾ ਜ਼ਿਲ੍ਹੇ ਦੇ ਹੜ੍ਹ ਪ੍ਰਭਾਵਿਤ ਪਿੰਡਾਂ ਦੇ ਦੌਰੇ ਅਤੇ ਰਾਹਤ ਕਾਰਜਾਂ ਦੇ ਜਾਇਜ਼ੇ ਦੌਰਾਨ ਕੀਤਾ ਗਿਆ।

ਦੋ-ਰੋਜ਼ਾ ਪੰਜਾਬ ਦੌਰੇ ਦੇ ਅੱਜ ਆਖਰੀ ਦਿਨ ਸਰਕਾਰੀਆ ਵੱਲੋਂ ਸੰਗਰੂਰ ਜ਼ਿਲ੍ਹੇ ਦੇ ਪਿੰਡ ਫੂਲਦ, ਜਿਥੇ ਘੱਗਰ ਵਿੱਚ ਪਾੜ ਪੈਣ ਕਾਰਨ ਭਾਰੀ ਨੁਕਸਾਨ ਹੋਇਆ ਹੈ, ਅਤੇ ਖਨੌਰੀ ਤੋਂ ਇਲਾਵਾ ਪਟਿਆਲਾ ਜ਼ਿਲ੍ਹੇ ਦੇ ਪਿੰਡ ਬਾਦਸ਼ਾਹਪੁਰ ਅਤੇ ਸਿਰਕਪੜਾ ਦਾ ਦੌਰਾ ਕੀਤਾ ਗਿਆ। ਉਨ੍ਹਾਂ ਕਿਹਾ ਕਿ ਘੱਗਰ ਵੱਲੋਂ ਕੀਤੇ ਜਾਂਦੇ ਨੁਕਸਾਨ ਦੇ ਹੱਲ ਲਈ ਪਿਛਲੀ ਸਰਕਾਰ ਵੱਲੋਂ ਕੋਈ ਕਦਮ ਨਹੀਂ ਚੁੱਕਿਆ ਗਿਆ ਬਲਕਿ ਮਹਿਜ਼ ਬਿਆਨਬਾਜ਼ੀ ਹੀ ਕੀਤੀ ਗਈ ਹੈ ਜਦੋਂ ਕਿ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਇਸ ਦੇ ਪੱਕੇ ਹੱਲ ਲਈ ਸੁਹਿਰਦ ਯਤਨ ਕੀਤੇ ਜਾ ਰਹੇ ਹਨ।

ਜਲ ਸਰੋਤ ਮੰਤਰੀ ਨੇ ਦੱਸਿਆ ਕਿ ਇਸ ਵਾਰ ਸਾਲ ਦੀ ਸ਼ੁਰੂਆਤ ਵਿੱਚ ਹੀ ਹੜ੍ਹ ਰੋਕੂ ਪ੍ਰਬੰਧਾਂ ਸਬੰਧੀ ਮੀਟਿੰਗ ਕੀਤੀ ਗਈ ਸੀ, ਜੋ ਕਿ ਪਹਿਲਾਂ ਬਰਸਾਤਾਂ ਦੇ ਮੌਸਮ ਵਿੱਚ ਹੁੰਦੀ ਸੀ, ਜਿਸ ਸਦਕਾ ਇਸ ਵਾਰ ਸੂਬੇ ਵਿੱਚ 15 ਤੋਂ 17 ਜੁਲਾਈ ਦਰਮਿਆਨ ਰਿਕਾਰਡ ਭਾਰੀ ਮੀਂਹ ਪੈਣ ਦੇ ਬਾਵਜੂਦ ਪਿਛਲੇ ਸਾਲਾਂ ਨਾਲੋਂ ਘੱਟ ਨੁਕਸਾਨ ਹੋਇਆ ਹੈ ਕਿਉਂਕਿ ਸਾਰੇ ਪ੍ਰਬੰਧ ਸਮੇਂ ਸਿਰ ਕਰ ਲਏ ਸਨ।



# ਸੰਪਾਦਕੀ

## ਕੈਨੇਡਾ ਫੂਡ ਗਾਈਡ ਬਣੀ ਭਖਵਾਂ ਮੁੱਦਾ

ਬੀਤੇ ਦਿਨੀਂ ਸਸਕਾਟੂਨ ਵਿੱਚ ਕੈਨੇਡਾ ਦੇ ਡੇਅਰੀ ਫਾਰਮਰਾਂ ਦੀ ਸਾਲਾਨਾ ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਕੰਜ਼ਰਵੇਟਿਵ ਲੀਡਰ ਐਂਡਰੀਊ ਸ਼ੀਅਰ ਨੇ ਵਾਅਦਾ ਕੀਤਾ ਕਿ ਸੱਤਾ ਵਿੱਚ ਆਉਣ ਦੀ ਸੂਰਤ ਵਿੱਚ ਕੈਨੇਡਾ ਫੂਡ ਗਾਈਡ ਦਾ ਮੁੜ ਮੁਲਾਂਕਣ ਨਵੀਂ ਫੂਡ ਗਾਈਡ ਵਿੱਚ ਕਈ ਤਰੁਟੀਆਂ ਸਨ ਕਿਉਂਕਿ ਇਸ ਵਿੱਚ ਸੁਝਾਏ ਗਏ ਨੁਕਤੇ ਸਾਇੰਸ ਉੱਤੇ ਆਧਾਰਿਤ ਨਹੀਂ ਹਨ। ਸ਼ੀਅਰ ਮੁਤਾਬਕ ਉਸਦੀ ਸਰਕਾਰ ਫੂਡ ਗਾਈਡ ਨੂੰ ਸਾਇੰਸ ਦੇ ਸਿਧਾਂਤਾਂ ਨੂੰ ਅਪਣਾ ਕੇ ਤਿਆਰ ਕਰੇਗੀ।

ਐਂਡਰੀਊ ਸ਼ੀਅਰ ਦੇ ਬਿਆਨ ਨਾਲ ਫੂਡ ਗਾਈਡ ਦਾ ਮੁੱਦਾ ਇੱਕਦਮ ਸਿਆਸੀ ਚਰਚਾ ਦਾ ਰੂਪ ਧਾਰਨ ਕਰ ਗਿਆ ਹੈ। ਲੰਬੇ ਸਮੇਂ ਵਿੱਚ ਇਹ ਪਹਿਲੀ ਵਾਰ ਸੀ ਕਿ ਇਸ ਸਾਲ ਰੀਲੀਜ਼ ਕੀਤੀ ਗਈ ਫੂਡ ਗਾਈਡ ਵਿੱਚ ਦਰਜ਼ ਸਿਫਾਰਸ਼ਾਂ ਇੰਡਸਟਰੀ ਦੇ ਹਿੱਤਾਂ ਦੀ ਪੂਰਤੀ ਕਰਨ ਵਾਲੀਆਂ ਘੱਟ ਅਤੇ ਪਬਲਿਕ ਦੀ ਸਿਹਤ ਨੂੰ ਤੰਦਰੁਸਤ ਰੱਖਣ ਵਾਲੀਆਂ ਵੱਧ ਸਨ। ਮਿਸਾਲ ਵਜੋਂ ਨਵੀਂ ਫੂਡ ਗਾਈਡ ਵਿੱਚ ਪਾਣੀ ਨੂੰ ਮਨੁੱਖ ਵਾਸਤੇ ਨੰਬਰ ਇੱਕ ਪੇਅ ਪਦਾਰਥ ਦੱਸਿਆ ਗਿਆ ਕਿਉਂਕਿ ਪਾਣੀ ਸਿਹਤ ਲਈ ਚੰਗਾ ਹੈ, ਇਸ ਵਿੱਚ ਕੋਈ ਕੈਲੋਰੀ ਨਹੀਂ, ਇਸਦਾ ਕੋਈ ਸਾਈਡ ਈਫੈਕਟ ਨਹੀਂ ਅਤੇ ਇਸਦਾ ਸੇਵਨ ਮਨੁੱਖ ਦੇ ਅੰਦਰੂਨੀ ਸਿਸਟਮ ਨੂੰ ਤਰੋਤਾਜ਼ਾ ਹੀ ਨਹੀਂ ਰੱਖਦਾ ਸਗੋਂ ਤੰਦਰੁਸਤ ਵੀ ਬਣਾਉਂਦਾ ਹੈ। ਇਵੇਂ ਹੀ ਨਵੀਂ ਫੂਡ ਗਾਈਡ ਵਿੱਚ ਮੀਟ ਦੀ ਥਾਂ ਸਬਜ਼ੀਆਂ ਭਾਜੀਆਂ ਉੱਤੇ ਵਧੇਰੇ ਜ਼ੋਰ ਦੇਣ ਦੀ ਸਿਫਾਰਸ਼ ਕੀਤੀ ਗਈ ਸੀ।

ਇਸ ਸਾਲ ਫੂਡ ਗਾਈਡ ਦੇ ਰੀਲੀਜ਼ ਹੋਣ ਵੇਲੇ ਡੇਅਰੀ ਇੰਡਸਟਰੀ ਤੋਂ ਇਲਾਵਾ ਮੀਟ, ਕੋਲਾ ਕੋਲਾ, ਪੈਪਸੀ ਆਦਿ ਪੇਅ ਪਦਾਰਥ ਇੰਡਸਟਰੀ ਨੇ ਖੂਬ ਰੌਲਾ ਰੱਪਾ ਪਾਇਆ ਸੀ। ਵੈਸੇ ਫੂਡ ਗਾਈਡ ਦਾ ਇਤਿਹਾਸ ਰਿਹਾ ਹੈ ਕਿ ਇਸ ਵਿੱਚ ਉਪਭੋਗਤਾਵਾਂ (consumers) ਦੇ ਹਿੱਤਾਂ ਨਾਲੋਂ ਆਰਥਕ ਅਤੇ ਇੰਡਸਟਰੀ ਹਿੱਤ ਵਧੇਰੇ ਪੂਰੇ ਜਾਂਦੇ ਰਹੇ ਹਨ। 1942 ਵਿੱਚ ਪਹਿਲੀ ਵਾਰ ਫੂਡ ਗਾਈਡ ਆਫੀਸ਼ੀਅਲ ਫੂਡ ਰੂਲਜ਼ ਨਾਮ ਤਹਿਤ ਜਾਰੀ ਕੀਤੀ ਗਈ ਸੀ। ਉਸ ਵੇਲੇ ਫੂਡ ਗਾਈਡ ਵਿੱਚ ਵਿਸ਼ਵ ਜੰਗ ਕਾਰਣ ਪੈਦਾ ਹੋਈ ਖਾਣੇ ਦੀ ਘਾਟ ਨਾਲ ਸਿੱਝਣ ਦੀ ਲੋੜ ਨੂੰ ਸਾਹਮਣੇ ਰੱਖ ਕੇ ਸਿਫਾਰਸ਼ਾਂ ਕੀਤੀਆਂ ਗਈਆਂ ਸਨ। ਇਸਤੋਂ ਬਾਅਦ ਆਮ ਕਰਕੇ ਫੂਡ ਗਾਈਡ ਦਾ ਇਤਿਹਾਸ ਪਬਲਿਕ ਦੀ ਸਿਹਤ ਨੂੰ ਅੱਖੋਂ ਪਰੋਖੇ ਕਰਕੇ ਇੰਡਸਟਰੀ ਦੇ ਹਿੱਤਾਂ ਦੀ ਪੂਰਤੀ ਕਰਨ ਵਾਲਾ ਰਿਹਾ ਹੈ।

ਆਪਣਾ ਵਿਵਾਦਗ੍ਰਸਟ ਬਿਆਨ ਦੇਣ ਵੇਲੇ ਐਂਡਰੀਊ ਸ਼ੀਅਰ ਨੇ ਇਹ ਨਹੀਂ ਦੱਸਿਆ ਕਿ ਕਿਸ ਪੜਤਾਲ ਦੇ ਆਧਾਰ ਉੱਤੇ ਕਿਹਾ ਜਾ ਸਕਦਾ ਹੈ ਕਿ ਨਵੀਂ ਗਾਈਡ ਸਾਇੰਸ ਦੇ ਸਿਧਾਂਤਾਂ ਉੱਤੇ ਖਰੀ ਨਹੀਂ ਉੱਤਰਦੀ? ਪੌਦਿਆਂ ਆਧਾਰਿਤ ਖਾਣੇ (plant based food) ਦੀ ਸਾਰਥਕਤਾ ਬਾਰੇ ਵਿਸ਼ਵ ਭਰ ਵਿੱਚ ਮਾਨਤਾ ਪੈਦਾ ਹੋ ਚੁੱਕੀ ਹੈ। ਨਿਊ ਯਾਰਕ ਆਧਾਰਿਤ Zion Market Research ਵੱਲੋਂ ਜਾਰੀ ਕੀਤੀ ਗਈ ਇੱਕ ਰਿਪੋਰਟ ਮੁਤਾਬਕ ਪੌਦਿਆਂ ਆਧਾਰ ਖਾਣੇ ਦੀ ਮਾਰਕੀਟ ਦਾ ਅਗਲੇ ਪੰਜ ਸਾਲਾਂ ਵਿੱਚ ਸਾਈਜ਼ 21.23 ਬਿਲੀਅਨ ਡਾਲਰ ਹੋ ਜਾਵੇਗਾ। ਇਸਦਾ ਇਹ ਭਾਵ ਨਹੀਂ ਕਿ ਮੀਟ ਦੀ ਖਪਤ ਬਿਲਕੁਲ ਬੰਦ ਕਰਨ ਦੀ ਸਿਫਾਰਸ਼ ਕੀਤੀ ਜਾਂਦੀ ਹੈ ਪਰ ਮੈਡੀਕਲ ਸਾਇੰਸ ਦੱਸਦੀ ਹੈ ਕਿ ਮੋਟੇ ਮੀਟ ਅਤੇ ਫੈਟ ਵਾਲੇ ਖਾਣੇ ਨਾਲ ਮਨੁੱਖੀ ਸਿਹਤ ਦਾ ਨੁਕਸਾਨ ਹੁੰਦਾ ਹੈ। ਕੈਨੇਡਾ ਵਿੱਚ ਹਰ ਸਾਲ 66,000 ਲੋਕ ਮੋਟਾਪੇ ਨਾਲ ਜੁੜੀਆਂ ਬਿਮਾਰੀਆਂ ਕਾਰਣ ਮਰਦੇ ਹਨ। 2016 ਵਿੱਚ ਸੀਨੇਟ ਵੱਲੋਂ ਕਰਵਾਈ ਗਈ ਸਟੱਡੀ ਵਿੱਚ ਪਾਇਆ ਗਿਆ ਸੀ ਕਿ 1980 ਤੋਂ ਬਾਅਦ ਕੈਨੇਡਾ ਵਿੱਚ ਮੋਟਾਪੇ ਤੋਂ ਗ੍ਰਸਤ ਬਾਲਗਾਂ ਦੀ ਗਿਣਤੀ ਵਿੱਚ 66% ਵਾਧਾ ਹੋਇਆ ਹੈ ਜਦੋਂ ਕਿ ਬੱਚਿਆਂ ਵਿੱਚ ਮੋਟਾਪਾ ਤਿੰਨ ਗੁਣਾ ਵਧਿਆ ਹੈ।

ਇਸ ਸਾਰੇ ਬਿਰਤਾਂਤ ਦਾ ਮਕਸਦ ਇਹ ਸਿੱਟਾ ਕੱਢਣਾ ਨਹੀਂ ਕਿ ਐਂਡਰੀਊ ਸ਼ੀਅਰ ਨੇ ਫੂਡ ਗਾਈਡ ਬਾਰੇ ਗੱਲ ਕਿਉਂ ਆਖੀ ਕਿਉਂਕਿ ਤਬਦੀਲੀ ਤਾਂ ਕੁਦਤਰ ਦਾ ਨੇਮ ਹੈ। ਜੋ ਚੀਜ਼ ਅੱਜ ਸਹੀ ਹੈ, ਕੱਲ ਨੂੰ ਉਸ ਵਿੱਚ ਸੁਧਾਰ ਕਰਨਾ ਲਾਜ਼ਮੀ ਬਣ ਜਾਣਾ ਹੁੰਦਾ ਹੈ। ਸੁਆਲ ਸਿਰਫ਼ ਇਹ ਹੈ ਕਿ ਸ਼ੀਅਰ ਨੇ ਸਿਹਤ ਦੇ ਮੁੱਦੇ ਨੂੰ ਪਿੱਛੇ ਪਾ ਕੇ ਡੇਅਰੀ ਫਾਰਮਰਾਂ ਦੀਆਂ ਵੋਟਾਂ ਹਾਸਲ ਕਰਨ ਲਈ ਫੂਡ ਗਾਈਡ ਨੂੰ ਸਿਆਸੀ ਚਰਚਾ ਦਾ ਵਿਸ਼ਾ ਬਣਾ ਦਿੱਤਾ ਹੈ। ਚੇਤੇ ਰਹੇ ਕਿ ਇਹ ਡੇਅਰੀ ਫਾਰਮਰਾਂ ਦੀ ਹਮਾਇਤ ਹੀ ਸੀ ਜਿਸਨੇ ਸ਼ੀਅਰ ਨੂੰ ਟੋਰੀ ਪਾਰਟੀ ਦਾ ਲੀਡਰ ਬਣਨ ਲਈ ਮੈਕਸਿਮ ਬਰਨੀਏ ਨੂੰ ਹਰਾਉਣ ਵਿੱਚ ਮਦਦ ਕੀਤੀ ਸੀ। ਹੁਣ ਐਂਡਰੀਊ ਸ਼ੀਅਰ ਨੇ ਫੈਡਰਲ ਚੋਣਾਂ ਦੇ ਨੇੜੇ ਆ ਕੇ ਫੂਡ ਗਾਈਡ ਬਾਰੇ ਚਰਚਾ ਨੂੰ ਸਿਆਸੀ ਰੰਗਤ ਦੇ ਦਿੱਤੀ ਹੈ। ਕੀ ਉਹ ਇਹ ਪੱਤਾ ਖੇਡ ਕੇ ਆ ਰਹੀਆਂ ਫੈਡਰਲ ਚੋਣਾਂ ਵਿੱਚ ਮੈਕਸਿਮ ਬਰਨੀਏ ਵਾਗੂੰ ਲਿਬਰਲ ਪਾਰਟੀ ਨੂੰ ਸਿਕਸ਼ਤ ਦੇਣ ਵਿੱਚ ਸਫ਼ਲ ਹੋ ਸਕੇਗਾ?

## ਮੈਰੀਯੁਆਨਾ ਦੀ ਸਾਈਡਵਾਕ ਸੇਲ ਨੂੰ ਰੋਕਣ ਲਈ ਸੰਘਰਸ਼ ਕਰ ਰਹੀ ਹੈ ਟੋਰਾਂਟੋ ਪੁਲਿਸ

...ਪੰਨਾ 1 ਦਾ ਬਾਕੀ

ਇਸ ਸਬੰਧ ਵਿੱਚ ਇੱਕ 22 ਸਾਲਾ ਵਿਅਕਤੀ ਨੂੰ ਵੀ ਗ੍ਰਿਫਤਾਰ ਕੀਤਾ ਗਿਆ। ਐਤਵਾਰ ਨੂੰ ਜਾਰੀ ਕੀਤੇ ਗਏ ਟਵੀਟਸ ਤੋਂ ਬਾਅਦ ਪੁਲਿਸ ਨੇ ਆਖਿਆ ਕਿ ਦੋ ਬੰਦ ਕੀਤੀਆਂ ਗਈਆਂ ਗੈਰਕਾਨੂੰਨੀ ਡਿਸਪੈਂਸਰੀਆਂ ਦੇ ਬਾਹਰ ਲੋਕ ਮੈਰੀਯੁਆਨਾ ਖਰੀਦਣ ਲਈ ਇੱਕਠੇ ਹੋਣੇ ਸ਼ੁਰੂ ਹੋ ਗਏ ਸਨ ਪਰ ਪੁਲਿਸ ਅਧਿਕਾਰੀਆਂ ਦੇ ਉੱਥੇ ਪਹੁੰਚਣ ਉੱਤੇ ਉਹ ਸਾਰੇ ਉੱਥੋਂ ਖਿਸਕ ਗਏ। ਗੈਰਕਾਨੂੰਨੀ ਤੌਰ ਉੱਤੇ ਮੈਰੀਯੁਆਨਾ ਵੇਚਣ ਵਾਲੇ ਡਿਸਪੈਂਸਰੀਆਂ ਦੇ ਕਰਿੰਦੇ ਵੀ ਉੱਥੋਂ ਫਰਾਰ ਹੋ ਗਏ। ਉੱਥੋਂ ਪੁਲਿਸ ਨੂੰ ਕਈ ਅਜਿਹੇ ਆਈਪੈਡ ਮਿਲੇ ਜਿਨ੍ਹਾਂ ਵਿੱਚ ਕਸਟਮਰਜ਼ ਦੇ ਨਾਂ, ਵਿੱਤੀ ਜਾਣਕਾਰੀ, ਉਨ੍ਹਾਂ ਦੇ ਆਰਡਰ, ਡੈਬਿਟ ਮਸ਼ੀਨਾਂ ਨਾਲ ਕਸਟਮਰਜ਼ ਲਈ ਲੇਬਲਡ ਗੈਰਕਾਨੂੰਨੀ ਪ੍ਰੋਡਕਟ ਤੋਂ ਇਲਾਵਾ ਵਾਕੀ ਟਾਕੀ ਰੇਡੀਓ ਵੀ ਮਿਲੇ।

ਟੋਰਾਂਟੋ ਪੁਲਿਸ ਨੇ ਲੋਕਾਂ ਨੂੰ ਇਹ ਚੇਤਾਵਨੀ ਦਿੱਤੀ ਹੈ ਕਿ ਕਾਨੂੰਨੀ ਡਿਸਪੈਂਸਰੀਆਂ ਤੇ ਥਾਂਵਾਂ ਤੋਂ ਇਲਾਵਾ ਗੈਰਕਾਨੂੰਨੀ ਥਾਂਵਾਂ ਤੋਂ ਮੈਰੀਯੁਆਨਾ ਖਰੀਦ ਕੇ ਉਹ ਸੰਗਠਿਤ ਜੁਰਮ ਨੂੰ ਸ਼ਹਿ ਦੇ ਰਹੇ ਹਨ।

## ਦਿੱਲੀ ਗੁਰਦੁਆਰਾ ਕਮੇਟੀ ਦੇ ਸਾਬਕਾ ਪ੍ਰਧਾਨ ਮਨਜੀਤ ਸਿੰਘ ਜੀ ਕੇ ਉੱਤੇ ਸ਼ਿਕੰਜਾ ਹੋਰ ਕੱਸਿਆ

ਨਵੀਂ ਦਿੱਲੀ, 21 ਜੁਲਾਈ (ਪੋਸਟ ਬਿਊਰੋ)- ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਮਨਜੀਤ ਸਿੰਘ ਜੀ ਕੇ ਵਿਰੁੱਧ ਸ਼ਿਕੰਜਾ ਹੋਰ ਕੱਸਿਆ ਗਿਆ ਹੈ। ਉਨ੍ਹਾਂ ਦੇ ਦਫਤਰ ਵਿੱਚ ਹੋਏ ਘਪਲਿਆਂ ਦੀ ਜਾਂਚ ਦਿੱਲੀ ਪੁਲਸ ਦੀ ਕਰਾਈਮ ਬ੍ਰਾਂਚ ਕਰੇਗੀ। ਅਜੇ ਤੱਕ ਇਹ ਜਾਂਚ ਨਾਰਥ ਐਵੇਨਿਊ ਥਾਣੇ ਦੀ ਪੁਲਸ ਕਰ ਰਹੀ ਸੀ। ਅਦਾਲਤ ਦੇ ਹੁਕਮ ਪਿੱਛੋਂ ਦਿੱਲੀ ਪੁਲਸ ਨੇ ਘਪਲੇ ਦੀ ਮੁੜ ਤੋਂ ਜਾਂਚ ਕਰਨ ਦਾ ਫੈਸਲਾ ਕੀਤਾ ਹੈ।

ਇਸ ਸੰਬੰਧ ਵਿੱਚ ਦਿੱਲੀ ਪੁਲਸ ਨੇ ਅਦਾਲਤ ਵਿੱਚ ਘਪਲੇ ਨਾਲ ਸੰਬੰਧਤ ਸਟੇਟਸ ਰਿਪੋਰਟ ਪੇਸ਼ ਕੀਤੀ ਤੇ ਨਾਲ ਕੁਝ ਨਵੀਆਂ ਧਾਰਾਵਾਂ ਨੂੰ ਜੋੜ ਦਿੱਤਾ ਗਿਆ ਹੈ। ਇਹ ਜਾਣਕਾਰੀ ਦਿੱਲੀ ਕਮੇਟੀ ਦੇ ਸਾਬਕਾ ਜਨਰਲ ਸਕੱਤਰ ਤੇ ਕਮੇਟੀ ਦੇ ਮੌਜੂਦਾ ਮੈਂਬਰ ਗੁਰਮੀਤ ਸਿੰਘ ਸ਼ੰਟੀ ਨੇ ਕੱਲ੍ਹ ਪੱਤਰਕਾਰਾਂ ਨੂੰ ਦਿੱਤੀ ਹੈ। ਇਸ ਮਾਮਲੇ ਵਿੱਚ ਮਨਜੀਤ ਸਿੰਘ ਜੀ ਕੇ, ਸਾਬਕਾ ਜਾਇੰਟ ਸਕੱਤਰ ਅਮਰਜੀਤ ਸਿੰਘ ਪੱਪੂ ਅਤੇ ਦੋ ਹੋਰਨਾਂ ਉੱਤੇ ਦੋਸ਼ ਹਨ। ਸ਼ੰਟੀ ਨੇ ਦੋਸ਼ ਲਾਇਆ ਕਿ ਮਨਜੀਤ ਸਿੰਘ ਜੀ ਕੇ ਨੇ ਉਕਤ ਵਿਅਕਤੀਆਂ ਨਾਲ ਮਿਲ ਕੇ ਵਰਦੀ ਘਪਲਾ, ਧਾਰਮਿਕ ਪੁਸਤਕ ਘਪਲਾ ਅਤੇ 51 ਲੱਖ ਰੁਪਏ ਦੇ ਦਾਨ ਦਾ ਘਪਲਾ ਕੀਤਾ ਹੈ। ਮਨਜੀਤ ਸਿੰਘ ਜੀ ਕੇ ਨੇ ਆਪਣੇ ਵਿਰੁੱਧ ਪਟਿਆਲਾ ਹਾਊਸ ਕੋਰਟ ਵਿੱਚ ਚੱਲਦੇ ਮਾਮਲੇ ਦੀ ਜਾਂਚ ਦਿੱਲੀ ਪੁਲਸ ਦੀ ਕਰਾਈਮ ਬ੍ਰਾਂਚ ਕੋਲ ਜਾਣ ਦਾ ਸਵਾਗਤ ਅਤੇ ਕਿਹਾ ਕਿ ਇਹ ਜਾਂਚ ਪਾਰਦਰਸ਼ੀ ਅਤੇ ਸ਼ਿਕਾਇਤ ਕਰਤਾ ਦੀ ਸੰਤੁਸ਼ਟੀ ਵਾਲੀ ਹੋਵੇ, ਇਹ ਮੇਰਾ ਸ਼ੁਰੂ ਤੋਂ ਮੰਨਣਾ ਹੈ। ਇਸ ਨਾਲ ਜਿੱਥੇ ਦੁੱਧ ਦਾ ਦੁੱਧ ਤੇ ਪਾਣੀ ਦਾ ਪਾਣੀ ਹੋਵੇਗਾ, ਉਥੇ ਸੱਚਾਈ ਅਤੇ ਝੂਠ ਦੇ ਬੇਮੇਲ ਗਠਜੋੜ ਦਾ ਵੀ ਪਰਦਾ ਫਾਸ਼ ਹੋਵੇਗਾ।

## ਸੁਪਰੀਮ ਕੋਰਟ ਨੇ ਕਿਹਾ: ਅਯੁੱਧਿਆ ਕੇਸ ਬਾਰੇ 13 ਦਿਨਾਂ ਅੰਦਰ ਸਮਝੌਤਾ ਨਾ ਹੋਵੇ ਤਾਂ ਦੋ ਅਗਸਤ ਤੋਂ ਰੋਜ਼ ਸੁਣਵਾਈ ਹੋਵੇਗੀ

ਨਵੀਂ ਦਿੱਲੀ, 21 ਜੁਲਾਈ (ਪੋਸਟ ਬਿਊਰੋ)- ਅਯੁੱਧਿਆ ਜ਼ਮੀਨ ਵਿਵਾਦ ਕੇਸ ਬਾਰੇ ਸੁਪੀਰਮ ਕੋਰਟ ਨੇ ਕਿਹਾ ਹੈ ਕਿ ਜੇ ਆਉਂਦੇ 13 ਦਿਨਾਂ ਵਿੱਚ ਸਮਝੌਤਾ ਨਾ ਹੋਵੇ ਤਾਂ ਦੋ ਅਗਸਤ ਤੋਂ ਰੋਜ਼ ਸੁਣਵਾਈ ਕੀਤੀ ਜਾਵੇਗੀ। ਕੋਰਟ ਨੇ ਇਸ ਕੇਸ ਦੀ ਵਿਚੋਲਗੀ ਕਮੇਟੀ ਨੂੰ 31 ਜੁਲਾਈ ਤੱਕ ਦਾ ਸਮਾਂ ਦੇ ਦਿੱਤਾ ਹੈ। ਕੱਲ੍ਹ ਸੁਣਵਾਈ ਦੌਰਾਨ ਚੀਫ ਜਸਟਿਸ ਰੰਜਨ ਗੋਗੋਈ ਨੇ ਕਿਹਾ ਕਿ ਅਜੇ ਵਿਚੋਲਗੀ ਕਮੇਟੀ ਦੀ ਰਿਪੋਰਟ ਅਸੀਂ ਰਿਕਾਰਡ 'ਤੇ ਨਹੀਂ ਲਿਆ ਰਹੇ, ਕਿਉਂਕਿ ਇਹ ਖੁਫੀਆ ਹੈ। ਪੈਨਲ ਨੂੰ 31 ਜੁਲਾਈ ਤੱਕ ਅੰਤਿਮ ਰਿਪੋਰਟ ਸੌਂਪਣ ਲਈ ਕਿਹਾ ਗਿਆ ਹੈ। ਚੀਫ ਜਸਟਿਸ ਨੇ ਕਿਹਾ ਕਿ ਦੋ ਅਗਸਤ ਨੂੰ ਸੁਣਵਾਈ ਵਿੱਚ ਅੱਗੋਂ ਦੋ ਮੁੱਦਿਆਂ ਅਤੇ ਦਸਤਾਵੇਜ਼ਾਂ ਦੇ ਅਨੁ-ਵਾਦ ਦੇ ਨੁਕਸ ਨੂੰ ਪਛਾਣਿਆ ਜਾਏਗਾ। ਮੰਨਿਆ ਜਾਂਦਾ ਹੈ ਕਿ ਦੋ ਅਗਸਤ ਨੂੰ ਸੁਪਰੀਮ ਕੋਰਟ ਕੁਝ ਅਹਿਮ ਮੁੱਦਿਆਂ ਨੂੰ ਧਿਆਨ ਵਿੱਚ ਰੱਖ ਕੇ ਸੁਣਵਾਈ ਸ਼ੁਰੂ ਕਰੇਗੀ। ਚੀਫ ਜਸਟਿਸ ਰੰਜਨ ਗੋਗੋਈ ਨੇ ਸੁਪਰੀਮ ਕੋਰਟ ਦੇ ਸੇਵਾਮੁਕਤ ਜੱਜ ਜਸਟਿਸ ਕਲੀਫੁੱਲਾ ਦੀ ਅਗਵਾਈ ਹੇਠ ਅਯੁੱਧਿਆ ਕੇਸ ਦੇ ਨਿਪਟਾਰੇ ਲਈ ਵਿਚੋਲਗੀ ਕਮੇਟੀ ਬਣਾਈ ਸੀ, ਜਿਸ ਨੇ ਸਭ ਧਿਰਾਂ ਨਾਲ ਗੱਲ ਕੀਤੀ ਹੈ। ਕਈ ਧਿਰਾਂ ਦਾ ਕਹਿਣਾ ਹੈ ਕਿ ਵਿਚੋਲਗੀ ਕਮੇਟੀ ਕੋਲੋਂ ਇਸ ਦਾ ਹੱਲ ਨਹੀਂ ਨਿਕਲੇਗਾ। ਅਯੁੱਧਿਆ ਕੇਸ ਦੀ ਸੁਣਵਾਈ ਦੌਰਾਨ ਸਾਬਕਾ ਚੀਫ ਜਸਟਿਸ ਦੀਪਕ ਮਿਸ਼ਰਾ ਦੀ ਅਗਵਾਈ ਵਾਲੇ ਸੰਵਿਧਾਨਕ ਬੈਂਚ ਨੇ ਸਾਫ ਕਿਹਾ ਸੀ ਕਿ ਸਾਡੇ ਲਈ ਇਹ ਆਸਥਾ ਦਾ ਮੁੱਦਾ ਨਹੀਂ, ਜ਼ਮੀਨੀ ਵਿਵਾਦ ਹੈ। ਅਸੀਂ ਮਾਲਿਕੀ ਹੱਕ ਦੀ ਸੁਣਵਾਈ ਕਰਾਂਗੇ।

ਪੰਜਾਬੀ ਪੋਸਟ
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Karam Singh Punia<br>Gyan Singh; Angrej Singh |
| Office Admin | Priya Sodhi |
| Marketing Executives | Priya Sodhi<br>Kamaljeet Kaur |
| Graphic Designer | Satnam Singh |
| Photographer | Kanwaljit Singh Kanwal |
| Distributer | Aman Warraich |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

## ਰੋਹਿਤ ਸ਼ੇਖਰ ਦੀ ਹੱਤਿਆ ਪਤਨੀ ਅਪੂਰਵਾ ਨੇ ਕੀਤੀ ਨਿਕਲੀ

ਨਵੀਂ ਦਿੱਲੀ, 21 ਜੁਲਾਈ (ਪੋਸਟ ਬਿਊਰੋ)- ਕਾਂਗਰਸ ਦੇ ਸੀਨੀਅਰ ਨੇਤਾ ਅਤੇ ਸਾਬਕਾ ਮੁੱਖ ਮੰਤਰੀ ਨਰਾਇਣ ਦੱਤ ਤਿਵਾੜੀ ਦੇ ਪੁੱਤਰ ਰੋਹਿਤ ਸ਼ੇਖਰ ਤਿਵਾੜੀ (40) ਦੇ ਕਤਲ ਕੇਸ ਵਿੱਚ ਦਿੱਲੀ ਪੁਲਸ ਦੀ ਕਰਾਈਮ ਬ੍ਰਾਂਚ ਨੇ ਸਾਕੇਤ ਕੋਰਟ ਵਿੱਚ ਕੱਲ੍ਹ ਦੋਸ਼ ਪੱਤਰ ਦਾਇਰ ਕਰ ਦਿੱਤਾ। ਇਸ ਵਿੱਚ ਪੁਲਸ ਨੇ ਦੱਸਿਆ ਕਿ ਪਤਨੀ ਅਪੂਰਵਾ ਸ਼ੁਕਲਾ (35) ਨੇ ਰੋਹਿਤ ਦਾ ਗਲਾ, ਮੂੰਹ ਤੇ ਨੱਕ ਘੁੱਟ ਦਿੱਤਾ ਸੀ, ਜਿਸ ਕਾਰਨ ਉਸ ਦੀ ਮੌਤ ਹੋ ਗਈ ਸੀ।

ਪਤਾ ਲੱਗਾ ਹੈ ਕਿ 518 ਪੇਜਾਂ ਦੇ ਦੋਸ਼ ਪੱਤਰ ਵਿੱਚ ਪੁਲਸ ਨੇ ਰੋਹਿਤ ਦੇ ਪਰਵਾਰ ਦੇ ਬਹੁਤੇ ਮੈਂਬਰਾਂ ਤੇ ਉਨ੍ਹਾਂ ਦੇ ਕੋਲ ਕੰਮ ਕਰਦੇ ਕਾਰਿੰਦੇ ਸਮੇਤ 56 ਲੋਕਾਂ ਨੂੰ ਗਵਾਹ ਬਣਾਇਆ ਹੈ। 15 ਅਪ੍ਰੈਲ ਦੀ ਦੇਰ ਰਾਤ ਅਪੂਰਵਾ ਨੇ ਰੋਹਿਤ ਦੀ ਹੱਤਿਆ ਕੀਤੀ ਸੀ। ਦੋਸ਼ ਪੱਤਰ ਵਿੱਚ ਦੱਸਿਆ ਗਿਆ ਹੈ ਕਿ ਰੋਹਿਤ ਅਤੇ ਉਸ ਦੇ ਘਰ ਦਿਆਂ ਦੇ ਵਿਹਾਰ ਤੋਂ ਅਪੂਰਵਾ ਮਾਨਸਿਕ ਤਣਾਅ ਵਿੱਚ ਸੀ। ਘਟਨਾ ਵਾਲੀ ਰਾਤ 15 ਅਪ੍ਰੈਲ ਨੂੰ ਰੋਹਿਤ ਦੇ ਉਤਰਾਖੰਡ ਤੋਂ ਘਰ ਮੁੜਨ 'ਤੇ ਪਹਿਲਾਂ ਦੋਵਾਂ ਦਾ ਝਗੜਾ ਹੋਇਆ ਸੀ। ਰੋਹਿਤ ਨੂੰ ਕਈ ਬਿਮਾਰੀਆਂ ਸਨ ਤੇ ਉਸ ਨੇ ਚੋਖੀ ਸ਼ਰਾਬ ਪੀ ਰੱਖੀ ਸੀ, ਜਿਸ ਕਾਰਨ ਉਹ ਵਿਰੋਧ ਨਹੀਂ ਕਰ ਸਕੇ। ਝਗੜੇ ਦੌਰਾਨ ਅਪਰੂਵਾ ਨੇ ਗੁੱਸੇ ਵਿੱਚ ਆ ਕੇ ਰੋਹਿਤ ਦਾ ਗਲਾ ਘੁੱਟ ਦਿੱਤਾ। ਪਿੱਛੋਂ ਇੰਦੌਰ ਦੀ ਰਹਿਣ ਵਾਲੀ ਅਪੂਰਵਾ ਸ਼ੁਕਲਾ ਪੇਸ਼ੇ ਤੋਂ ਵਕੀਲ ਹੈ। ਉਹ 2016 ਤੋਂ ਸੁਪਰੀਮ ਕੋਰਟ ਵਿੱਚ ਪ੍ਰੈਕਟਿਸ ਕਰਦੀ ਸੀ। ਇਸ ਲਈ ਕਈ ਦਿਨਾਂ ਤੱਕ ਪੁੱਛਗਿੱਛ ਵਿੱਚ ਉਹ ਕਰਾਈਮ ਬ੍ਰਾਂਚ ਨੂੰ ਗੁੰਮਰਾਹ ਕਰਦੀ ਰਹੀ, ਪਰ ਫੋਰੈਂਸਿਕ ਰਿਪੋਰਟਾਂ ਦੇ ਆਧਾਰ 'ਤੇ ਲਗਾਤਾਰ ਪੁੱਛਗਿੱਛ 'ਚ ਉਸ ਨੇ 24 ਅਪ੍ਰੈਲ ਨੂੰ ਹੱਤਿਆ ਕਰਨ ਦੀ ਗੱਲ ਕਬੂਲ ਕਰ ਲਈ ਸੀ।

## ਤੇਰੀ ਕਣਕ ਦੀ ਰਾਖੀ ਮੁੰਡਿਆ.. -ਇੰਦਰਜੀਤ ਭਲਿਆਣ

ਐਫ ਐਮ ਜਲੰਧਰ ਰੇਡੀਓ ਉਤੇ ਵੱਜ ਰਹੇ ਰਿਕਾਰਡ ਨੇ ਮੈਨੂੰ 50-55 ਸਾਲ ਪੁਰਾਣੇ ਅਤੀਤ ਨਾਲ ਲਿਜਾ ਖੜਾ ਕੀਤਾ। ਸ਼ਮਸ਼ਾਦ ਬੇਗਮ ਅਤੇ ਮੁਹੰਮਦ ਰਫੀ ਦੀ ਆਵਾਜ਼ ਵਿੱਚ 'ਤੇਰੀ ਕਣਕ ਦੀ ਰਾਖੀ ਮੁੰਡਿਆ, ਹੁਣ ਮੈਂ ਨਾ ਬਹਿੰਦੀ' ਗੀਤ ਗੂੰਜ ਰਿਹਾ ਸੀ। ਜੇ ਸੁਆਣੀ ਦੇ ਗੀਤ ਵਿਚਲੇ ਨਖਰੇ ਨੂੰ ਇਕ ਪਾਸੇ ਰੱਖ ਦੇਈਏ ਤਾਂ ਵੀ ਕਿਸਾਨ ਪਰਵਾਰਾਂ ਨੂੰ ਉਦੋਂ ਫਸਲਾਂ ਦੀ ਰਾਖੀ ਲਈ ਸਿਰ ਧੜ ਦੀ ਬਾਜ਼ੀ ਲਾਉਣੀ ਪੈਂਦੀ ਸੀ, ਖਾਸ ਕਰ ਕੇ ਸਾਉਣੀ ਦੀ ਫਸਲ ਮੱਕੀ ਨੂੰ ਪੰਛੀਆਂ ਤੋਂ ਬਚਾਉਣ ਦੇ ਲਈ ਸੌ ਹੀਲੇ ਕਰਨੇ ਪੈਂਦੇ ਸਨ। ਜ਼ਰਾ ਕੁ ਸੁਸਤੀ ਦਿਖਾਈ ਨਹੀਂ ਕਿ ਤੋਤਿਆਂ ਕਾਵਾਂ ਨੇ ਛੱਲੀਆਂ ਟੁੱਕੀਆਂ ਨਹੀਂ, ਤੇ ਟੁੱਕੀ ਛੱਲੀ ਨੂੰ ਚਿੜੀਆਂ ਤੇ ਗੁਟਾਰਾਂ ਫਿਰ ਨਹੀਂ ਸੀ ਛੱਡਦੀਆਂ।

ਸਾਡੇ ਪੂਰੇ ਇਲਾਕੇ ਵਿੱਚ ਉਦੋਂ ਮੱਕੀ ਦੀ ਖੇਤੀ ਕੀਤੀ ਜਾਂਦੀ ਸੀ। ਜਦੋਂ ਮੱਕੀ ਦੇ ਟਾਂਡੇ ਨੂੰ ਗੋਭ ਫੁੱਟਣ ਪਿੱਛੋਂ ਦੋਧੇ ਬਣਨ ਲੱਗਦੇ, ਖੇਤ ਵਿੱਚ ਮਣ੍ਹਾ ਪਾਉਣ ਦੀਆਂ ਤਿਆਰੀਆਂ ਸ਼ੁਰੂ ਹੋ ਜਾਂਦੀਆਂ। ਮਣ੍ਹਾ ਪਾਉਣ ਲਈ ਚਾਰ ਲੰਮੀਆਂ ਬੱਲੀਆਂ ਦੀ ਲੋੜ ਪੈਂਦੀ ਸੀ। ਮੱਕੀ ਦੇ ਖੇਤ ਦੇ ਵਿਚਾਲੇ ਜਾਂ ਹੋਰ ਸਹੀ ਥਾਂ ਚੁਣ ਕੇ ਅੰਦਾਜ਼ਨ ਛੇ ਗੁਣਾ ਚਾਰ ਫੁੱਟ ਦੂਰੀ ਦੇ ਹਿਸਾਬ ਨਾਲ ਘੱਟੋ-ਘੱਟ ਦੋ-ਦੋ ਫੁੱਟ ਡੂੰਘੇ ਚਾਰ ਟੋਏ ਪੁੱਟ ਕੇ ਬੱਲੀਆਂ ਉਨ੍ਹਾਂ ਵਿੱਚ ਖੜੀਆਂ ਕਰ ਦਿੱਤੀਆਂ ਜਾਂਦੀਆਂ ਤੇ ਚੌੜਾਈ ਵਾਲੇ ਪਾਸੇ 8-10 ਫੁੱਟ ਦੀ ਉਚਾਈ ਉੱਤੇ ਦੋ ਬੱਲੀਆਂ ਬੰਨ੍ਹ ਕੇ ਉਪਰ ਮੰਜਾ ਡਾਹ ਦਿੱਤਾ ਜਾਂਦਾ। ਧੁੱਪ ਤੋਂ ਬਚਣ ਲਈ ਉਪਰ ਚਾਦਰ ਜਾਂ ਪੱਲੀ ਪਾ ਲਈ ਜਾਂਦੀ। ਬੱਸ ਮਣ੍ਹਾ ਤਿਆਰ, ਤੇ ਸਮਝੋ ਡਿਊਟੀ ਸ਼ੁਰੂ। ਹਮਲਾਵਰ ਪੰਛੀਆਂ ਨੂੰ ਡਰਾਉਣ ਜਾਂ ਉਡਾਉਣ ਲਈ ਗੁਲੇਲ ਅਤੇ ਗੋਪੀਏ ਦੀ ਵਰਤੋਂ ਕੀਤੀ ਜਾਂਦੀ ਸੀ। ਗੋਪੀਏ ਵਿੱਚ ਮਿੱਟੀ ਦਾ ਡਲਾ ਰੱਖ ਕੇ ਇਸ ਦੀਆਂ ਤਣੀਆਂ ਨੂੰ ਫੜ ਕੇ ਤੇਜ਼ ਘੁਮਾਉਣ ਪਿੱਛੋਂ ਇਸ ਤਰ੍ਹਾਂ ਛੱਡਿਆ ਜਾਂਦਾ ਕਿ ਡਲਾ ਟਾਂਡਿਆਂ ਦੇ ਪੱਤਿਆਂ ਉਪਰ ਚੰਗਾ ਖੜਕਾ ਕਰਦਾ ਜਾਵੇ ਤੇ ਪੰਛੀ ਡਰ ਕੇ ਉਡ ਜਾਣ। ਮਣ੍ਹਾ ਉੱਤੇ ਬੈਠ ਕੇ ਰੋਟੀ ਖਾਣ ਤੇ ਲੱਸੀ ਪੀਣ ਦਾ ਆਪਣਾ ਹੀ ਆਨੰਦ ਹੁੰਦਾ ਸੀ। ਮੀਂਹ ਵਿੱਚ ਭਿੱਜਣ ਪਿੱਛੋਂ ਚਾਹ ਵੀ ਬੇਹੱਦ ਸੁਆਦ ਲੱਗਦੀ।

ਖੇਤਾਂ ਵਿੱਚ ਪਾਏ ਹੋਏ ਮਣ੍ਹਿਆਂ ਤੋਂ ਵੀ ਪੂਰਾ ਦਿਨ ਕਾਂ ਉਡਾਉਣ ਦੀਆਂ ਆਵਾਜ਼ਾਂ ਆਉਂਦੀਆਂ ਰਹਿੰਦੀਆਂ ਤੇ ਰਾਖੇ ਇਕ ਦੂਜੇ ਨੂੰ ਸੁਚੇਤ ਕਰਦੇ ਰਹਿੰਦੇ, ਪਰ ਕਾਂ ਕਿਉਂਕਿ ਚਲਾਕ ਪੰਛੀ ਹੈ, ਇਸ ਕਰਕੇ ਪਤਾ ਨਹੀਂ ਲੱਗਣ ਦਿੰਦਾ ਕਿ ਕਦੋਂ ਛੱਲੀ ਉਪਰ ਆ ਬਹਿੰਦਾ ਹੈ। ਪੰਦਰਾਂ ਕੁ ਦਿਨ ਕਾਵਾਂ ਦੀ ਸ਼ਾਮਤ ਆਈ ਰਹਿੰਦੀ। ਕਈ ਵਾਰ ਕਾਂ ਨੂੰ ਮਾਰ ਕੇ ਖੇਤ ਵਿੱਚ ਟੰਗ ਦਿੱਤਾ ਜਾਂਦਾ ਤਾਂ ਕਿ ਹੋਰ ਕਾਵਾਂ ਨੂੰ ਕੰਨ ਹੋ ਜਾਣ। ਵਿਰੋਧਤਾਈ ਦੇਖੋ ਕਿ ਇਸੇ ਪੰਛੀ ਨੂੰ ਕੁਝ ਦਿਨਾਂ ਬਾਅਦ ਸਰਾਧਾਂ ਦੌਰਾਨ ਰੋਟੀ ਨੂੰ ਖੀਰ ਕੜਾਹ ਨਾਲ ਲਬੇੜ ਕੇ ਪੋਲੀ ਪਾਈ ਜਾਂਦੀ ਸੀ।

ਅੱਜ ਸਮਾਂ ਬਦਲ ਚੁੱਕਾ ਹੈ, ਮੱਕੀ ਦੀ ਫਸਲ ਨੂੰ ਝੋਨੇ ਨੇ ਇਕ ਤਰ੍ਹਾਂ ਨਾਲ ਖਦੇੜ ਦਿੱਤਾ ਹੈ। ਮੱਕੀ ਦੇ ਨਾਲ-ਨਾਲ ਮਾਂਹ ਦੀ ਫਸਲ ਵੀ ਜਾਂਦੀ ਰਹੀ ਤੇ ਨਾਲ ਹੀ ਖਤਮ ਹੋ ਗਈਆਂ ਫੁੱਟਾਂ ਤੇ ਚਿੱਭੜਾਂ ਦੀਆਂ ਵੇਲਾਂ। ਜੋ ਵੀ ਹੋਵੇ, ਉਦੋਂ ਮੱਕੀ ਦੀ ਫਸਲ ਤੋਂ ਕਾਂ ਤੋਤੇ ਉਡਾਉਣਾ ਕੁੱਲਵਕਤੀ ਕੰਮ ਦੀ ਥਾਂ ਮੌਜ ਮੇਲੇ ਦੀ ਡਿਊਟੀ ਵੱਧ ਸੀ। ਬੇਸੁਰੇ ਹੀ ਸਹੀ, ਉਚੀ-ਉਚੀਆਂ ਹੇਕਾਂ ਲਾ ਕੇ ਲੋਕ-ਗੀਤ ਗਾਉਣ ਦਾ ਆਪਣਾ ਹੀ ਲੁਤਫ ਹੁੰਦਾ ਸੀ। ਨਾ ਕੋਈ ਸਰੋਤਾ, ਨਾ ਕੋਈ ਦਾਦ ਦੇਣ ਵਾਲਾ। ਇਕ ਮੁੱਕਿਆ ਤਾਂ ਅਗਲਾ ਗੀਤ ਸ਼ੁਰੂ, ਪਰ ਅੱਜ ਕੱਲ੍ਹ ਕਿਸਾਨਾਂ ਲਈ ਹਾਲਾਤ ਬੇਹੱਦ ਗੰਭੀਰ ਹਨ। ਆਵਾਰਾ ਪਸ਼ੂਆਂ ਅਤੇ ਜੰਗਲੀ ਜਾਨਵਰਾਂ ਨੇ ਕਿਸਾਨਾਂ ਦਾ ਨੱਕ ਵਿੱਚ ਦਮ ਕੀਤਾ ਹੋਇਆ ਹੈ। ਝੁੰਡਾਂ ਦੇ ਝੁੰਡ ਫਸਲਾਂ ਤਬਾਹ ਕਰਦੇ ਜਾਂਦੇ ਹਨ ਤੇ ਕਿਸਾਨ ਬੇਵੱਸ ਕਿਸਮਤ ਨੂੰ ਰੋਂਦਾ ਰਹਿੰਦਾ ਹੈ। ਨਹਿਰਾਂ ਨੇੜਲੇ ਖੇਤਰਾਂ ਵਿੱਚ ਜੰਗਲੀ ਸੂਰ ਤਬਾਹੀ ਮਚਾਉਂਦਾ ਹੈ। ਇਹ ਜਾਨਵਰ ਖੇਤਾਂ ਦੇ ਦੁਆਲੇ ਲਾਈ ਲੋਹੇ ਦੀ ਤਾਰ ਵਿੱਚੋਂ ਆਰਾਮ ਨਾਲ ਅੰਦਰ ਨਿਕਲ ਜਾਂਦਾ ਹੈ। ਅਜਿਹੇ ਇਲਾਕਿਆਂ ਵਿੱਚ ਬਾਂਦਰ ਵੀ ਤਬਾਹੀ ਕਰਨ ਲੱਗ ਪਏ ਹਨ। ਸਬਜ਼ੀਆਂ ਦੀਆਂ ਫਸਲਾਂ ਬਾਂਦਰਾਂ ਤੋਂ ਬਚਾਉਣਾ ਸੰਭਵ ਹੀ ਨਹੀਂ ਰਿਹਾ। ਸਾਨ੍ਹਾਂ ਦੇ ਹਮਲਾਵਰ ਰੁਖ਼ ਦੇ ਕਾਰਨ ਇਸ ਨੂੰ ਖੇਤ ਵਿੱਚੋਂ ਬਾਹਰ ਕੱਢਣਾ 'ਕੱਲੇ ਕਾਰੇ ਬੰਦੇ ਦੇ ਵੱਸ ਦਾ ਨਹੀਂ। ਜਾਨਵਰ ਹਿਤੈਸ਼ੀ ਗੈਰ ਸਰਕਾਰੀ ਸੰਸਥਾਵਾਂ ਨੇ ਪਸ਼ੂਆਂ ਦੇ ਹੱਕ ਵਿੱਚ ਮੁਹਿੰਮਾਂ ਵਿੱਢੀਆਂ ਹੋਈਆਂ ਹਨ ਤੇ ਅਜਿਹੇ ਜਾਨਵਰਾਂ ਦੇ ਹੱਕ ਵਿੱਚ ਨਿਯਮ ਬਣਵਾ ਲਏ ਹਨ। ਇਸ ਕਰਕੇ ਖੇਤਾਂ ਦੀ ਰਾਖੀ ਕਰਨਾ ਹੁਣ ਹੋਰ ਮੁਸ਼ਕਿਲ ਹੋ ਗਿਆ ਹੈ। ਖੇਤਾਂ ਦੁਆਲੇ ਕੰਡੇਦਾਰ ਤਾਰ ਨਾ ਲਉਣ ਕਾਰਨ ਫਸਲਾਂ ਦੀ ਤਬਾਹੀ ਰੁਕਣਾ ਸੰਭਵ ਨਹੀਂ। ਕਿਸਾਨ ਆਗੂ ਇਸ ਮੁੱਦੇ ਦੀ ਹਾਲ ਦੁਹਾਈ ਪਾਉਂਦੇ ਤਾਂ ਹਨ, ਪਰ ਗੱਲ ਕਿਸੇ ਤਣ ਪੱਤਣ ਨਹੀਂ ਲੱਗਦੀ। ਇਸ ਕਰਕੇ 'ਕੱਲਾ 'ਕੱਲਾ ਕਿਸਾਨ ਤਰਲੋਮੱਛੀ ਹੋ ਰਿਹਾ ਹੈ।

ਰੇਡੀਓ ਅਨਾਊਂਸਰ ਪੁਰਾਣੇ ਗੀਤਾਂ ਦਾ ਪ੍ਰੋਗਰਾਮ ਸਮਾਗਮ ਹੋਣ ਦਾ ਐਲਾਨ ਕਰਦੀ ਹੈ ਤਾਂ ਮੈਂ ਵੀ 'ਖੇਤਾਂ ਤੋਂ ਘਰ' ਪਰਤ ਆਉਂਦਾ ਹਾਂ।

## ਬਰਸਾਤ ਦੀ ਰਾਤ ਦੀ ਬਾਤ -ਅਜਮੇਰ ਸਿੰਘ (ਡਾ.)

ਆਪਣੇ ਕਮਰੇ ਵਿੱਚ ਕੁਰਸੀ 'ਤੇ ਬੈਠਾ ਪੁਸਤਕ ਪੜ੍ਹ ਰਿਹਾ ਹਾਂ। ਪਿਛਲੇ ਦੋ ਦਿਨਾਂ ਤੋਂ ਲਗਾਤਾਰ ਕਦੇ ਹਲਕਾ ਅਤੇ ਕਦੇ ਭਾਰਾ ਮੀਂਹ ਪੈ ਰਿਹਾ ਹੈ। ਬਾਹਰ ਅੰਦਰ ਦੀ ਚਿੰਤਾ ਨਹੀਂ। ਪਤਾ ਨਹੀਂ ਕਿਵੇਂ ਮੈਨੂੰ ਬਚਪਨ ਸਮਾਂ ਯਾਦ ਆ ਗਿਆ। ਮੀਂਹ ਦੀ ਬਿੜਕ ਪੈਂਦਿਆਂ ਹੀ ਕੋਠੇ 'ਤੇ ਚੜ੍ਹ ਜਾਂਦੇ ਸਾਂ। ਛੱਤ ਚੋਣ ਤੋਂ ਬਚਾਉਣ ਲਈ ਜਿਥੇ ਵੀ ਕੀੜੀਆਂ ਦਾ ਭੌਣ ਨਜ਼ਰੀਂ ਪੈਂਦਾ, ਮਿੱਟੀ ਪਾ ਕੇ ਚੰਗੀ ਤਰ੍ਹਾਂ ਥਾਪੜ ਦਿੰਦੇ। ਜਦੋਂ ਮੀਂਹ ਪੈਣਾ ਸ਼ੁਰੂ ਹੋ ਜਾਂਦਾ ਤਾਂ ਵਾਛੜ ਨਾਲ ਦਰਵਾਜ਼ੇ ਦੀ ਸਰਦਲ ਦੇ ਅੰਦਰਵਾਰ ਬਣਾਈ ਹੋਈ ਡੂੰਘੀ ਥਾਂ ਵਿੱਚ ਜਮ੍ਹਾਂ ਹੋਏ ਪਾਣੀ ਨੂੰ ਕੁਲੰਜ ਕੇ ਬਾਹਰ ਸੁੱਟਣਾ ਮੇਰੀ ਪੱਕੀ ਡਿਊਟੀ ਹੁੰਦੀ ਸੀ।

ਜਦੋਂ ਮੈਂ ਨੌਵੀਂ ਜਮਾਤ ਵਿੱਚ ਪੜ੍ਹਦਾ ਸੀ ਤਾਂ ਇਕ ਸ਼ਾਮ ਨੂੰ ਸੂਰਜ ਡੁੱਬਣ ਵੇਲੇ ਮੀਂਹ ਆ ਗਿਆ। ਮੈਂ ਅੰਦਰ ਬੈਠਾ ਦੀਵੇ ਦੀ ਰੋਸ਼ਨੀ ਵਿੱਚ ਸਕੂਲ ਦਾ ਕੰਮ ਕਰ ਰਿਹਾ ਸੀ। ਮੈਨੂੰ ਆਪਣੀ ਡਿਊਟੀ ਯਾਦ ਸੀ, ਪਰ ਪੜ੍ਹਨ ਵਿੱਚ ਇੰਨਾ ਕੁ ਰੁੱਝ ਗਿਆ ਕਿ ਪਾਣੀ ਕੁਲੰਜਣਾ ਭੁੱਲ ਗਿਆ ਅਤੇ ਪਾਣੀ ਹੌਲੀ-ਹੌਲੀ ਅੰਦਰ ਜਾ ਕੇ ਸਾਰੇ ਕੱਚੇ ਫਰਸ਼ 'ਤੇ ਫੈਲ ਗਿਆ। ਇੰਨੇ ਨੂੰ ਬੇਬੇ ਆ ਗਈ। ਜਦੋਂ ਉਹਨੇ ਰੌਲਾ ਪਾਇਆ ਤਾਂ ਮੈਂ ਭੱਜਾ-ਭੱਜਾ ਗਿਆ, ਜਮ੍ਹਾਂ ਹੋਏ ਪਾਣੀ ਨੂੰ ਗਲਾਸਾਂ ਵਿੱਚ ਭਰ-ਭਰ ਕੇ ਬਾਹਰ ਸੁੱਟਣ ਲੱਗ ਪਿਆ ਅਤੇ ਬੇਬੇ ਨੇ ਬੜੀ ਫੁਰਤੀ ਨਾਲ ਫਰਸ਼ 'ਤੇ ਫੈਲੇ ਪਾਣੀ ਨੂੰ ਆਪਣੇ ਬੁੱਕਾਂ ਨਾਲ ਇਕੱਠਾ ਕਰਕੇ ਬਾਲਟੀ ਵਿੱਚ ਪਾ ਕੇ ਬਾਹਰ ਵਿਹੜੇ ਵਿੱਚ ਸੁੱਟਿਆ। ਨੁਕਸਾਨ ਤਾਂ ਜਿੰਨਾ ਹੋਣਾ ਸੀ, ਹੋ ਚੁੱਕਾ ਸੀ। ਬਾਅਦ ਵਿੱਚ ਫਰਸ਼ 'ਤੇ ਕੀਤੀ ਮਿੱਟੀ ਦੀ ਲੇਈ ਫੁੱਲ ਕੇ ਉਖੜ ਗਈ। ਮੈਂ ਬੇਬੇ ਦੀਆਂ ਝਿੜਕਾਂ ਤੋਂ ਡਰਦਾ ਮੂੰਹ ਉਪਰ ਨਹੀਂ ਸੀ ਚੁੱਕ ਰਿਹਾ, ਪਰ ਉਸ ਨੇ ਸਿਰਫ ਇੰਨਾ ਹੀ ਕਿਹਾ, 'ਪੜ੍ਹਦੇ ਨੂੰ ਤਾਂ ਭਾਮੇਂ ਘੇਅ ਦਾ ਘੜਾ ਰੁੜ੍ਹ ਜਏ, ਤੂੰ ਆਲਾ ਦੁਆਲਾ ਨਾ ਦੇਖੀਂ ਕਦੇ।'

ਬੇਬੇ ਅਜੇ ਇਸ ਕੰਮ ਤੋਂ ਵਿਹਲੀ ਹੋਈ ਸੀ ਕਿ ਬਾਹਰੋਂ ਜ਼ੋਰ ਦੀ ਆਵਾਜ਼ ਆਈ। ਉਹ ਉਸੇ ਵਕਤ ਹਵੇਲੀ ਵੱਲ ਭੱਜੀ। ਉਸ ਨੂੰ ਡਰ ਸੀ ਕਿ ਕਿਤੇ ਹਵੇਲੀ ਦੀ ਕੱਚੀ ਕੰਧ ਡਿੱਗ ਨਾ ਪਈ ਹੋਵੇ, ਜਿਸ ਦੇ ਅੰਦਰ ਪਸ਼ੂ ਬੰਨ੍ਹੇ ਹੋਏ ਸਨ। ਥੋੜ੍ਹੀ ਦੇਰ ਬਾਅਦ ਉਹ ਇਹ ਬੋਲਦੀ ਮੁੜ ਆਈ, 'ਸ਼ੁਕਰ ਆ ਰੱਬਾ, ਮਿਹਰ ਕਰੀਂ। ਕਿਤੇ ਠੀਕ ਠਾਕ ਬਰਸਾਤ ਲੰਘ ਜਾਵੇ, ਮੈਨੂੰ ਤਾਂ ਆਪਣੀ ਸੂਣ ਵਾਲੀ ਮੱਝ ਦਾ ਫਿਕਰ ਆ।' ਸਵੇਰ ਨੂੰ ਜਦੋਂ ਘਰੋਂ ਬਾਹਰ ਨਿਕਲ ਕੇ ਦੇਖਿਆ ਤਾਂ ਸਾਰੀ ਗਲੀ ਪਾਣੀ ਨਾਲ ਭਰੀ ਪਈ ਸੀ ਅਤੇ ਪਾਣੀ ਘਰਾਂ ਦੇ ਅੰਦਰ ਵੜ ਰਿਹਾ ਸੀ। ਉਦੋਂ ਬਾਹਰੋਂ ਆਈ ਆਵਾਜ਼ ਗਆਂਢੀਆਂ ਦੇ ਕੋਠੇ ਦੀ ਕੰਧ ਦੇ ਲੇਅ ਡਿੱਗਣ ਦੀ ਸੀ, ਜਿਸ ਨੇ ਗਲੀ ਦਾ ਪਾਣੀ ਰੋਕ ਦਿੱਤਾ ਸੀ।

ਸਾਰੀ ਰਾਤ ਮੀਂਹ ਪੈਂਦਾ ਰਿਹਾ। ਘਰ ਦੀ ਛੱਤ ਚੋਣ ਲੱਗ ਪਈ। ਭਿੱਜਣ ਤੋਂ ਬਚਣ ਲਈ ਅਸੀਂ ਮੰਜੇ ਕਦੇ ਕਿਸੇ ਪਾਸੇ ਕਰਦੇ, ਕਦੇ ਕਿਸੇ ਪਾਸੇ। ਪਹਿਲਾਂ ਛੱਤ 'ਚੋਂ ਪਾਣੀ ਥੋੜ੍ਹਾ-ਥੋੜ੍ਹਾ ਤੁਪਕਦਾ ਸੀ, ਜਿਉਂ-ਜਿਉਂ ਮੀਂਹ ਤੇਜ਼ ਹੋਣ ਲੱਗਾ, ਛੱਤ 'ਚੋਂ ਧਰਾਲੇ ਵਗਣ ਲੱਗੇ। ਫਿਰ ਸਾਰੀ ਛੱਤ ਚੋਣ ਲੱਗ ਪਈ। ਛੱਤ ਤੋਂ ਡਿੱਗਦੇ ਪਾਣੀ ਨੂੰ ਇਕੱਠਾ ਕਰਨ ਲਈ ਪਹਿਲਾਂ ਬਾਲਟੀਆਂ ਰੱਖੀਆਂ, ਫਿਰ ਪਤੀਲੇ, ਫਿਰ ਗੜਵੀਆਂ, ਫਿਰ ਥਾਲੀਆਂ, ਫਿਰ ਗਲਾਸ ਅਤੇ ਆਖਰ ਕੌਲੀਆਂ ਦੀ ਵਾਰੀ ਆ ਗਈ। ਅਸੀਂ ਵਾਰ-ਵਾਰ ਪਾਣੀ ਡੋਲ੍ਹ ਕੇ ਬਰਤਨ ਖਾਲੀ ਕਰਦੇ ਤੇ ਫਿਰ ਪਹਿਲਾਂ ਵਾਲੀ ਥਾਂ ਰੱਖ ਦਿੰਦੇ। ਇੰਨਾ ਕੁਝ ਕਰਨ ਦੇ ਬਾਵਜੂਦ ਸਾਰਾ ਅੰਦਰ ਚਿੱਕੜ ਨਾਲ ਭਰ ਗਿਆ। ਅਸੀਂ ਸਾਰੀ ਰਾਤ ਨਹੀਂ ਸੁੱਤੇ ਅਤੇ ਤੜਕੇ ਨੀਂਦ ਨਾਲ ਊਂਘਣ ਲੱਗ ਪਏ। ਅਜੇ ਇੰਨਾ ਸ਼ੁਕਰ ਰਿਹਾ ਕਿ ਸੂਰਜ ਚੜ੍ਹਨ ਤੋਂ ਪਹਿਲਾਂ ਮੀਂਹ ਬੰਦ ਹੋ ਗਿਆ ਅਤੇ ਸਾਨੂੰ ਸੁਖ ਦਾ ਸਾਹ ਆਇਆ।

ਉਦੋਂ ਸਾਨੂੰ ਇਹ ਸਭ ਕੁਝ ਅਜੀਬ ਨਹੀਂ ਲੱਗਾ ਕਿਉਂਕਿ ਤਕਰੀਬਨ ਪਿੰਡ ਦੇ ਸਾਰੇ ਲੋਕਾਂ ਨਾਲ ਇਹ ਵਾਪਰਿਆ ਸੀ, ਪਰ ਅੱਜ ਸੋਚਦਿਆਂ ਵੀ ਡਰ ਲੱਗਦਾ ਹੈ। ਸੋਚਦਾ ਹਾਂ ਕਿ ਜ਼ਮਾਨਾ ਕਿੰਨਾ ਬਦਲ ਗਿਆ? ਵਿਗਿਆਨ ਨੇ ਮਨੁੱਖ ਨੂੰ ਪਦਾਰਥਿਕ ਸਹੂਲਤਾਂ ਨਾਲ ਮਾਲੋਮਾਲ ਕਰ ਦਿੱਤਾ ਹੈ। ਪਿੰਡ ਜਾ ਕੇ ਦੇਖਦਾ ਹਾਂ, ਕੋਈ ਮਕਾਨ, ਵਿਹਲਾ, ਗਲੀ ਤੇ ਫਿਰਨੀ ਕੱਚੀ ਨਹੀਂ। ਕਿਸੇ ਅੱਜ ਦੇ ਨੌਜਵਾਨ ਜਾਂ ਬੱਚੇ ਨੂੰ ਕੀ ਪਤਾ ਚੋਣਾ, ਤੁਪਕਣਾ, ਕੁਲਜਣਾ, ਲੇਈ ਅਤੇ ਧਰਾਲੇ ਕੀ ਹੁੰਦੇ ਹਨ। ਉਹ ਤਾਂ ਮੀਂਹ ਨੂੰ ਅੰਦਰ ਬੈਠ ਕੇ ਟੀ ਵੀ ਜਾਂ ਮੋਬਾਈਲ 'ਤੇ ਫਿਲਮਾਂ ਦੇਖਦਿਆਂ ਹੀ ਮਾਣਦੇ ਹਨ।


















## ਹਲਕਾ ਫੁਲਕਾ

ਪੱਪੂ, ''ਯਾਰ, ਸੂਰਜ ਰਾਤ ਨੂੰ ਕਿਉਂ ਨਹੀਂ ਨਿਕਲਦਾ?''
ਸੋਨੂੰ, ''ਕੀ ਪਤਾ ਨਿਕਲਦਾ ਵੀ ਹੋਵੇ, ਹਨੇਰਾ ਇੰਨਾ ਹੁੰਦਾ ਹੈ ਕਿ ਦਿਖਾਈ ਕੁਝ ਨਹੀਂ ਦਿੰਦਾ।''

*********

ਟੀਚਰ, ''ਇਸ ਨੂੰ ਪੂਰਾ ਕਰੋ; 900 ਚੂਹੇ ਖਾ ਕੇ ਬਿੱਲੀ... ਚੱਲੀ?''
ਸੋਨੂੰ, ''900 ਚੂਹੇ ਖਾ ਕੇ ਬਿੱਲੀ ਟੇਢੀ-ਟੇਢੀ ਚੱਲੀ।''
ਟੀਚਰ, ''ਓਏ! ਤੈਨੂੰ ਪਤਾ ਨਹੀਂ ਇਸ ਦਾ ਜਵਾਬ?''
ਸੋਨੂੰ, ''ਸਰ, ਤੁਹਾਡੇ ਕਰ ਕੇ ਮੈਂ ਲਿਹਾਜ਼ ਕਰ ਲਿਆ, ਨਹੀਂ ਤਾਂ 900 ਚੂਹੇ ਖਾ ਕੇ ਬਿੱਲੀ ਕਦੇ ਚੱਲ ਵੀ ਨਹੀਂ ਸਕਦੀ।''

*********

ਪਤਨੀ (ਰਾਤ ਸਮੇਂ ਅਸਮਾਨ ਵੱਲ ਦੇਖਦੇ ਹੋਏ), ''ਦੱਸੋ, ਉਹ ਕਿਹੜੀ ਚੀਜ਼ ਹੈ, ਜਿਸ ਨੂੰ ਤੁਸੀਂ ਦੇਖ ਸਕਦੇ ਹੋ, ਪਰ ਤੋੜ ਨਹੀਂ ਸਕਦੇ?''
ਪਤੀ, ''ਚੱਲ, ਛੱਡ ਕੋਈ ਹੋਰ ਗੱਲ ਕਰ।''
ਪਤਨੀ, ''ਨਹੀਂ ਜਾਨੂੰ, ਪਲੀਜ਼ ਦੱਸੋ?''
ਪਤੀ, ''ਤੇਰਾ ਮੂੰਹ।''

*********

ਵਿਨੋਦ ਡਾਕਟਰ ਕੋਲ ਗਿਆ ਅਤੇ ਬੋਲਿਆ, ''ਡਾਕਟਰ ਸਾਹਿਬ, ਮੈਨੂੰ ਕੀ ਬਿਮਾਰੀ ਹੈ?''
ਡਾਕਟਰ, ''ਕੁੜੀਆਂ ਦਾ ਪਿੱਛਾ ਕਰਨਾ ਛੱਡ ਦੇ।''
ਵਿਨੋਦ, ''ਉਸ ਨਾਲ ਕੀ ਹੋਵੇਗਾ?''
ਡਾਕਟਰ, ''ਜੇ ਕੁੜੀਆਂ ਦਾ ਪਿੱਛਾ ਕਰਨਾ ਨਹੀਂ ਛੱਡੇਂਗਾ ਤਾਂ ਜਲਦੀ ਹੀ ਮਰ ਜਾਵੇਂਗਾ।''
ਵਿਨੋਦ, ''ਕੁੜੀਆਂ ਦਾ ਪਿੱਛਾ ਕਰਨ ਨਾਲ ਕੋਈ ਕਿਵੇਂ ਮਰ ਸਕਦਾ ਹੈ?''
ਡਾਕਟਰ, ''ਕਿਉਂਕਿ ਉਨ੍ਹਾਂ ਵਿੱਚੋਂ ਇੱਕ ਕੁੜੀ ਮੇਰੀ ਵੀ ਹੈ।''

*********

ਜੱਜ, ''ਤੂੰ ਇਸ ਦੇ ਪੈਸੇ ਕਿਉਂ ਖੋਹੇ?''
ਚੋਰ, ''ਮੈਂ ਪੈਸੇ ਨਹੀਂ ਖੋਹੇ, ਇਸ ਨੇ ਖੁਦ ਹੀ ਦਿੱਤੇ ਸਨ।''
ਜੱਜ, ''ਇਸ ਨੇ ਪੈਸੇ ਕਦੋਂ ਦਿੱਤੇ?''
ਚੋਰ, ''ਜਦੋਂ ਮੈਂ ਇਸ ਨੂੰ ਬੰਦੂਕ ਦਿਖਾਈ ਸੀ।''

# ਕੰਪਨੀਆਂ ਉਮੀਦਵਾਰਾਂ ਦੇ ਜੀਵਨ ਦਾ ਹਰ ਪੱਖ ਜਾਨਣ ਲੱਗੀਆਂ ਨੇ

-ਐੱਨ ਸਿੰਘ-

ਉਮੀਦਵਾਰ ਮੁੱਖ ਕਾਰਜਕਾਰੀ ਅਧਿਕਾਰੀ (ਸੀ ਈ ਓ) ਦੇ ਅਹੁਦੇ ਲਈ ਪੂਰੀ ਤਰ੍ਹਾਂ ਢੁੱਕਵਾਂ ਦਿਖਾਈ ਦਿੰਦਾ ਹੈ। ਉਸ ਕੋਲ ਯੋਗਤਾ ਅਤੇ ਤਜਰਬਾ ਹੈ, ਪਰ ਜਦੋਂ ਉਹ ਕੰਪਨੀ ਦੀ ਕਾਰ 'ਚ ਫਾਈਨਲ ਇੰਟਰਵਿਊ ਲਈ ਜਾ ਰਿਹਾ ਸੀ ਤਾਂ ਭਾਰੀ ਵਰਖਾ ਕਾਰਨ ਲੱਗੇ ਟਰੈਫਿਕ ਜਾਮ 'ਚ ਫਸਣ ਕਾਰਨ ਆਪਣਾ ਆਪਾ ਗੁਆ ਬੈਠਾ ਅਤੇ ਡਰਾਈਵਰ 'ਤੇ ਵਰ੍ਹ ਪਿਆ। ਜਦੋਂ ਡਰੀਵਰ ਨੇ ਇਸ ਦੀ ਜਾਣਕਾਰੀ ਮੁੱਖ ਦਫਤਰ ਵਿੱਚ ਦਿੱਤੀ ਤਾਂ ਉਮੀਦਵਾਰ ਵਿਰੁੱਧ ਲਾਲ ਝੰਡੀਆਂ ਉਠ ਗਈਆਂ। ਅਜਿਹੀ ਇੱਕ ਪ੍ਰਕਿਰਿਆ ਦਾ ਹਿੱਸਾ ਰਹੇ ਹੰਟ ਪਾਰਟਰਨਜ਼ ਦੇ ਮੈਨੇਜਿੰਗ ਪਾਰਟਨਰ ਸੁਰੇਸ਼ ਰੈਨਾ ਨੇ ਦੱਸਿਆ ਕਿ ਕੰਪਨੀ ਪ੍ਰਬੰਧਕਾਂ ਨੇ ਸ਼ਿਕਾਇਤ ਨੂੰ ਬੜੀ ਗੰਭੀਰਤਾ ਨਾਲ ਲਿਆ ਤੇ ਮਹਿਸੂਸ ਕੀਤਾ ਕਿ ਜੇ ਉਮੀਦਵਾਰ ਵਰਖਾ ਵਾਲੇ ਦਿਨ ਸ਼ਾਂਤ ਨਹੀਂ ਰਹਿ ਸਕਦਾ ਤਾਂ ਕਾਰੋਬਾਰ ਦੀ ਕਿਵੇਂ ਅਗਵਾਈ ਕਰੇਗਾ, ਜਿੱਥੇ ਰੋਜ਼ ਤਣਾਅ 'ਚੋਂ ਲੰਘਣਾ ਪੈਂਦਾ ਹੈ। ਇਸ ਕਾਰਨ ਹੀ ਉਹ ਉਮੀਦਵਾਰ ਨੌਕਰੀ ਪ੍ਰਾਪਤ ਨਹੀਂ ਸੀ ਕਰ ਸਕਿਆ।

ਜੇ ਇਹ ਬਹੁਤ ਜ਼ਿਆਦਾ ਲੱਗਦਾ ਹੋਵੇ ਤਾਂ ਇਥੇ ਇੱਕ ਹੋਰ ਚਿਤਾਵਨੀ ਹੈ; ਸੰਗਠਨ ਇਹ ਯਕੀਨੀ ਬਣਾਉਣ ਲਈ ਕਿ ਉਨ੍ਹਾਂ ਨੂੰ ਅਗਵਾਈ ਕਰਨ ਦੀ ਭੂਮਿਕਾ ਲਈ ਸਹੀ ਲੋਕ ਮਿਲਣ, ਕੰਪਨੀਆਂ ਵਾਲੇ ਕੁਝ ਗੈਰ ਸਾਧਾਰਨ ਕਦਮ ਚੁੱਕਦੇ ਹਨ, ਉਮੀਦਵਾਰਾਂ ਦੇ ਲਾਈਫ ਸਟਾਈਲ ਤੋਂ ਲੈ ਕੇ ਉਨ੍ਹਾਂ ਦੀਆਂ ਕੁੰਡਲੀਆਂ ਦੀ ਜਾਂਚ ਕਰਨ ਤੱਕ। ਕੰਪਨੀਆਂ ਸਿਹਤਮੰਦ ਅਤੇ ਫਿਟਨੈੱਸ ਬਾਰੇ ਵੀ ਸੁਚੇਤ ਰਹਿੰਦੀਆਂ ਹਨ, ਜਿਸ ਲਈ ਇੱਕ ਵਾਰ ਇੱਕ ਉਮੀਦਵਾਰ ਨੂੰ ਕਮਜ਼ੋਰ ਸਰੀਰ ਕਾਰਨ ਨਕਾਰ ਦਿੱਤਾ ਗਿਆ ਸੀ। ਕੁਝ ਸਾਲ ਪਹਿਲਾਂ ਇੱਕ ਸੰਗਠਨ ਨੇ ਡਾਇਰੈਕਟਰ ਪੱਧਰ ਦੇ ਅਹੁਦੇ ਲਈ ਇੱਕ ਉਮੀਦਵਾਰ ਨੂੰ ਲਗਭਗ ਫਾਈਨਲ ਕਰ ਲਿਆ, ਜਦੋਂ ਤੱਕ ਉਸ ਦਾ ਲਾਈਫ ਸਟਾਈਲ ਸਾਹ-ਮਣੇ ਨਹੀਂ ਆਇਆ। ਖੋਜ ਫਰਮ, ਜਿਸ ਨੇ ਉਮੀਦਵਾਰ ਦੀਆਂ ਸੋਸ਼ਲ ਮੀਡੀਆ 'ਤੇ ਮੁੱਖ ਪੋਸਟਾਂ ਦੀ ਜਾਂਚ ਕੀਤੀ, ਨੇ ਕੰਪਨੀ ਨੂੰ ਉਸ ਦੀ ਨੌਕਰੀ ਬਾਰੇ ਚਿਤਾਵਨੀ ਦਿੱਤੀ। ਉਮੀਦਵਾਰ ਦੇ ਲਾਈਫ ਸਟਾਈਲ ਬਾਰੇ ਕੁਝ ਤੱਥ ਸਾਹਮਣੇ ਆਉਣ ਤੋਂ ਬਾਅਦ ਫਰਮ ਨੇ ਇੱਕ ਸਿਹਤਮੰਦ ਜਾਂਚ ਕਰਨ ਦਾ ਫੈਸਲਾ ਕੀਤਾ। ਉਹ ਵਿਅਕਤੀ ਨਾ ਸਿਰਫ ਗਾਲ੍ਹਾਂ ਕੱਢਦਾ ਸੀ, ਸਗੋਂ ਸੋਸ਼ਲ ਮੀਡੀਆ ਉੱਤੇ ਉਸ ਦੀਆਂ ਕੁਝ ਪੋਸਟਾਂ ਨੇ ਉਸ ਦੇ ਜਾਤੀਵਾਦੀ ਹੋਣ ਦਾ ਵੀ ਖੁਲਾਸਾ ਕੀਤਾ। ਉਮੀਦਵਾਰ ਨੂੰ ਸਪੱਸ਼ਟ ਇਨਕਾਰ ਕਰ ਦਿੱਤਾ ਗਿਆ।

ਖੋਜ ਫਰਮਾਂ ਨੂੰ ਆਪਣੇ ਗ੍ਰਾਹਕਾਂ ਵੱਲੋਂ ਆਮ ਤੌਰ 'ਤੇ ਜਿਨ੍ਹਾਂ ਸਵਾਲਾਂ ਦਾ ਸਾਹ-ਮਣਾ ਕਰਨਾ ਪੈਂਦਾ ਹੈ, ਉਹ ਸਿਰਫ ਸਿਗਰਟਨੋਸ਼ੀ ਅਤੇ ਸ਼ਰਾਬ ਪੀਣ ਦੀਆਂ ਆਦਤਾਂ ਨਾਲ ਸੰਬੰਧਤ ਨਹੀਂ ਹੁੰਦੇ। ਉਹ ਆਪਣੀ ਜਾਂਚ ਨੂੰ ਉਮੀਦਵਾਰ ਦੇ ਕੱਪੜੇ ਪਹਿਨਣ ਦੇ ਤਰੀਕੇ ਅਤੇ ਫੈਸ਼ਨ ਸਟਾਈਲ ਤੱਕ ਵੀ ਵਿਸਥਾਰ ਦਿੰਦੇ ਹਨ।

ਐਗਜ਼ੀਕਿਊਟਿਵ ਐਕਸੈੱਸ ਇੰਡੀਆ ਦੇ ਮੈਨੇਜਿੰਗ ਡਾਇਰੈਕਟਰ ਰੋਨੇਸ਼ ਪੁਰੀ ਦੇ ਦੱਸਿਆ ਕਿ ਕੰਪਨੀਆਂ ਆਪਣੇ ਬ੍ਰਾਂਡ ਦੀ ਸੁਰੱਖਿਆ ਲਈ ਜਾਂਚ ਕਰਦੀਆਂ ਹਨ। ਉਨ੍ਹਾਂ ਮੁਤਾਬਕ ਕੁਝ ਅਜਿਹੇ ਕੇਸ ਆਏ ਹਨ, ਜਿੱਥੇ ਸੀ ਈ ਓਜ਼ ਅਤੇ ਸੀ ਐਕਸ ਓਜ਼ ਨੇ ਸ਼ਰਾਬ ਪੀ ਕੇ ਮਾਹੌਲ ਖਰਾਬ ਕੀਤਾ, ਜੋ ਸ਼ਰਮਿੰਦਗੀ ਦਾ ਕਾਰਨ ਬਣਿਆ। ਇਸ ਲਈ ਕੰਪਨੀਆਂ ਅੱਜ ਕੱਲ੍ਹ ਲੀਡਰਸ਼ਿਪ ਵਾਲੇ ਅਹੁਦਿਆਂ ਦੇ ਉਮੀਦਵਾਰਾਂ ਦੇ ਲਾਈਫ ਸਟਾਈਲ 'ਤੇ ਹੋਰ ਨੇੜਿਓਂ ਨਜ਼ਰ ਰੱਖ ਰਹੀਆਂ ਹਨ। ਕੁਝ ਕੰਪਨੀਆਂ ਜਿੱਥੇ ਪ੍ਰਮੋਟਰਜ਼, ਸਾਦਗੀ ਅਤੇ ਨੈਤਿਕ ਕਦਰਾਂ ਕੀਮਤਾਂ ਨੂੰ ਬਣਾਈ ਰੱਖਣ 'ਚ ਯਕੀਨ ਰੱਖਦੀਆਂ ਹਨ, ਅਜਿਹੇ ਲੋਕਾਂ ਨੂੰ ਨਿਯੁਕਤ ਕਰਨ ਤੋਂ ਡਰਦੀਆਂ ਹਨ, ਜੋ ਵੱਖਰੇ ਲਾਈਫ ਸਟਾਈਲ ਦਾ ਪ੍ਰਦਰਸ਼ਨ ਕਰ ਕੇ ਸੰਗਠਨ ਦੀ ਸੰਸਕ੍ਰਿਤੀ ਅਤੇ ਕਦਰਾਂ ਕੀਮਤਾਂ ਵਿੱਚ ਬਦਲਾਅ ਕਰਦੇ ਹਨ। ਉਮੀਦਵਾਰਾਂ ਦੇ ਲਾਈਫ ਸਟਾਈਲ ਬਾਰੇ ਜ਼ਿਆਦਾਤਰ ਖੁਲਾਸਾ ਸੋਸ਼ਲ ਮੀਡੀਆ 'ਤੇ ਉਸ ਦੀਆਂ ਸਰਗਰਮੀਆਂ ਤੋਂ ਹੁੰਦਾ ਹੈ। ਸਟੇਲਰ ਸਰਚ ਦੀ ਮੋਢੀ ਤੇ ਚੇਅਰਪਰਸਨ ਸ਼ੈਲਜਾ ਦੱਤ ਜ਼ੋਰਦਾਰ ਢੰਗ ਨਾਲ ਇਸ ਦੀ ਵਕਾਲਤ ਕਰਦੀ ਹੈ ਕਿ ਭਵਿੱਖ ਦੇ ਨੇਤਾ ਦਾ 360 ਡਿਗਰੀ ਪਤਾ ਕਰਨ ਵੇਲੇ ਹਾਇਰਿੰਗ ਕੰਪਨੀਆਂ ਉਮੀਦਵਾਰਾਂ ਦੇ ਲਾਈਫ ਸਟਾਈਲ ਦੇ ਬਦਲਾਂ ਦੀ ਹੋਰ ਵਿਸਥਾਰ ਨਾਲ ਜਾਂਚ ਕਰਨ। ਉਸ ਦਾ ਕਹਿਣਾ ਹੈ ਕਿ ਮੌਜੂਦਾ ਕਾਰਪੋਰੇਟ ਮਾਹੌਲ ਵਿੱਚ ਸੀ ਐਕਸ ਓ ਦੀ ਹਾਇਰਿੰਗ ਵਿੱਚ ਗਲਤੀ ਨੂੰ ਸਿੱਧੇ ਤੌਰ 'ਤੇ ਜੋਖਮ ਮੰਨਿਆ ਜਾਂਦਾ ਹੈ ਅਤੇ ਬਹੁਤ ਸਾਰੇ ਬੋਰਡਾਂ ਅਤੇ ਲੀਡਰਸ਼ਿਪ ਟੀਮਾਂ ਨੂੰ ਇਸ ਦੀ ਸਖਤ ਜਾਂਚ ਦਾ ਸਾਹਮਣਾ ਕਰਨਾ ਪੈਂਦਾ ਹੈ, ਜਿੱਥੇ ਉਮੀਦਵਾਰ ਦੀ ਨਿੱਜਤਾ ਦੇ ਮਾਮਲੇ ਵਿੱਚ ਵੀ ਬਰਾਬਰ ਦੇ ਤਰਕ ਹਨ। ਦੱਤ ਦਾ ਕਹਿਣਾ ਹੈ ਕਿ ਆਸਾਨੀ ਨਾਲ ਉਪਲਬਧ ਸੂਚਨਾ ਦੀ ਰੋਸ਼ਨੀ ਵਿੱਚ ਜੋ ਉਮੀਦਵਾਰਾਂ ਦੇ ਡਿਜੀਟਲ ਫੁੱਟਪ੍ਰਿੰਟਸ ਤੋਂ ਮਿਲ ਜਾਂਦੀ ਹੈ, ਉਹ ਪਹਿਲਾਂ ਦੇ ਮੁਕਾਬਲੇ ਅੱਜ ਕੱਲ੍ਹ ਕਿਤੇ ਜ਼ਿਆਦਾ ਮਾਈਕ੍ਰੋਸਕੋਪਿਕ ਜਾਂਚ ਦੇ ਘੇਰੇ ਵਿੱਚ ਹੈ ਅਤੇ ਸਮੇਂ ਦੇ ਨਾਲ ਨਾਲ ਇਹ ਰੁਝਾਨ ਵਧਦਾ ਜਾਵੇਗਾ।

ਪਿਛੋਕੜ ਵਿੱਚ ਕੀਤੀ ਜਾਂਦੀ ਜਾਂਚ ਸਿਰਫ ਲਾਈਫ ਸਟਾਈਲ ਅਤੇ ਫਿਟਨੈਸ 'ਤੇ ਜਾ ਕੇ ਖਤਮ ਨਹੀਂ ਹੁੰਦੀ। ਇੱਕ ਐਗਜ਼ੀਕਿਊਟਿਵ ਸਰਚ ਫਰਮ ਨੂੰ ਉਸ ਦੇ ਦੋ ਗ੍ਰਾਹਕਾਂ ਨੇ ਆਪਣੇ ਸੰਗਠਨ ਦੇ ਮਕਸਦ ਦੀ ਪੂਰਤੀ ਲਈ ਉਮੀਦਵਾਰਾਂ ਦੀਆਂ ਕੁੰਡਲੀਆਂ ਮਿਲਾਉਣ ਦਾ ਕੰਮ ਦਿੱਤਾ। ਸਰਚ ਫਰਮ ਦੇ ਮੁਖੀ, ਜੋ ਆਪਣਾ ਨਾਂਅ ਨਹੀਂ ਦੱਸਣਾ ਚਾਹੁੰਦੇ, ਨੇ ਕਿਹਾ ਕਿ ਉਨ੍ਹਾਂ ਵੱਲੋਂ ਚੁਣੇ ਉਮੀਦਵਾਰ ਬਹੁਤ ਵਧੀਆ ਅਤੇ ਕੰਪਨੀਆਂ ਲਈ ਪੂਰੀ ਤਰ੍ਹਾਂ ਸਹੀ ਸਨ, ਪਰ ਉਨ੍ਹਾਂ ਨੂੰ ਉਨ੍ਹਾਂ ਦੀਆਂ ਸਿਰਫ ਕੁੰਡਲੀਆਂ ਦੇ ਆਧਾਰ 'ਤੇ ਰਿਜੈਕਟ ਕਰ ਦਿੱਤਾ ਗਿਆ। ਅਜਿਹੀਆਂ ਕਈ ਮਿਸਾਲਾਂ ਮਿਲ ਜਾਂਦੀਆਂ ਹਨ। ਇਸ ਦਾ ਕਾਰਨ ਸਾਡੇ ਆਲੇ ਦੁਆਲੇ ਹੰਗਾਮੇ ਤੇ ਅਸਥਿਰਤਾ ਹੋ ਸਕਦੀ ਹੈ, ਕੰਪਨੀਆਂ ਕੋਈ ਰਿਸਕ ਨਹੀਂ ਲੈਣਾ ਚਾਹੁੰਦੀਆਂ।

A-Grade Tutoring Centre
Since 2004
15th SUMMER TUTORING
Special 2 Months (8 weeks) Program
MATH SCIENCE ENGLISH GRADES JK - 12
Classes will Start on
- July 02 (Tuesday) 1st Batch
- July 08(Monday) 2nd Batch
- July 15 (Monday) 3rd Batch
- July 22(Monday) 4th Batch

Starting from $50 /week (JK)
*Charges may vary according to the grade


Mrs. Manmeet Bhullar, OCT
M..Sc. (Physics), B.Ed.
(Certified Teacher of Math & Science)


Mr. Pushpinder Bhullar
M.A.Sc. (Mechanical Engg.)
(Graduate of Ryerson University, Toronto)

- Ryerson University, Toronto Graduate & certified teachers by Ontario College of Teachers.
- Providing SUMMER TUTORING classes for ALL GRADES, since 2004, according to the curriculum of Ontario schools including:
- MATHEMATICS, SCIENCE, LANGUAGE ARTS (Reading, Writing, Phonics & Grammar).
- Very low student to teacher ratio.
- *Very-Very reasonable charges.*

Springdale (Main Location) Unit # 2, 1098 Peter Robertson Blvd. (Karol Bagh Plaza) (Corner of Peter Robertson & Torbram)
Call : 905-790-1516

BEST CANADIAN TRUCK & FORKLIFT TRAINING CENTRE
Registered as a Private Career College Under the Private Career College Act. 2005

ਟਰੱਕ ਡਰਾਈਵਿੰਗ ਦੀ ਟ੍ਰੇਨਿੰਗ ਹਰ ਰੋਜ ਦਿਤੀ ਜਾਂਦੀ ਹੈ
Open Seven Days
- AZ Tractor trailer program
- Manual transmission & backup training everyday
- We welcome welfare workers & compensation clients

Forklift Re-Certification Only $69.00/-

Karnail Singh
416.670.3173 | 905.799.7333
27 Edvac Dr, Brampton, ON L6S 5X8

• Jai Baba Ji • Jai Ranghar Badshah Ji • Jai Mata Ji •
With the blessings of Sidh Baba Balak Nath Ji, Mata Ji
Brahmleen Guru Maharaj Bibi Satya Devi
Dassan De Dass, Faqiran De Faqir, RANGHAR BADSHAH JI
SIDH SHAKTI
Mata Ji Ka 32nd CHALLA
On August 11, 2019



210 Islington Ave. • (416) 251-5538 • sidhshaktibhawan.com
• SIDH SHAKTI BHAWAN CANADA •
• Jai Baba Ji • Jai Ranghar Badshah Ji • Jai Mata Ji •
CHALLA • CHALLA • CHALLA • CHALLA

ਜ਼ਰੂਰ ਜਾਣੋ; ਗਿਆਨ ਗੰਗਾ
|| ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ||
ਸੰਤ ਰਾਮਪਾਲ ਜੀ ਮਹਾਰਾਜ ਰੂਹਾਨੀ ਵਿਚਾਰ ਲਈ ਬਰੈਂਪਟਨ ਆ ਰਹੇ ਹਨ
Sunday, September 1, 2019 from 10am to 12pm
Venue: 31 Kilkarrin Rd, Brampton, ON L7A 4C6

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸਵੇਰੇ 7:00 - 8:00 ਵਜੇ ਤੱਕ
ਸਾਧਣਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ਼ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸ਼ਾਮ 7:00 - 8:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com | 647-739-4641
satsahibusa@gmail.com | 346-714-0224

GREAT OPPOURTUNITY TO INVEST IN NIAGRA FALLS

- Freehold Traditional 2-Storey townhouse
- 3 Bedroom + 2 Bedroom finished basement
- Deposit less than 10% in 5 months

Starting from low 400,000


✓ Freehold ✓ 25x100ft lot
✓ Individual Yard & Driveway ✓ Finished Basement

40k Deposit Structure
$10,000 Submitted with offer
$10,000 Submitted 90 days after Offer Date
$20,000 Submitted 150 days after Offer Date

Jagdish Grewal
Sales Representative

Residential | Commercial | Investment
(416) 970-5005
Office: 905-488-2100 Ext. 348
Century 21 President Realty Inc Brokerage* Independently Owned and Operated.
www.vipcondonetwork.com
27 Armthorpe Rd Brampton #3, ON L6T 5M4 | Fax : 905-488-2101

# ਹਰਿਆਣੇ ਨੂੰ ਬੇਰੋਕ ਪਾਣੀ ਦੇਣ ਮਗਰੋਂ ਲੀਡਰਾਂ ਦੀ 'ਨਹੀਂ ਦੇਣਾ, ਨਹੀਂ ਦੇਣਾ' ਦੀ ਨਾਟਕਬਾਜ਼ੀ



ਜਤਿੰਦਰ ਪੰਨੂ


ਪੰਜਾਬ ਦੇ ਪਾਣੀਆਂ ਦਾ ਮੁੱਦਾ ਇੱਕ ਵਾਰ ਫਿਰ ਚਰਚਾ ਦਾ ਕੇਂਦਰ ਬਣਿਆ ਪਿਆ ਹੈ। ਕਾਂਗਰਸ ਪਾਰਟੀ ਦੇ ਆਗੂ ਹੋਣ ਜਾਂ ਅਕਾਲੀ ਦਲ ਦੇ, ਦੋਵਾਂ ਨੇ ਪਾਣੀਆਂ ਦੇ ਮੁੱਦੇ ਉੱਤੇ ਪੰਜਾਬ ਨਾਲ ਵਫਾ ਨਹੀਂ ਕੀਤੀ, ਜਿਸ ਨੇ ਉਨ੍ਹਾਂ ਨੂੰ ਸੱਤਾ ਦਾ ਸੁੱਖ ਮਾਨਣ ਦਾ ਵਾਰ-ਵਾਰ ਮੌਕਾ ਦਿੱਤਾ ਹੈ। ਲੜਾਈ ਵਿੱਚ ਸਾਰੀ ਚਾਂਦਮਾਰੀ ਦਾ ਨਿਸ਼ਾਨਾ ਕੇਂਦਰ ਸਰਕਾਰ ਵੱਲ ਸੇਧਿਆ ਜਾਂਦਾ ਹੈ। ਇਹ ਇੱਕ ਹੱਦ ਤੱਕ ਠੀਕ ਵੀ ਹੈ, ਪਰ ਇੱਕ ਹੱਦ ਤੱਕ ਹੀ ਠੀਕ ਹੈ, ਨੁਕਸ ਪੰਜਾਬ ਵਿੱਚ ਵੀ ਹੈ। ਐਮਰਜੈਂਸੀ ਵੇਲੇ ਜਿਹੜਾ ਸਮਝੌਤਾ ਹੋਇਆ, ਉਸ ਵਿੱਚ ਪੰਜਾਬ ਦੇ ਕਾਂਗਰਸੀਆਂ ਨੇ ਕੇਂਦਰ ਦੀ ਖੁਸ਼ੀ ਖਾਤਰ ਆਪਣੇ ਰਾਜ ਦੇ ਹਿੱਤਾਂ ਨੂੰ ਵੇਚ ਛੱਡਿਆ ਤੇ ਐਮਰਜੈਂਸੀ ਪਿੱਛੋਂ ਬਣੇ ਅਕਾਲੀ ਮੁੱਖ ਮੰਤਰੀ ਨੇ ਹਰਿਆਣੇ ਵਿੱਚ ਆਪਣੇ ਪਰਵਾਰਕ ਹਿੱਤਾਂ ਖਾਤਰ ਪੰਜਾਬ ਨਾਲ ਬੇਵਫਾਈ ਕੀਤੀ। ਓਦੋਂ ਹੀ ਹਰਿਆਣੇ ਤੋਂ ਸਤਲੁਜ-ਜਮਨਾ ਲਿੰਕ ਨਹਿਰ ਬਣਾਉਣ ਲਈ ਦੋ ਕਰੋੜ ਰੁਪਏ ਦੀ ਸਾਈ ਓਥੋਂ ਦੇ ਮੁੱਖ ਮੰਤਰੀ ਚੌਧਰੀ ਦੇਵੀ ਲਾਲ ਤੋਂ ਫੜੀ ਗਈ ਸੀ। ਬਾਅਦ ਵਿੱਚ ਇਸ ਮੁੱਦੇ ਉੱਤੇ ਮੋਰਚੇ ਵੀ ਲਾਏ ਗਏ, ਤੇ ਅਜੇ ਤੱਕ ਲਾਏ ਜਾ ਰਹੇ ਹਨ, ਪਰ ਦੋਂਹ ਗੱਲਾਂ ਵੱਲ ਲੋਕਾਂ ਦਾ ਧਿਆਨ ਅਜੇ ਵੀ ਨਹੀਂ ਜਾ ਰਿਹਾ। ਇਸ ਦੇ ਬਿਨਾਂ ਪੰਜਾਬ ਦੇ ਲੋਕ ਇਹ ਨਹੀਂ ਜਾਣ ਸਕਦੇ ਕਿ ਉਨ੍ਹਾਂ ਨਾਲ ਧੋਖਾ ਉਨ੍ਹਾਂ ਦੇ ਆਪਣੇ ਘਰ ਵਿੱਚ ਹੋਈ ਜਾਂਦਾ ਹੈ।

ਇਨ੍ਹਾਂ ਦੋ ਗੱਲਾਂ ਵਿੱਚੋਂ ਇੱਕ ਇਹ ਹੈ ਕਿ ਸਾਰਾ ਜ਼ੋਰ ਸਤਲੁਜ ਜਮਨਾ ਲਿੰਕ ਨਹਿਰ ਨੂੰ ਬਣਨ ਤੋਂ ਰੋਕਣ ਦੇ ਪਾਸੇ ਲੱਗਦਾ ਹੈ, ਪਰ ਇਸ ਦਾ ਇੱਕ ਬਦਲ ਸਾਹਮਣੇ ਹੋਣ ਦੇ ਬਾਵਜੂਦ ਕਿਸੇ ਕਾਂਗਰਸੀ ਜਾਂ ਅਕਾਲੀ ਆਗੂ ਨੇ ਕਦੇ ਵੀ ਅੱਜ ਤੱਕ ਕੇਂਦਰ ਸਰਕਾਰ ਦੇ ਕੋਲ ਇਹ ਮਸਲਾ ਉਠਾਉਣ ਦੀ ਲੋੜ ਨਹੀਂ ਸਮਝੀ। ਇੱਕ ਇਨ੍ਹਾਂ ਸਤਰਾਂ ਦਾ ਲੇਖਕ ਅਤੇ ਦੂਸਰੇ ਆਮ ਆਦਮੀ ਪਾਰਟੀ ਦੇ ਆਗੂ ਹਰਵਿੰਦਰ ਸਿੰਘ ਫੂਲਕਾ ਇਹ ਮੁੱਦਾ ਉਠਾਉਂਦੇ ਰਹੇ ਹਨ ਕਿ ਸਤਲੁਜ ਜਮਨਾ ਲਿੰਕ ਦੀ ਐੱਸ ਵਾਈ ਐੱਲ ਵਾਲੀ ਨਹਿਰ ਬਣਾਉਣ ਦੀ ਥਾਂ ਦੂਸਰੇ ਐੱਸ ਵਾਈ ਐੱਲ ਵਾਲੀ ਸ਼ਾਰਧਾ-ਜਮਨਾ ਲਿੰਕ ਨਹਿਰ ਬਣਾਈ ਜਾਣੀ ਚਾਹੀਦੀ ਹੈ। ਉਸ ਨਹਿਰ ਇੱਕੱਲੀ ਦਾ ਨਹੀਂ, ਇਹੋ ਜਿਹੀਆਂ ਕਈ ਨਹਿਰਾਂ ਦਾ ਵਿਚਾਰ ਪਹਿਲੀ ਵਾਰੀ ਕਾਂਗਰਸ ਦੇ ਇੰਦਰਾ ਗਾਂਧੀ ਵਾਲੇ ਰਾਜ ਵਿੱਚ ਪੇਸ਼ ਹੋਇਆ ਸੀ ਤੇ ਫਿਰ ਇੱਕ ਸਰਵੇਖਣ ਵੀ ਸ਼ੁਰੂ ਕਰਵਾਇਆ ਗਿਆ ਸੀ। ਜਦੋਂ ਦੇਸ਼ ਦੀ ਕਮਾਨ ਭਾਜਪਾ ਦੇ ਆਗੂ ਅਟਲ ਬਿਹਾਰੀ ਵਾਜਪਾਈ ਨੇ ਸੰਭਾਲੀ ਤਾਂ ਉਸ ਸਰਵੇਖਣ ਦਾ ਮੁੱਦਾ ਚੁੱਕ ਕੇ ਉਸ ਦੇ ਖਰਚੇ ਦਾ ਲੇਖਾ ਲਵਾਇਆ ਗਿਆ ਤੇ ਇਸ ਦੇ ਬਾਅਦ ਇਹ ਨਹੀਂ ਸੀ ਕਿਹਾ ਕਿ ਇਹ ਅਮਲ ਦੇ ਯੋਗ ਨਹੀਂ, ਸਗੋਂ ਇਹ ਕਿਹਾ ਗਿਆ ਸੀ ਕਿ ਇਸ ਲਈ ਵੱਡੇ ਫੰਡਾਂ ਦੀ ਲੋੜ ਹੈ, ਪਹਿਲਾਂ ਦੂਸਰੇ ਇਸ ਦੇ ਨਾਲ ਵਾਲੇ ਸਸਤੇ ਪ੍ਰਾਜੈਕਟ ਬਣਾਈਏ। ਉਸ ਦੇ ਬਾਅਦ ਇਹ ਪ੍ਰਾਜੈਕਟ ਕਦੇ ਛੇੜਿਆ ਨਹੀਂ ਗਿਆ, ਕਿਉਂਕਿ ਕਿਸੇ ਨੇ ਕਦੇ ਸਵਾਲ ਹੀ ਨਹੀਂ ਪੁੱਛਿਆ। ਮੋਦੀ ਸਰਕਾਰ ਵੇਲੇ ਇਸ ਦੀ ਫਾਈਲ ਕੱਢੀ ਗਈ ਤਾਂ ਇਸ ਨੂੰ ਰੋਕਣ ਲਈ ਕੁਝ ਧਿਰਾਂ ਨਵੀਂ ਦਲੀਲ ਲੈ ਆਈਆਂ ਸਨ ਕਿ ਜਿੱਥੋਂ ਇਹ ਸ਼ਾਰਧਾ ਜਮਨਾ ਲਿੰਕ ਨਹਿਰ ਬਣਾਉਣੀ ਹੈ, ਓਧਰ ਭੁਚਾਲਾਂ ਦਾ ਖਤਰਾ ਹੈ। ਭਾਰਤ ਦੇ ਮਹਾਰਾਸ਼ਟਰ ਦਾ ਕੋਇਨਾ ਡੈਮ ਤਾਂ ਭਾਖੜਾ ਡੈਮ ਤੋਂ ਵੀ ਉੱਚਾ ਹੈ ਤੇ ਉਹ ਓਦੋਂ ਬਣਾਇਆ ਸੀ, ਜਦੋਂ ਓਥੇ ਭੁਚਾਲ ਇੱਕ ਵਾਰ ਆ ਚੁੱਕਾ ਸੀ ਤੇ ਅੱਗੋਂ ਫਿਰ ਆਉਣ ਦੀ ਚੇਤਾਵਨੀ ਮਿਲੀ ਹੋਈ ਸੀ, ਉਸ ਨੂੰ ਕਿਸੇ ਨੇ ਨਹੀਂ ਰੋਕਿਆ। ਪੰਜਾਬ ਵੱਲੋਂ ਕਿਸੇ ਨੇ ਪੈਰਵੀ ਨਹੀਂ ਸੀ ਕੀਤੀ ਤਾਂ ਇਹ ਪ੍ਰਾਜੈਕਟ ਅਮਲ ਵਿੱਚ ਆਉਣ ਤੋਂ ਰੁਕ ਗਿਆ, ਵਰਨਾ ਕਈ ਮਸਲੇ ਹੱਲ ਹੋ ਸਕਦੇ ਸਨ।

ਨੇਪਾਲ ਤੋਂ ਕਾਲੀ ਨਦੀ ਦੇ ਨਾਂਅ ਨਾਲ ਵਗਦੀ ਨਦੀ ਜਦੋਂ ਭਾਰਤ ਵਿੱਚ ਵੜਦੀ ਹੈ ਤਾਂ ਇਸ ਦਾ ਨਾਂਅ ਸ਼ਾਰਦਾ ਹੋ ਜਾਂਦਾ ਹੈ। ਇਸ ਦੇ ਬਾਰੇ ਨੇਪਾਲ ਨਾਲ ਕੁਝ ਸਮਝੌਤੇ ਵੀ ਹੋਏ ਹਨ ਤੇ ਭਾਰਤ ਇਸ ਉੱਤੇ ਡੈਮ ਬਣਾ ਸਕਦਾ ਹੈ। ਤਰਾਈ ਦੇ ਖੇਤਰ ਤੋਂ ਇਹ ਨਦੀ ਉੱਤਰਾ ਖੰਡ ਵਿੱਚ ਦੀ ਹੁੰਦੀ ਹੋਈ ਹਰਿਆਣੇ ਵਿੱਚ ਲਿਆ ਕੇ ਜਮਨਾ ਨਾਲ ਜੋੜਨ ਵਾਲੀ ਯੋਜਨਾ ਵਾਜਪਾਈ ਸਰਕਾਰ ਵੇਲੇ ਪ੍ਰਵਾਨ ਹੋ ਗਈ ਸੀ ਤੇ ਇਸ ਨੂੰ ਅੱਗੇ ਵਧਾ ਕੇ ਹਰਿਆਣੇ ਅਤੇ ਉੱਤਰ ਪ੍ਰਦੇਸ਼ ਤੋਂ ਵੀ ਬਾਅਦ ਰਾਜਸਥਾਨ ਨਾਲ ਜੋੜਨ ਦੀ ਯੋਜਨਾ ਸੀ। ਸਮਝਿਆ ਜਾਂਦਾ ਸੀ ਕਿ ਇਸ ਦੇ ਰਾਹ ਵਿੱਚ ਪੈਂਦੀਆਂ ਧੌਲ ਗੰਗਾ ਤੇ ਕੁਝ ਹੋਰ ਸਹਾਇਕ ਨਦੀਆਂ ਦਾ ਸਾਰਾ ਪਾਣੀ ਜਦੋਂ ਇਸ ਵਿੱਚ ਪਵੇਗਾ ਤਾਂ ਫਿਰ ਇਹ ਜਮਨਾ ਨੂੰ ਏਨਾ ਭਰ ਦੇਵੇਗੀ ਕਿ ਰਾਜਸਥਾਨ ਤੱਕ ਦੇ ਲੋਕਾਂ ਤੇ ਖੇਤਾਂ ਦੀ ਪਿਆਸ ਬੁਝਾਉਣ ਦੇ ਕੰਮ ਆ ਸਕੇਗੀ। ਜੇ ਇਹ ਪ੍ਰਾਜੈਕਟ ਸਿਰੇ ਚੜ੍ਹਾ ਲਿਆ ਜਾਂਦਾ ਤਾਂ ਸਾਡੀ ਪੰਜਾਬੀਆਂ ਦੀ ਹਰਿਆਣੇ ਨਾਲ ਸਤਲੁਜ ਦੇ ਪਾਣੀ ਜਮਨਾ ਵਿੱਚ ਪਾਉਣ ਦੇ ਮੁੱਦੇ ਤੋਂ ਲੜਾਈ ਰੁਕ ਜਾਣੀ ਸੀ। ਇਸ ਪਾਸੇ ਧਿਆਨ ਨਾ ਦੇਣ ਕਾਰਨ ਮੁੱਦਾ ਖੜੇ ਦਾ ਖੜਾ ਹੈ, ਰਾਜਨੀਤੀ ਛੱਲਾਂ ਮਾਰਦੀ ਹੈ, ਦੋਂਹ ਰਾਜਾਂ ਦੇ ਲੋਕ ਮੂਰਖ ਬਣਾਏ ਜਾ ਰਹੇ ਹਨ ਤੇ ਕੇਂਦਰ ਸਰਕਾਰ ਇੱਕ ਅਹਿਮ ਪ੍ਰਾਜੈਕਟ ਉੱਤੇ ਚੱਪਣੀ ਮੂਧੀ ਮਾਰ ਕੇ ਆਰਾਮ ਨਾਲ ਬੈਠੀ ਹੈ।

ਦੂਸਰੀ ਗੱਲ ਇਸ ਤੋਂ ਵੱਧ ਅਹਿਮ ਹੈ ਤੇ ਇਸ ਬਾਰੇ ਨਹਿਰੀ ਪਾਣੀਆਂ ਦੇ ਮਾਹਰ ਜੋ ਕੁਝ ਦੱਸਦੇ ਹਨ, ਉਸ ਨਾਲ ਇਹ ਪਤਾ ਲੱਗਾ ਜਾਂਦਾ ਹੈ ਕਿ ਪੰਜਾਬੀਆਂ ਦੀ ਗੱਠੜੀ ਨੂੰ ਲੱਗਾ ਚੋਰ ਕਿਹੜੀਆਂ ਚੁਸਤੀਆਂ ਕਰ ਗਿਆ ਹੈ। ਪੰਜਾਬ ਵਿੱਚ ਪਿਛਲੀ ਸਰਕਾਰ ਦੇ ਵਕਤ ਇੱਕ ਦਿਨ ਵਿਧਾਨ ਸਭਾ ਵਿੱਚ ਸਵਾਲ ਪੁੱਛਿਆ ਗਿਆ ਕਿ ਪੰਜਾਬ ਦੀ ਖਨੌਰੀ ਵਾਲੀ ਨਹਿਰ ਦੋਵਾਂ ਕੰਢਿਆਂ ਤੋਂ ਉੱਚੇ ਕਰਨ ਦਾ ਖਰਚਾ ਕਿਉਂ ਕੀਤਾ ਹੈ ਤਾਂ ਜਵਾਬ ਇਹ ਮਿਲਿਆ ਕਿ ਨਹਿਰ ਵਿੱਚ ਗਾਰ ਬਾਹਲੀ ਵਧ ਜਾਣ ਕਾਰਨ ਉਸ ਦੇ ਕੰਢਿਆਂ ਨੂੰ ਉੱਚੇ ਕਰਨਾ ਪਿਆ ਹੈ। ਗਾਰ ਨਹੀਂ ਸੀ ਕੱਢੀ ਗਈ, ਕੰਢੇ ਉੱਚੇ ਕੀਤੇ ਗਏ ਸਨ। ਇਸ ਦੇ ਪਿੱਛੇ ਇੱਕ ਹੋਰ ਕਿੱਸਾ ਪਤਾ ਲੱਗਦਾ ਹੈ। ਇਹ ਨਹਿਰ ਜਿੱਥੇ ਖਤਮ ਹੁੰਦੀ ਹੈ, ਓਥੋਂ ਇਸ ਦਾ ਇੱਕ ਵਹਿਣ ਹਰਿਆਣੇ ਦੀ ਨਰਵਾਣਾ ਨਹਿਰ ਵਿੱਚ ਪਾ ਕੇ ਕਿਹਾ ਜਾਂਦਾ ਹੈ ਕਿ ਓਵਰ ਫਲੋਅ ਓਧਰ ਵਹਿੰਦਾ ਹੈ, ਪਰ ਅਸਲ ਗੱਲ ਆਪਣੇ ਪੰਜਾਬ ਦੇ ਬਜਾਏ ਹਰਿਆਣੇ ਵਿੱਚੋਂ ਆਰ ਟੀ ਆਈ ਦੀ ਇੱਕ ਅਰਜ਼ੀ ਨਾਲ ਬਾਹਰ ਨਿਕਲੀ ਹੈ। ਕਿਸੇ ਨੇ ਪੁੱਛ ਲਿਆ ਕਿ ਪੰਜਾਬ ਨੂੰ ਕੁਝ ਪੈਸੇ ਦਿੱਤੇ ਗਏ, ਉਹ ਕਿਉਂ ਦਿੱਤੇ ਹਨ ਤਾਂ ਉਸ ਰਾਜ ਦੀ ਸਰਕਾਰ ਨੇ ਜਵਾਬ ਦਿੱਤਾ ਕਿ ਉਸ ਪਾਸੇ ਤੋਂ ਜਿਹੜੀ ਨਹਿਰ ਦਾ ਓਵਰ ਫਲੋਅ ਵਾਲਾ ਪਾਣੀ ਸਾਨੂੰ ਮਿਲ ਰਿਹਾ ਸੀ, ਉਸ ਨਹਿਰ ਦੇ ਕੰਢੇ ਉੱਚੇ ਕਰਨ ਨਾਲ ਉਹ ਹੋਰ ਵੱਧ ਮਿਲ ਸਕਦਾ ਹੈ। ਪੱਕੀਆਂ ਕੀਤੀਆਂ ਗਈਆਂ ਨਹਿਰਾਂ ਦਾ ਥੱਲਾ ਮਸਾਂ ਮੀਟਰ ਦੇ ਕਰੀਬ ਹੁੰਦਾ ਹੈ ਤੇ ਉੱਪਰ ਜਾਂਦੇ ਕਿਨਾਰੇ ਚੌੜੇ ਹੋਈ ਜਾਂਦੇ ਹਨ, ਜਿਸ ਦਾ ਅਰਥ ਹੈ ਕਿ ਉੱਪਰੋਂ ਜਦੋਂ ਦੋ-ਦੋ ਫੁੱਟ ਹੋਰ ਵਧਾਈਏ ਤਾਂ ਹੇਠਾਂ ਵਾਲੇ ਹਿੱਸੇ ਦੇ ਇੱਕ ਮੀਟਰ ਜਿੰਨਾ ਪਾਣੀ ਏਥੇ ਇੱਕ ਫੁੱਟ ਉੱਚਾਈ ਵਿੱਚ ਵਗ ਸਕਦਾ ਹੈ। ਗਾਰ ਕੱਢ ਲਈ ਜਾਂਦੀ ਤਾਂ ਪਾਣੀ ਦਾ ਵਹਿਣ ਵਧਣਾ ਨਹੀਂ ਸੀ ਤੇ ਹਰਿਆਣੇ ਵੱਲ ਬਹੁਤਾ ਪਾਣੀ ਨਹੀਂ ਸੀ ਜਾਣਾ, ਪਰ ਇਹ ਕੰਢੇ ਗਾਰ ਦਾ ਬਹਾਨਾ ਬਣਾ ਕੇ ਇਸ ਲਈ ਉੱਚੇ ਕੀਤੇ ਗਏ ਕਿ ਲੋਕਾਂ ਨੂੰ ਬੇਵਕੂਫ ਬਣਾ ਕੇ ਹਰਿਆਣੇ ਨੂੰ 'ਵਾਧੂ' ਓਵਰ-ਫਲੋਅ ਕਹਿ ਕੇ ਪਾਣੀ ਦੇਣਾ ਸੀ। ਪੰਜਾਬ ਦੇ ਨਹਿਰਾਂ ਬਾਰੇ ਇੱਕ ਮਾਹਰ ਨੇ ਜਦੋਂ ਇਸ ਦਾ ਪਰਦਾ ਚੁੱਕਿਆ ਤਾਂ ਉਸ ਦਾ ਵੀਡੀਓ ਵਾਇਰਲ ਹੋ ਰਿਹਾ ਹੈ।






ਇਸ ਵਕਤ ਦੀ ਪੰਜਾਬ ਦੀ ਰਾਜਨੀਤੀ ਅਜੇ ਵੀ ਪੁਰਾਣੀ ਰੱਟ ਵਿੱਚ ਪਈ ਹੋਈ ਇਹੋ ਕਹੀ ਜਾਂਦੀ ਹੈ ਕਿ ਸਤਲੁਜ ਜਮਨਾ ਨਹਿਰ ਨਹੀਂ ਬਣਨ ਦੇਣੀ, ਪਰ ਜਿਹੜਾ ਕੰਮ ਕਰਨ ਵਾਲਾ ਹੈ, ਓਧਰ ਕਿਸੇ ਦਾ ਧਿਆਨ ਹੀ ਨਹੀਂ। ਨਾ ਕਿਸੇ ਧਿਰ ਨੇ ਕਦੀ ਸ਼ਾਰਧਾ-ਜਮਨਾ ਲਿੰਕ ਨਹਿਰ ਬਣਾ ਕੇ ਸਤਲੁਜ-ਜਮਨਾ ਲਿੰਕ ਦੇ ਬੇਲੋੜੇ ਹੋਣ ਦਾ ਮੁੱਦਾ ਚੁੱਕਿਆ ਹੈ ਤੇ ਨਾ ਕਿਸੇ ਨੂੰ ਪਾਣੀ ਦੀ ਬੂੰਦ ਨਾ ਦੇਣ ਵਾਲਿਆਂ ਵੱਲੋਂ ਚੁੱਪ-ਚੁਪੀਤੇ ਹਰਿਆਣੇ ਨੂੰ ਪਾਣੀ ਦੇਣ ਤੋਂ ਪਰਦਾ ਚੁੱਕਿਆ ਹੈ। ਅਸੀਂ ਉਸ ਦੇ ਬਾਰੇ ਪੜਤਾਲ ਕੀਤੀ ਤਾਂ ਹੈਰਾਨੀ ਵਾਲੇ ਤੱਥ ਸਾਹਮਣੇ ਆਏ ਹਨ। ਹੋਰ ਤਾਂ ਹੋਰ, ਇਹ ਗੱਲ ਕਹੀ ਜਾਂਦੀ ਹੈ ਕਿ ਸਮਝੌਤੇ ਵਾਲੀ ਐੱਸ ਵਾਈ ਐੱਲ ਨਹਿਰ ਬਣਨ ਨਹੀਂ ਦੇਣੀ, ਇੱਕ ਬੂੰਦ ਪਾਣੀ ਅਸੀਂ ਜਾਣ ਨਹੀਂ ਦੇਣਾ, ਪਰ ਹਰਿਆਣੇ ਨੂੰ ਪਾਣੀ ਸਰੇਆਮ ਜਾਂਦਾ ਵੀ ਕਦੀ ਕਿਸੇ ਨੂੰ ਦਿੱਸਿਆ ਨਹੀਂ, ਜਾਂ ਵੇਖ ਕੇ ਅਣਗੌਲਿਆ ਜਾਂਦਾ ਹੈ। ਫਲੋਟਿੰਗ ਰੈਸਟੋਰੈਂਟ ਸਰਹਿੰਦ ਤੋਂ ਥੋੜ੍ਹਾ ਅੱਗੇ ਜਾ ਕੇ ਉਹੀ ਨਹਿਰ ਦੋ ਥਾਂਈਂ ਪਾਟਦੀ ਅਤੇ ਇਸ ਵਿੱਚੋਂ ਇੱਕ ਨਰਵਾਣਾ ਬਰਾਂਚ ਨਿਕਲਦੀ ਹੈ, ਜਿਸ ਵਿੱਚ ਪਿਆ ਪਾਣੀ ਹਰਿਆਣੇ ਦੇ ਨਰਵਾਣਾ ਵੱਲ ਵਗਦਾ ਅਤੇ ਪੰਜਾਬ ਦੇ ਘਨੌਰ ਤੋਂ ਅੱਗੇ ਹਰਿਆਣੇ ਦੇ ਇਸਮਾਈਲਾਬਾਦ ਕੋਲੋਂ ਉਸ ਰਾਜ ਵਿੱਚ ਚਲਾ ਜਾਂਦਾ ਹੈ। ਪੰਜਾਬ ਵਿੱਚ ਐੱਸ ਵਾਈ ਐੱਲ ਨਹਿਰ ਬਣਨ ਨਹੀਂ ਦਿੱਤੀ ਤੇ ਹਰਿਆਣੇ ਵਾਲਾ ਜਿਹੜਾ ਹਿੱਸਾ ਬਣਿਆ ਪਿਆ ਹੈ, ਉਹ ਨਹਿਰ ਅਤੇ ਸਰਹਿੰਦ ਤੋਂ ਨਿਕਲੀ ਹੋਈ ਨਰਵਾਣਾ ਬਰਾਂਚ ਅੱਗੇ ਜਾ ਕੇ ਦੋਵੇਂ ਇਕੱਠੀਆਂ ਹੋ ਕੇ ਕੁਝ ਮੀਲ ਨਾਲੋ-ਨਾਲ ਚੱਲਣ ਦੇ ਬਾਅਦ ਫਿਰ ਨਰਵਾਣਾ ਬਰਾਂਚ ਓਸੇ ਐੱਸ ਵਾਈ ਐੱਲ ਨਹਿਰ ਵਿੱਚ ਪੈ ਜਾਂਦੀ ਹੈ ਤੇ ਇੰਜ ਹਰਿਆਣਾ ਦੀ ਉਹੋ ਨਹਿਰ ਵਗਦੀ ਹੈ, ਜਿਹੜੀ ਪੰਜਾਬ ਦੇ ਆਗੂ ਕਹਿੰਦੇ ਹਨ ਕਿ ਚੱਲਣ ਨਹੀਂ ਦੇਣੀ। ਕਹਾਣੀ ਏਥੇ ਵੀ ਖਤਮ ਨਹੀਂ ਹੁੰਦੀ। ਸਰਹਿੰਦ ਤੋਂ ਨਰਵਾਣਾ ਬਰਾਂਚ ਕੱਢਣ ਤੋਂ ਬਾਅਦ ਜਿਹੜੀ ਬਾਕੀ ਨਹਿਰ ਅੱਗੇ ਨਿਕਲਦੀ ਹੈ, ਉਹ ਖਨੌਰੀ ਵਿੱਚ ਪਹੁੰਚਦੀ ਹੈ ਤੇ ਓਥੇ ਬਣਾਏ ਹੈੱਡ ਵਰਕਸ ਤੋਂ ਇੱਕ ਨਹਿਰ ਹੋਰ ਕੱਢ ਕੇ ਹਰਿਆਣੇ ਨੂੰ ਪਾਣੀ ਪਿਛਲੇ ਕਈ ਸਾਲਾਂ ਤੋਂ ਭੇਜਿਆ ਜਾ ਰਿਹਾ ਹੈ। ਸਾਡੇ ਪੰਜਾਬ ਵਿੱਚ ਕਈ ਵਾਰੀ ਇਸ ਗੱਲ ਦੀ ਚਰਚਾ ਹੋਈ ਹੈ ਕਿ ਗੁੰਮ ਹੋਏ ਲੋਕ ਜਦੋਂ ਕਿਤੇ ਨਹੀਂ ਲੱਭਦੇ ਤਾਂ ਖਨੌਰੀ ਵਾਲੀ ਨਹਿਰ ਉੱਤੇ ਹਰਿਆਣੇ ਵਿੱਚ ਬਣਾਏ ਗਏ ਬੈਰੇਜ ਉੱਤੇ ਜਾ ਕੇ ਅੜਦੇ ਹਨ ਤੇ ਓਥੇ ਖੜੇ ਗੋਤਾ-ਖੋਰ ਕੱਢ ਕੇ ਪਰਵਾਰਾਂ ਨੂੰ ਲਾਸ਼ਾਂ ਸੌਂਪੇ ਦੇਂਦੇ ਹਨ। ਉਹ ਏਸੇ ਨਹਿਰ ਦੇ ਬੈਰੇਜ ਦੀ ਚਰਚਾ ਹੁੰਦੀ ਹੈ ਅਤੇ ਕਦੀ ਕੋਈ ਇਹ ਗੱਲ ਨਹੀਂ ਗੌਲਦਾ ਕਿ ਇਸ ਨਹਿਰ ਦਾ ਪਾਣੀ ਹਰਿਆਣੇ ਨੂੰ ਬਿਨਾਂ ਸਮਝੌਤੇ ਤੋਂ ਜਾ ਰਿਹਾ ਹੈ। ਰਾਜਸੀ ਆਗੂ ਟਾਹਰਾਂ ਮਾਰਦੇ ਹਨ, ਪਰ ਅੱਖਾਂ ਅੱਗੇ ਵਗ ਰਿਹਾ ਪਾਣੀ ਉਨ੍ਹਾਂ ਨੂੰ ਕਦੀ ਦਿੱਸਿਆ ਨਹੀਂ।

ਅੱਜ ਜਦੋਂ ਇੱਕ ਵਾਰ ਫਿਰ ਪੰਜਾਬ ਤੇ ਹਰਿਆਣੇ ਵਿਚਾਲੇ ਪਾਣੀ ਦਾ ਮੁੱਦਾ ਭਖਿਆ ਪਿਆ ਹੈ, ਅਸੀਂ ਐੱਸ ਵਾਈ ਐੱਲ ਨਹਿਰ ਸਤਲੁਜ-ਜਮਨਾ ਲਿੰਕ ਦੀ ਥਾਂ ਦੂਸਰੀ ਐੱਸ ਵਾਈ ਐੱਲ ਵਾਲੀ ਸ਼ਾਰਧਾ-ਜਮਨਾ ਲਿੰਕ ਵਾਲੀ ਗੱਲ ਮੁੜ ਕੇ ਜ਼ੋਰ ਨਾਲ ਕਹਿਣਾ ਚਾਹੁੰਦੇ ਹਾਂ, ਤਾਂ ਕਿ ਟਕਰਾਅ ਦੀ ਥਾਂ ਬਦਲ ਪੇਸ਼ ਕੀਤਾ ਜਾ ਸਕੇ। ਇਸ ਦੇ ਨਾਲ ਹੀ ਅਸੀਂ ਇਹ ਗੱਲ ਸਾਡੇ ਪੰਜਾਬ ਦੇ ਸਾਰੇ ਲੀਡਰਾਂ ਨੂੰ ਪੁੱਛਣਾ ਚਾਹੁੰਦੇ ਹਾਂ ਕਿ ਕੀ ਉਹ ਹਿੱਕ ਉੱਤੇ ਹੱਥ ਮਾਰ ਕੇ ਕਹਿਣਗੇ ਕਿ ਹਰਿਆਣੇ ਨੂੰ ਜਾਂਦੀਆਂ ਇਨ੍ਹਾਂ ਦੋਵਾਂ ਨਹਿਰਾਂ ਵਿੱਚ ਵਗਦੇ ਪਾਣੀ ਦਾ ਉਨ੍ਹਾਂ ਨੂੰ ਪਤਾ ਨਹੀਂ? ਅਸੀਂ ਪਿਛਲੀ ਸਰਕਾਰ ਦੇ ਲੁਧਿਆਣੇ ਵਿੱਚ ਬੈਠੇ ਹੋਏ ਉਸ ਮੰਤਰੀ ਨੂੰ ਪੁੱਛਣਾ ਚਾਹੁੰਦੇ ਹਾਂ ਕਿ ਕੀ ਉਸ ਨੇ ਜਿਹੜਾ ਇਹ ਜਵਾਬ ਵਿਧਾਨ ਸਭਾ ਵਿੱਚ ਪੇਸ਼ ਕੀਤਾ ਸੀ ਕਿ ਨਹਿਰਾਂ ਦਾ ਕੰਢਾ ਗਾਰ ਵਧ ਜਾਣ ਕਰ ਕੇ ਉੱਚਾ ਕੀਤਾ ਸੀ, ਉਹ ਜਵਾਬ ਪੰਜਾਬ ਦੇ ਹਿੱਤਾਂ ਦੀ ਪੂਰਤੀ ਕਰਦਾ ਸੀ ਕਿ ਹਰਿਆਣੇ ਨਾਲ ਅੰਦਰ-ਖਾਤੇ ਮਿਲਾਈ ਹੋਈ ਸੈਨਤ ਦਾ ਸਬੂਤ ਸੀ? ਇਸ ਦਾ ਕੋਈ ਜਵਾਬ ਦੇਣ ਵਾਲਾ ਵੀ ਚਾਹੀਦਾ ਹੈ।

# ਦੁਨੀਆ ਨੂੰ ਮੁਸ਼ਕਲ ਵਿੱਚ ਫਸਾ ਰਿਹੈ ਡੋਨਾਲਡ ਟਰੰਪ

-ਪਾਲ ਕਰੁੱਗਮੈਨ-

ਡੋਨਾਲਡ ਟਰੰਪ ਦਾ ਕਹਿਣਾ ਹੈ ਕਿ 'ਟਰੇਡ ਵਾਰ ਵਧੀਆ ਹੈ ਅਤੇ ਉਸ ਨੂੰ ਜਿੱਤਣਾ ਆਸਾਨ ਹੁੰਦਾ ਹੈ।' ਉਨ੍ਹਾਂ ਦਾ ਇਹ ਬਿਆਨ ਯਕੀਨਨ ਇਤਿਹਾਸ ਦੀਆਂ ਕਿਤਾਬਾਂ ਵਿੱਚ ਦਰਜ ਹੋਵੇਗਾ, ਪਰ ਇਹ ਵੀ ਪੱਕਾ ਹੈ ਕਿ ਉਹ ਸਹੀ ਅਰਥਾਂ ਵਿੱਚ ਨਹੀਂ ਲਿਆ ਜਾਵੇਗਾ। ਇਸ ਦੀ ਥਾਂ ਇਹ ਇਰਾਕ ਜੰਗ ਤੋਂ ਪਹਿਲਾਂ ਡਿਕ ਚੇਨੀ ਦੀ ਉਸ ਭਵਿੱਖਬਾਣੀ ਦੇ ਵਾਂਗ ਹੀ ਯਾਦ ਕੀਤਾ ਜਾਵੇਗਾ, ਜਿਸ ਨੇ ਕਿਹਾ ਸੀ ਕਿ ਅਸੀਂ ਅਸਲ ਵਿੱਚ ਮੁਕਤੀ ਦਾਤਾ ਮੰਨੇ ਜਾਵਾਂਗੇ। ਇਹ ਬਿਆਨ ਉਸ ਹੰਕਾਰ ਤੇ ਹੋਛੇਪਣ ਨੂੰ ਦਰਸਾਉਂਦੇ ਹਨ, ਜੋ ਅਕਸਰ ਮਹੱਤਵ ਪੂਰਨ ਨੀਤੀ ਮਾਮਲਿਆਂ 'ਤੇ ਫੈਸਲਾ ਉੱਤੇ ਅਸਰ ਦਿਖਾਉਂਦੇ ਹਨ।

ਹਕੀਕਤ ਇਹੋ ਹੈ ਕਿ ਟਰੰਪ ਇਸ ਟਰੇਡ ਵਾਰ ਨੂੰ ਜਿੱਤਣ ਨਹੀਂ ਲੱਗੇ। ਇਹ ਵੀ ਸੱਚ ਹੈ ਕਿ ਉਨ੍ਹਾਂ ਵੱਲੋਂ ਡਿਊਟੀ ਦਰਾਂ ਦੇ ਟੈਰਿਫ ਨੇ ਚੀਨ ਸਣੇ ਹੋਰ ਦੇਸ਼ਾਂ ਨੂੰ ਨੁਕਸਾਨ ਪੁਚਾਇਆ ਹੈ। ਉਸ ਦਾ ਅਮਰੀਕਾ ਨੂੰ ਵੀ ਨੁਕਸਾਨ ਸਹਿਣਾ ਪਿਆ ਹੈ। ਨਿਊਯਾਰਕ ਫੈਡ ਵਿੱਚ ਅਰਥ ਸ਼ਾਸਤਰੀਆਂ ਨੇ ਅਨੁਮਾਨ ਲਾਇਆ ਕਿ ਇਸ ਕਾਰਨ ਵਧੀਆਂ ਕੀਮਤਾਂ ਕਾਰਨ ਇਕ ਔਸਤ ਪਰਵਾਰ ਨੂੰ ਸਾਲਾਨਾ ਇਕ ਹਜ਼ਾਰ ਡਾਲਰ ਵੱਧ ਖਰਚ ਕਰਨੇ ਪੈਣਗੇ। ਭਾਵ ਲੋਕਾਂ ਉੱਤੇ ਆਰਥਿਕ ਬੋਝ ਵਧੇਗਾ। ਫਿਰ ਅਜਿਹੇ ਕੋਈ ਸੰਕੇਤ ਨਹੀਂ ਮਿਲ ਰਹੇ ਕਿ ਟੈਰਿਫ ਤੋਂ ਟਰੰਪ ਆਸ ਮੁਤਾਬਕ ਨਤੀਜੇ ਹਾਸਲ ਕਰ ਰਹੇ ਹਨ, ਜਿਨ੍ਹਾਂ ਦਾ ਮਕਸਦ ਦੂਜੇ ਦੇਸ਼ਾਂ ਉਤੇ ਨੀਤੀਆਂ ਦੇ ਬਦਲਾਅ ਲਈ ਦਬਾਅ ਪਾਉਣਾ ਹੈ।

ਆਖਰ ਟਰੇਡ ਵਾਰ ਕੀ ਹੈ? ਇਸ ਜੁਮਲੇ ਨੂੰ ਨਾ ਅਰਥ ਸ਼ਾਸਤਰੀਆਂ ਅਤੇ ਨਾ ਇਤਿਹਾਸਕਾਰਾਂ ਨੇ ਸਿਰਜਿਆ ਹੈ, ਜਿਸ ਵਿੱਚ ਸਿਆਸੀ ਕਾਰਨਾਂ ਕਰ ਕੇ ਕੋਈ ਦੇਸ਼ ਟੈਰਿਫ ਵਿੱਚ ਵਾਧਾ ਕਰਦਾ ਹੈ, ਜਿਵੇਂ ਅਮਰੀਕਾ 1930 ਦੇ ਦਹਾਕੇ ਤੋਂ ਨਿਰੰਤਰ ਰੂਪ ਵਿੱਚ ਕਰਦਾ ਆਇਆ ਹੈ। ਟਰੇਡ ਵਾਰ ਦੀ ਸਥਿਤੀ ਉਦੋਂ ਬਣਦੀ ਹੈ ਜਦ ਕੋਈ ਦੇਸ਼ ਦੂਜੇ ਦੇਸ਼ 'ਤੇ ਦਬਾਅ ਦੇ ਨਾਲ ਕੰਟਰੋਲ ਦੇ ਮਕਸਦ ਨਾਲ ਦਰਾਂ ਵਧਾਉਂਦਾ ਹੈ ਤਾਂ ਜੋ ਉਸ ਨੂੰ ਆਪਣੇ ਪੱਖ ਵਿੱਚ ਨੀਤੀਆਂ ਬਦਲਣ ਨੂੰ ਮਜਬੂਰ ਕਰ ਸਕੇ। ਇਸ ਵਿੱਚ ਦਰਦ ਤਾਂ ਹਕੀਕੀ ਰੂਪ ਵਿੱਚ ਮਹਿਸੂਸ ਹੁੰਦਾ ਹੈ, ਪਰ ਕੰਟਰੋਲ ਸਥਾਪਤ ਹੁੰਦਾ ਨਹੀਂ ਦਿਖਾਈ ਦੇ ਰਿਹਾ। ਕੈਨੇਡਾ ਅਤੇ ਮੈਕਸੀਕੋ ਉਤੇ ਟਰੰਪ ਨੇ ਇਸ ਮਕਸਦ ਨਾਲ ਟੈਰਿਫ ਵਧਾਇਆ ਕਿ ਉਹ ਉਤਰੀ ਅਮਰੀਕਾ ਮੁਕਤ ਵਪਾਰ ਸਮਝੌਤੇ, ਭਾਵ ਨਾਫਟਾ ਉਤੇ ਨਵੇਂ ਸਿਰੇ ਤੋਂ ਵਾਰਤਾ ਲਈ ਤਿਆਰ ਹੋ ਸਕੇ। ਇਸ ਲੜੀ ਵਿੱਚ ਕੀਤਾ ਗਿਆ ਨਵਾਂ ਸਮਝੌਤਾ ਇਕਦਮ ਪੁਰਾਣੇ ਵਰਗਾ ਹੈ, ਜਿਸ ਵਿੱਚ ਮੈਗਨੀਫਾਈਂਗ ਗਲਾਸ ਲਾ ਕੇ ਵੀ ਕੋਈ ਨਵੀਂ ਗੱਲ ਦੇਖਣ ਨੂੰ ਨਹੀਂ ਮਿਲੇਗੀ। ਇਸ ਨਵੇਂ ਸਮਝੌਤੇ ਨੂੰ ਵੀ ਹਾਲੇ ਤੱਕ ਕਾਂਗਰਸ ਦੀ ਮਨਜ਼ੂਰੀ ਨਹੀਂ ਮਿਲੀ।

ਦੂਸਰੇ ਪਾਸੇ ਜੀ-20 ਦੇਸ਼ਾਂ ਦੇ ਤਾਜ਼ਾ ਸੰਮੇਲਨ ਵਿੱਚ ਡੋਨਾਲਡ ਟਰੰਪ ਨੇ ਚੀਨ ਨਾਲ ਜਾਰੀ ਟਰੇਡ ਵਾਰ ਉੱਤੇ ਰੋਕ ਲਾਉਣ ਦੀ ਸਹਿਮਤੀ ਪ੍ਰਗਟਾਈ। ਫਿਲਹਾਲ ਅਸੀਂ ਕਹਿ ਸਕਦੇ ਹਾਂ ਕਿ ਉਨ੍ਹਾਂ ਨੇ ਨਵੇਂ ਟੈਰਿਫ ਨੂੰ ਠੰਢੇ ਬਸਤੇ ਵਿੱਚ ਪਾ ਦਿੱਤਾ ਹੈ, ਪਰ ਇਸ ਸਮਝੌਤੇ ਦੀ ਭਾਸ਼ਾ ਬਹੁਤ ਅਸਪਸ਼ਟ ਹੈ। ਇਸ ਦੌਰਾਨ ਇਕ ਮਹੱਤਵ ਪੂਰਨ ਪ੍ਰਸ਼ਨ ਇਹ ਵੀ ਹੈ ਕਿ ਟਰੰਪ ਦਾ ਟਰੇਡ ਵਾਰ ਆਖਰ ਕਿਉਂ ਨਾਕਾਮ ਹੋ ਰਿਹਾ ਹੈ?

ਇਕ ਵੱਡ ਆਕਾਰੀ ਅਰਥਚਾਰੇ ਦੇ ਗੁਆਂਢ ਵਿੱਚ ਮੈਕਸੀਕੋ ਦੀ ਬੜੀ ਛੋਟੀ ਜਿਹੀ ਅਰਥ ਵਿਵਸਥ ਹੈ, ਜਿਸ ਬਾਰੇ ਤੁਹਾਨੂੰ ਲੱਗੇਗਾ ਅਤੇ ਟਰੰਪ ਨੇ ਲਗਭਗ ਮੰਨ ਲਿਆ ਹੈ ਕਿ ਉਸ ਨੂੰ ਧਮਕਾਉਣਾ ਆਸਾਨ ਹੈ। ਚੀਨ ਆਪਣੇ ਆਪ ਵਿੱਚ ਇਕ ਆਰਥਿਕ ਮਹਾਸ਼ਕਤੀ ਹੈ, ਪਰ ਉਹ ਅਮਰੀਕਾ ਤੋਂ ਜਿੰਨਾ ਖਰੀਦਦਾ ਹੈ, ਉਸ ਦੇ ਮੁਕਾਬਲੇ ਕਿਤੇ ਵੱਧ ਵੇਚਦਾ ਹੈ ਤਾਂ ਤੁਸੀਂ ਇਹੋ ਸੋਚਿਆ ਹੋਵੇਗਾ ਕਿ ਉਹ ਅਮਰੀਕਾ ਦੇ ਦਬਾਅ ਅੱਗੇ ਕਮਜ਼ੋਰ ਪੈ ਜਾਵੇਗਾ। ਆਖਰ ਟਰੰਪ ਆਪਣੇ ਆਰਥਿਕ ਮਨਸੂਬਿਆਂ ਵਿੱਚ ਸਫਲ ਕਿਉਂ ਨਹੀਂ ਹੋ ਸਕਦੇ? ਮੇਰੀ ਨਜ਼ਰ ਵਿੱਚ ਇਸ ਦੇ ਤਿੰਨ ਕਾਰਨ ਹਨ। ਪਹਿਲਾ ਇਹੋ ਭਰੋਸਾ ਸੀ ਕਿ ਅਮਰੀਕਾ ਆਸਾਨੀ ਨਾਲ ਟਰੇਡ ਵਾਰ ਜਿੱਤ ਸਕਦਾ ਹੈ। ਇਹ ਕੁਝ ਉਸੇ ਕਿਸਮ ਦਾ ਭੁਲੇਖ ਸੀ, ਜਿਵੇਂ ਅਮਰੀਕਾ ਦੀ ਈਰਾਨ ਨੀਤੀ ਦਾ ਸੱਤਿਆਨਾਸ ਕਰ ਦਿੱਤਾ। ਅਮਰੀਕਾ ਵਿੱਚ ਤਾਕਤਵਰ ਅਹੁਦਿਆਂ 'ਤੇ ਬੈਠੇ ਲੋਕ ਇਹ ਹਕੀਕਤ ਨਹੀਂ ਸਮਝ ਸਕੇ ਕਿ ਦੁਨੀਆ ਵਿੱਚ ਅਸੀਂ ਇਕੱਲੇ ਅਜਿਹੇ ਦੇਸ਼ ਨਹੀਂ, ਜਿਸ ਦੀ ਆਪਣੀ ਖਾਸ ਸੰਸਕ੍ਰਿਤੀ, ਇਤਿਹਾਸ ਅਤੇ ਪਛਾਣ ਹੈ ਤੇ ਜਿਸ ਨੂੰ ਆਪਣੀ ਆਜ਼ਾਦੀ 'ਤੇ ਨਾਜ਼ ਹੈ। ਅਮਰੀਕਾ ਰਿਆਇਤਾਂ ਦੇਣ ਦਾ ਬਹੁਤਾ ਚਾਹਵਾਨ ਨਹੀਂ ਹੈ ਜੋ ਉਸ ਦੀ ਨਜ਼ਰ ਵਿੱਚ ਦੁਨੀਆ ਦੇ ਦਬੰਗ ਦੇਸ਼ਾਂ ਲਈ ਖੈਰਾਤ ਵਰਗੀਆਂ ਹਨ। 'ਰੱਖਿਆ ਉਤੇ ਅਰਥਾਂ ਦਾ ਖਰਚ ਅਤੇ ਭਲਾਈ ਲਈ ਧੇਲਾ ਨਹੀਂ', ਇਹ ਖਾਸ ਅਮਰੀਕੀ ਭਾਵਨਾ ਬਿਲਕੁਲ ਨਹੀਂ। ਖਾਸ ਤੌਰ 'ਤੇ ਇਹ ਵਿਚਾਰ ਬਹੁਤ ਮੂਰਖਤਾ ਵਾਲੇ ਹਨ ਕਿ ਚੀਨ ਬਾਕੀ ਦੇਸ਼ਾਂ ਨਾਲ ਮਿਲ ਕੇ ਅਜਿਹੇ ਸਮਝੌਤੇ ਉੱਤੇ ਸਹਿਮਤੀ ਬਣਾ ਲਵੇਗਾ, ਜਿਹੜਾ ਅਮਰੀਕਾ ਲਈ ਬੇਹੱਦ ਅਪਮਾਨ ਜਨਕ ਹੋਵੇਗਾ। ਦੂਜੀ ਗੱਲ ਇਹੋ ਕਿ ਟੈਰਿਫ ਦੇ ਮਾਮਲੇ ਵਿੱਚ ਟਰੰਪ ਦੇ ਰਣਨੀਤੀਕਾਰ ਅਤੀਤ ਦੇ ਦੌਰ ਵਿੱਚ ਜੀ ਰਹੇ ਹਨ, ਜੋ ਆਧੁਨਿਕ ਅਰਥਚਾਰੇ ਦੀਆਂ ਹਕੀਕਤਾਂ ਤੋਂ ਅਣਭਿੱਜ ਹਨ। ਉਹ ਸਾਬਕਾ ਅਮਰੀਕੀ ਰਾਸ਼ਟਰਪਤੀ ਵਿਲੀਅਮ ਮੈਕਿਨਲੇ ਦੇ ਦੌਰ ਵਿੱਚ ਗੁਆਚੇ ਹੋਏ ਹਨ। ਉਸ ਵਕਤ ਇਹ ਪਤਾ ਹੁੰਦਾ ਸੀ ਕਿ ਆਖਰ ਇਹ ਵਸਤੂ ਕਿੱਥੇ ਬਣੀ? ਇਨ੍ਹੀਂ ਦਿਨੀਂ ਲਗਭਗ ਹਰ ਬਣੀ ਹੋਈ ਵਸਤੂ ਗਲੋਬਲ ਵੈਲਿਊ ਚੇਨ ਨਾਲ ਜੁੜੀ ਹੈ, ਜੋ ਕਈ ਦੇਸ਼ਾਂ ਦੀ ਸਰਹੱਦ ਤੋਂ ਗੁਜ਼ਰਦੀ ਹੋਏ ਤਿਆਰ ਹੁੰਦੀ ਹੈ। ਇਸ ਵਿੱਚ ਬਹੁਤ ਕੁਝ ਦਾਅ 'ਤੇ ਲੱਗਾ ਹੁੰਦਾ ਹੈ।



ਨਾਫਟਾ ਵਿੱਚ ਹਲਚਲ ਦੀਆਂ ਸੰਭਾਵਨਾਵਾਂ ਬਾਰੇ ਅਮਰੀਕੀ ਕੰਪਨੀਆਂ ਅਜੀਬ ਸ਼ਸ਼ੋਪੰਜ ਵਿੱਚ ਹਨ। ਅਮਰੀਕੀ ਉਤਪਾਦਨ ਇਕ ਵੱਡੀ ਹੱਦ ਤੱਕ ਮੈਕਸੀਕੋ ਤੋਂ ਹੋਣ ਵਾਲੇ ਕੱਚੇ ਮਾਲ ਦੀ ਸਪਲਾਈ ਉਤੇ ਨਿਰਭਰ ਹੈ। ਫਿਰ ਇਹ ਟੈਰਿਫ ਦੇ ਪ੍ਰਭਾਵ ਦੇ ਗਣਿਤ ਨੂੰ ਗੜਬੜਾ ਸਕਦਾ ਹੈ ਕਿਉਂਕਿ ਜੇ ਤੁਸੀਂ ਚੀਨ ਵਿੱਚ ਬਣੀਆਂ ਵਸਤਾਂ 'ਤੇ ਟੈਕਸ ਦਰ ਵਧਾਓਗੇ ਅਤੇ ਜੇ ਉਨ੍ਹਾਂ ਵਿੱਚ ਵੱਡੇ ਪੈਮਾਨੇ 'ਤੇ ਕੋਰੀਆ ਜਾਂ ਜਾਪਾਨੀ ਕਲਪੁਰਜ਼ੇ ਲੱਗੇ ਹੋਣ ਤਾਂ ਵੀ ਉਨ੍ਹਾਂ ਦੀ ਅਸੈਂਬਲਿੰਗ ਅਮਰੀਕਾ ਵਿੱਚ ਨਾ ਹੋ ਕੇ ਵੀਅਤਨਾਮ ਵਰਗੇ ਕਿਸੇ ਏਸ਼ਿਆਈ ਦੇਸ਼ ਵਿੱਚ ਹੋਵੇਗੀ। ਟਰੰਪ ਦੀ ਟਰੇਡ ਵਾਰ ਮਕਬੂਲ ਸਿੱਧ ਨਹੀਂ ਹੋਈ। ਕਈ ਸਰਵੇਖਣਾਂ ਤੋਂ ਇਹ ਸਿੱਧ ਹੋਇਆ ਹੈ, ਜਿਸ ਦਾ ਅਸਰ ਟਰੰਪ ਦੀ ਮਕਬੂਲੀਅਤ 'ਤੇ ਵੀ ਪੈ ਰਿਹਾ ਹੈ। ਇਸ ਕਾਰਨ ਉਹ ਵਿਦੇਸ਼ੀ ਪਲਟਵਾਰ ਨੂੰ ਲੈ ਕੇ ਸਿਆਸੀ ਤੌਰ 'ਤੇ ਕਾਫੀ ਸੰਵੇਦਨਸ਼ੀਲ ਹੋ ਗਏ ਹਨ।

ਚੀਨ ਭਾਵੇਂ ਅਮਰੀਕਾ ਤੋਂ ਓਨੀ ਖਰੀਦਦਾਰੀ ਨਾ ਕਰੇ, ਜਿੰਨੀ ਉਹ ਵੇਚਦਾ ਹੈ, ਪਰ ਚੀਨ ਦਾ ਖੇਤੀ ਬਾਜ਼ਾਰ ਉਨ੍ਹਾਂ ਕਿਸਾਨ ਬਹੁਤਾਤ ਵਾਲੇ ਅਮਰੀਕੀ ਰਾਜਾਂ ਲਈ ਬੇਹੱਦ ਅਹਿਮ ਹੈ, ਜਿਨ੍ਹਾਂ ਦੀਆਂ ਵੋਟਾਂ 'ਤੇ ਪਕੜ ਰੱਖਣ ਲਈ ਟਰੰਪ ਨੂੰ ਸਖਤ ਮੁਸ਼ੱਕਤ ਦੀ ਜ਼ਰੂਰਤ ਹੈ। ਇਸ ਤਰ੍ਹਾਂ ਟਰੰਪ ਜਿਸ ਟਰੇਡ ਵਾਰ ਨੂੰ ਆਸਾਨੀ ਨਾਲ ਜਿੱਤਣ ਦੀ ਹਸਰਤ ਪਾਲੀ ਬੈਠੇ ਸਨ, ਉਹ ਸਿਆਸੀ ਜੰਗ ਵਿੱਚ ਤਬਦੀਲ ਹੁੰਦੀ ਜਾਂਦੀ ਹੈ। ਇਸ ਲੜਾਈ ਵਿੱਚ ਟਿਕੇ ਰਹਿਣ ਦੇ ਪੱਖ ਤੋਂ ਵੀ ਉਹ ਚੀਨੀ ਲੀਡਰਸ਼ਿਪ ਦੀ ਤੁਲਨਾ ਵਿੱਚ ਘੱਟ ਸਮਰੱਥ ਹਨ, ਜਦ ਕਿ ਚੀਨ ਨੂੰ ਵੀ ਇਸ ਦੀ ਤਪਸ਼ ਸਹਾਰਨੀ ਪੈਂਦੀ ਹੈ। ਫਿਰ ਆਖਰ ਇਹ ਕਿੱਦਾਂ ਖਤਮ ਹੋਵੇਗਾ? ਟਰੇਡ ਵਾਰ ਵਿੱਚ ਕਦੇ ਕੋਈ ਸਪੱਸ਼ਟ ਜੇਤੂ ਨਹੀਂ ਬਣਦਾ, ਪਰ ਵਿਸ਼ਵ ਅਰਥਚਾਰੇ 'ਤੇ ਉਸ ਦੇ ਨਿਸ਼ਾਨ ਅਕਸਰ ਲੰਬੇ ਸਮੇਂ ਤੱਕ ਦੇਖੇ ਜਾਂਦੇ ਹਨ।

ਅਜਿਹੀ ਇਕ ਅਸਫਲ ਕੋਸ਼ਿਸ਼ ਅਮਰੀਕਾ ਨੇ 1964 ਵਿੱਚ ਕੀਤੀ ਸੀ, ਜਦ ਟੈਰਿਫ ਦੇ ਰਾਹੀਂ ਯੂਰਪ ਨੂੰ ਫਰੋਜ਼ਨ ਚਿਕਨ ਖਰੀਦਣ ਲਈ ਮਜਬੂਰ ਕੀਤਾ ਗਿਆ ਸੀ। ਉਹ ਟਰੇਡ ਵਾਰ ਦੀ ਹਲਕੀ ਫੁਲਕੀ ਕੜੀ ਸੀ ਅਤੇ ਟਰੰਪ ਦੀ ਟਰੇਡ ਵਾਰ ਅਤੀਤ ਦੇ ਮੁਕਾਬਲੇ ਜ਼ਿਆਦਾ ਵੱਡੀ ਹੈ, ਪਰ ਇਸ ਦਾ ਨਤੀਜਾ ਵੀ ਸੰਭਵ ਤੌਰ 'ਤੇ ਉਹੀ ਹੋਵੇਗਾ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਕੁਝ ਵਿਦੇਸ਼ੀ ਰਿਆਇਤਾਂ ਨੂੰ ਬੰਦ ਕਰਕੇ ਟਰੰਪ ਉਸ ਨੂੰ ਆਪਣੀ ਜਿੱਤ ਵਜੋਂ ਪ੍ਰਚਾਰਨਗੇ, ਪਰ ਇਸ ਦਾ ਨਤੀਜਾ ਹਰ ਕਿਸੇ ਦੀ ਜੇਬ ਵਿੱਚ ਸੰਨ੍ਹ ਮਾਰੀ ਦੇ ਰੂਪ ਵਿੱਚ ਨਿਕਲੇਗਾ। ਪੁਰਾਣੇ ਵਪਾਰ ਸਮਝੌਤਿਆਂ ਸਬੰਧੀ ਟਰੰਪ ਦੇ ਖਰਾਬ ਵਤੀਰੇ ਨੇ ਅਮਰੀਕਾ ਦੀ ਸਾਖ ਬੁਰੀ ਤਰ੍ਹਾਂ ਪ੍ਰਭਾਵਿਤ ਕਰਨ ਦੇ ਨਾਲ ਕੌਮਾਂਤਰੀ ਕਾਨੂੰਨਾਂ ਨੂੰ ਵੀ ਕਮਜ਼ੋਰ ਕੀਤਾ ਹੈ। ਫਿਰ ਜਿਸ ਮੈਕਿਨਲੇ ਦਾ ਮੈਂ ਜ਼ਿਕਰ ਕੀਤਾ ਸੀ, ਟੈਰਿਫ ਨੇ ਉਸ ਦੀ ਓਦੋਂ ਖਾਸੀ ਮਿੱਟੀ ਪਲੀਤ ਕਰਵਾ ਦਿੱਤੀ ਸੀ। ਇਸ ਮਸਲੇ 'ਤੇ ਉਸ ਨੇ ਕਾਰੋਬਾਰੀ ਮਾਮਲਿਆਂ ਵਿੱਚ ਦੋਸਤਾਨਾ ਰਿਸ਼ਤਿਅ ਨਾਲ-ਨਾਲ ਸਦਭਾਵਨਾ ਦੀ ਜ਼ਰੂਰਤ ਵੀ ਦੱਸੀ ਸੀ।

# ਤਰਦੇ ਨਾਰੀਅਲ ਡੁੱਬਦੀ ਜਾਨ..

-ਕੁਲਦੀਪ ਸਿੰਘ ਧਨੌਲਾ

ਕੋਈ ਸਮਾਂ ਸੀ, ਪੰਜਾਬ ਦੀ ਨੌਜਵਾਨੀ ਉਤੇ ਗਾਉਣ ਦਾ ਭੂਤ ਸਵਾਰ ਸੀ। ਬਹੁਤ ਸਾਰੇ ਗੱਭਰੂ, ਮੁਟਿਆਰਾਂ ਇਸ ਰਾਹੇ ਪੈ ਗਏ ਸਨ, ਪਰ ਕੈਸੇਟ ਯੁੱਗ ਖਤਮ ਹੋਣ ਨਾਲ ਇਹ ਭੂਤ ਕਾਫੂਰ ਹੋ ਗਿਆ ਅਤੇ ਬੇਰੁਜ਼ਗਾਰੀ ਵਿੱਚ ਹੋ ਰਹੇ ਵਾਧੇ ਕਾਰਨ ਤੇ ਨਸ਼ਿਆਂ ਤੋਂ ਬਚਣ ਲਈ ਅੱਜ ਕੱਲ੍ਹ ਨੌਜਵਾਨੀ ਉਤੇ ਵਿਦੇਸ਼ ਜਾਣ ਦੀ ਦੌੜ ਲੱਗੀ ਹੋਈ ਹੈ। ਇਸ ਵੇਲੇ ਪੰਜਾਬ ਦੀ ਜਵਾਨੀ ਕਿਹੜੇ ਹਾਲਾਤ ਵਿੱਚੋਂ ਲੰਘ ਰਹੀ ਹੈ, ਰਾਜ ਕਰਨ ਵਾਲੇ ਇਸ ਪੱਖੋਂ ਅੱਖਾਂ ਤੇ ਕੰਨ ਬੰਦ ਕਰੀ ਬੈਠੇ ਹਨ ਅਤੇ ਕੁਰਸੀ ਖੁੱਸਣ ਵਾਲੇ ਅਗਲੀਆਂ ਚੋਣਾਂ ਨੂੰ ਅੱਡੀਆਂ ਚੁੱਕ-ਚੁੱਕ ਉਡੀਕ ਰਹੇ ਹਨ। 'ਕੋਈ ਮਰੇ ਕੋਈ ਜੀਵੇ, ਸੁਥਰਾ ਘੋਲ ਪਤਾਸੇ ਪੀਵੇ' ਵਾਲੀ ਕਹਾਵਤ ਸੱਚ ਬਣੀ ਹੋਈ ਹੈ। ਇਨ੍ਹਾਂ ਹਾਲਾਤ ਕਰਕੇ ਬੇਰੁਜ਼ਗਾਰ ਜਵਾਨੀ ਨੇ ਪਰਦੇਸਾਂ ਵੱਲ ਰੁਖ਼ ਕਰ ਲਿਆ ਹੈ। ਕਿਸੇ ਦੇ ਘਰ ਜਾਓ, ਹੋਰ ਗੱਲਾਂ ਬਾਤਾਂ ਤੋਂ ਬਾਅਦ ਇਹੋ ਗੱਲ ਤੁਰਦੀ ਹੈ, ਬੇਟਾ ਬੇਟੀ ਕੀ ਕਰ ਰਹੇ ਨੇ? ਕਿਹੜੇ ਮੁਲਕ ਜਾ ਰਹੇ ਨੇ ਜਾਂ ਕਿਹੜੇ ਮੁਲਕ ਗਏ ਹਨ। ਪਹਿਲਾਂ ਮੁੰਡੇ ਵਾਲੇ ਕੁੜੀ ਵਾਲਿਆਂ ਤੋਂ ਦਾਜ ਮੰਗਦੇ ਹੁੰਦੇ ਸਨ, ਅੱਜ ਕੱਲ੍ਹ ਅਖਬਾਰਾਂ ਵਿੱਚ ਇਸ਼ਤਿਹਾਰ ਛਪਦੇ ਹਨ ਕਿ ਬਾਹਰ ਜਾਣ ਦਾ ਸਾਰਾ ਖਰਚਾ ਮੁੰਡੇ ਵਾਲਿਆਂ ਵੱਲੋਂ ਕੀਤਾ ਜਾਵੇਗਾ। ਆਮ ਪੜ੍ਹਾਈ, ਅਤੇ ਆਈਲੈਟਸ (ਆਈਲਜ਼) ਵਿੱਚ ਕੁੜੀਆਂ ਮੁੰਡਿਆਂ ਨਾਲੋਂ ਅੱਗੇ ਜੁ ਨਿਕਲ ਗਈਆਂ ਹਨ!

ਜਿਵੇਂ ਕਿਸੇ ਵਕਤ ਲੁਧਿਆਣੇ ਦੇ ਬੱਸ ਅੱਡੇ ਦੇ ਦੁਆਲੇ ਵਾਲੇ ਇਲਾਕਿਆਂ ਵਿੱਚ ਗਾਇਕਾਂ ਗਾਇਕਾਵਾਂ ਦੇ ਬੋਰਡ ਲੱਗੇ ਹੁੰਦੇ ਸਨ, ਅੱਜ ਕੱਲ੍ਹ ਉਸੇ ਤਰ੍ਹਾਂ ਆਈਲੈਟਸ ਕਰਵਾਉਣ ਵਾਲਿਆਂ ਦੇ ਬੋਰਡ ਪੰਜਾਬ ਦੇ ਸ਼ਹਿਰਾਂ ਕਸਬਿਆਂ ਵਿੱਚ ਨਜ਼ਰ ਆਉਂਦੇ ਹਨ। ਨਵੀਂ ਪੀੜ੍ਹੀ, ਜਿਸ ਨੇ ਵਿਗਿਆਨ ਅਤੇ ਤਕਨੀਕ ਦੇ ਪਾਸਾਰ ਨਾਲ ਵਹਿਮਾਂ ਭਰਮਾਂ ਤੋਂ ਮੁਕਤ ਹੋਣਾ ਸੀ, ਪੜ੍ਹਾਈ ਉਤੇ ਆਸ ਰੱਖਣ ਦੇ ਨਾਲ ਜਾਦੂ ਟੂਣਿਆਂ ਵਾਲਿਆਂ ਦਾ ਸਹਾਰਾ ਲੈਣ ਲੱਗ ਪਏ ਹਨ। ਆਈਲੈਟਸ ਕਰਾਉਣ ਵਾਲਿਆਂ ਦੇ ਮੁਕਾਬਲੇ ਤਾਂਤਰਿਕਾਂ ਦੇ ਡੇਰਿਆਂ ਉਤੇ ਮੁੰਡੇ ਕੁੜੀਆਂ ਦੇ ਝੁੰਡ ਵੀ ਦੇਖੇ ਜਾਂਦੇ ਹਨ।

ਇਕ ਦਿਨ ਸਵੇਰੇ ਮੋਬਾਈਲ ਦੇਖਿਆ ਤਾਂ ਵਟਸਐਪ ਉਤੇ ਮਾਨਸਾ ਜ਼ਿਲੇ ਦੇ ਪਿੰਡ ਜੋਗੇ ਕੋਲੋਂ ਲੰਘਦੇ ਸੂਏ ਦੀ ਕਹਾਣੀ ਫਿਲਮਾਈ ਹੋਈ ਸੀ, ਜਿਸ ਵਿੱਚੋਂ ਮੁੰਡਿਆਂ ਨੇ ਪਾਣੀ ਉਤੇ ਤਰਦੇ ਖੋਪੇ ਦੇ ਚਾਰ ਗੁੱਟ ਕੱਢੇ। ਇਨ੍ਹਾਂ ਚਾਰਾਂ ਉੱਤੇ ਵੱਖ-ਵੱਖ ਲਾਲ ਖੰਮਣੀਆਂ ਨਾਲ ਪਰਚੀਆਂ ਬੰਨ੍ਹੀਆਂ ਹੋਈਆਂ ਸਨ, ਜਿਨ੍ਹਾਂ ਉਤੇ ਕੁੜੀ ਦੇ ਨਾਂ ਦੀ ਪਰਚੀ ਲਿਖੀ ਹੋਈ ਸੀ ਕਿ ਛੇਤੀ ਤੋਂ ਛੇਤੀ ਆਸਟਰੇਲੀਆ ਵਗ ਜਾਵੇ, ਗੋਲਡੀ ਬੁਲਾ ਲਵੇ ਫੋਨ ਕਰਕੇ.. ਖਵਾਜਾ ਬਲੀ ਕਰਦੇ ਭਲੀ..।

ਖੋਪੇ ਦੇ ਗੁੱਟ ਕੱਢਣ ਵਾਲੇ ਇਹ ਮੁੰਡੇ ਸ਼ਾਇਦ ਅਜਿਹੇ ਪਾਖੰਡਾਂ ਤੋਂ ਸੁਚੇਤ ਸਨ। ਉਹ ਇਹ ਸੰਦੇਸ਼ ਵੀ ਦੇ ਰਹੇ ਸਨ ਕਿ ਜੇ ਇਸ ਤਰ੍ਹਾਂ ਖੋਪੇ ਦੇ ਗੁੱਟ ਤਾਰਨ ਨਾਲ ਨੌਜਵਾਨ ਵਿਦੇਸ਼ ਜਾਣ ਲੱਗ ਜਾਣ, ਪੜ੍ਹਾਈ ਦਾ ਕੀ ਫਾਇਦਾ? ਵਿਦੇਸ਼ ਜਾਣ ਲਈ ਪੜ੍ਹਾਈ ਤੋਂ ਬਾਅਦ ਸੱਤ ਬੈਂਡ ਤੇ ਬਾਪੂ ਦੀ ਜੇਬ ਵਿੱਚ ਤਕਰੀਬਨ 20 ਲੱਖ ਰੁਪਏ ਚਾਹੀਦੇ ਹਨ, ਭਾਵੇਂ ਉਹ ਕਿੱਲੇ ਵੇਚੇ, ਭਾਵੇਂ ਘਰ। ਇਸੇ ਮਸਲੇ ਨਾਲ ਸਬੰਧਤ ਅਖਬਾਰ ਵਿੱਚ ਛਪੀ ਖਬਰ ਉਤੇ ਨਜ਼ਰ ਪਈ ਕਿ ਦਿੜ੍ਹਬੇ ਨੇੜਲੇ ਪਿੰਡ ਖਾਨਪੁਰ ਫਕੀਰਾਂ ਵਿੱਚੋਂ ਲੰਘਦੀ ਨਹਿਰ ਕਿਨਾਰੇ ਖੇਡ ਰਹੇ ਤਿੰਨ ਬੱਚਿਆਂ-ਹਰਪ੍ਰੀਤ ਸਿੰਘ, ਉਹਦਾ ਭਰਾ ਜਰਕਰਨ ਸਿੰਘ ਅਤੇ ਕਰਨਬੀਰ ਸਿੰਘ ਦੀ ਨਜ਼ਰ ਨਹਿਰ ਵਿੱਚ ਤਰਦੇ ਜਾਂਦੇ ਨਾਰੀਅਲ ਉਤੇ ਪਈ ਤਾਂ ਤਿੰਨੇ ਇਕ ਦੂਜੇ ਦਾ ਹੱਥ ਫੜ ਕੇ ਥੋਪੇ ਦਾ ਗੁੱਟ ਕੱਢਣ ਨਹਿਰ ਵਿੱਚ ਉਤਰ ਗਏ। ਹਰਪ੍ਰੀਤ ਸਿੰਘ ਦਾ ਪੈਰ ਤਿਲਕਣ ਕਾਰਨ ਤਿੰਨੇ ਨਹਿਰ ਵਿੱਚ ਜਾ ਡਿੱਗੇ। ਕੋਲੋਂ ਲੰਘਦੇ ਸ਼ਖਸ ਨੇ ਬੱਚਿਆਂ ਨੂੰ ਡੁੱਬਦੇ ਦੇਖਿਆ ਤਾਂ ਨਹਿਰ ਵਿੱਚ ਛਾਲ ਮਾਰ ਕੇ ਕਰਨਬੀਰ ਸਿੰਘ ਜਸਕਰਨ ਸਿੰਘ ਨੂੰ ਤਾਂ ਜ਼ਿੰਦਾ ਕੱਢ ਲਿਆ, ਪਰ ਹਰਪ੍ਰੀਤ ਸਿੰਘ (12 ਸਾਲ) ਪਾਣੀ ਦੇ ਤੇਜ਼ ਵਹਾਅ ਕਾਰਨ ਉਹਦੇ ਹੱਥੋਂ ਨਿਕਲ ਗਿਆ। ਜਿਸ ਕਿਸੇ ਨੇ ਵੀ ਇਹ ਗੁੱਟ ਨਹਿਰ ਵਿੱਚ ਸੁੱਟਿਆ ਹੋਵੇਗਾ, ਉਸ ਦਾ ਭਲਾ ਹੋਇਆ ਹੋਵੇਗਾ ਜਾਂ ਨਹੀਂ, ਪਰ ਇਹ ਨਾਰੀਅਲ ਬਾਲਕ ਦੀ ਜਾਨ ਜ਼ਰੂਰ ਲੈ ਗਿਆ।

ਟੂਣੇ ਟਾਮਣ ਵਾਲੇ ਇਹ ਨਾਰੀਅਲ ਹੀ ਨਹੀਂ, ਤਾਂਤਰਿਕਾਂ ਦੇ ਆਖੇ ਲੱਗ ਕੇ 'ਮੁਕਤੀ' ਦੀ ਝੂਠੀ ਆਸ ਰੱਖਣ ਵਾਲੇ ਕਈ ਤਰ੍ਹਾਂ ਦੀ ਸਮੱਗਰੀ ਚੱਲਦੇ ਪਾਣੀ ਵਿੱਚ ਸੁੱਟਦੇ ਰਹਿੰਦੇ ਹਨ। ਪਿਛਲੇ ਸਾਲ ਨਹਿਰ ਵਿੱਚ ਪੂਜਾ ਸਮੱਗਰੀ ਜਲ ਪ੍ਰਵਾਹ ਕਰਨ ਆਇਆ ਬੰਦਾ ਪਾਠ ਪੂਜਾ ਵਾਲੀ ਸਮੱਗਰੀ ਦੀ ਥਾਂ ਗਹਿਣਿਆਂ ਵਾਲਾ ਲਿਫਾਫਾ ਹੀ ਨਹਿਰ ਵਿੱਚ ਸੁੱਟ ਬੈਠਾ ਸੀ। ਬਾਅਦ ਵਿੱਚ ਬੜਾ ਪਿੱਟ ਸਿਆਪਾ ਪਿਆ, ਪਰ ਨਹਿਰ ਵਿੱਚੋਂ ਕੁਝ ਨਹੀਂ ਮਿਲਿਆ।

ਉਂਜ ਵੀ ਨਹਿਰਾਂ ਵਿੱਚ ਇਸ ਤਰ੍ਹਾਂ ਸੁੱਟੀ ਜਾਂਦੀ ਸਮੱਗਰੀ ਜਿਥੇ ਪਾਣੀ ਗੰਦਾ ਕਰਦੀ ਹੈ, ਉਥੇ ਇਹ ਵਸਤੂਆਂ ਵਾਤਾਵਰਨ ਲਈ ਵੀ ਹਾਨੀਕਾਰਕ ਹਨ। ਦੁੱਖ ਦੀ ਗੱਲ ਇਹ ਹੈ ਕਿ ਅਜਿਹੇ ਕੰਮ ਪੜ੍ਹੇ ਲਿਖੇ ਲੋਕ ਵੀ ਕਰਦੇ ਹਨ। ਉਹ ਆਪ ਕੁਰਾਹੇ ਪੈਂਦੇ ਹਨ, ਆਪਣੇ ਬੱਚਿਆਂ ਨੂੰ ਵੀ ਗਲਤ ਰਾਹ ਉਤੇ ਤੋਰਦੇ ਅਤੇ ਦੂਜਿਆਂ ਲਈ ਵੀ ਮੁਸੀਬਤ ਬਣਦੇ ਹਨ। ਕੌਣ ਕਹਿੰਦਾ ਹੈ ਕਿ ਅਸੀਂ 21ਵੀਂ ਸਦੀ ਵਿੱਚ ਬਹੁਤ ਤੇਜ਼ੀ ਨਾਲ ਵਿਕਾਸ ਕਰ ਰਹੇ ਮੁਲਕ ਵਿੱਚ ਰਹਿ ਰਹੇ ਹਾਂ?

## ਗੈਂਗਸਟਰ ਲਾਲੀ ਸਿਧਾਣਾ ਤੋਂ ਵੱਡੀ ਮਾਤਰਾ ਵਿੱਚ ਅਸਲਾ ਬਰਾਮਦ



ਬਠਿੰਡਾ, 21 ਜੁਲਾਈ (ਪੋਸਟ ਬਿਊਰੋ)- ਸੀ ਆਈ ਏ ਸਟਾਫ ਬਠਿੰਡਾ ਦੀ ਪੁਲਸ ਵੱਲੋਂ ਬੀਤੇ ਦਿਨੀਂ ਫੜੇ ਗਏ ਵੱਡੇ ਗੈਂਗਸਟਰ ਲਾਲੀ ਸਿਧਾਣਾ ਕੋਲੋਂ ਭਾਰੀ ਮਾਤਰਾ 'ਚ ਹਥਿਆਰ ਤੇ ਗੋਲੀ ਸਿੱਕਾ ਬਰਾਮਦ ਮਿਲਿਆ ਹੈ। ਗੈਂਗਸਟਰ ਲਾਲੀ ਸਿਧਾਣਾ ਦੋ ਕਤਲਾਂ ਸਮੇਤ ਤਿੰਨ ਕੇਸਾਂ ਵਿੱਚੋਂ ਭਗੌੜਾ ਚੱਲ ਰਿਹਾ ਸੀ।

ਐਸ ਐਸ ਪੀ ਡਾ. ਨਾਨਕ ਸਿੰਘ ਨੇ ਪ੍ਰੈਸ ਕਾਨਫਰੰਸ ਵਿੱਚ ਦੱਸਿਆ ਕਿ ਲਾਲੀ ਸਿਧਾਣਾ ਕੁਝ ਸਮੇਂ ਤੋਂ ਪੰਜਾਬ ਤੋਂ ਬਾਹਰ ਰਹਿ ਰਿਹਾ ਸੀ। ਉਹ ਆਪਣੇ ਸਹੁਰੇ ਘਰ ਲਹਿਰਾ ਧੂੜਕੋਟ ਵਿਖੇ ਪਰਵਾਰ ਨੂੰ ਮਿਲਣ ਆਇਆ ਸੀ। ਸੀ ਆਈ ਏ ਸਟਾਫ ਦੇ ਮੁਖੀ ਤਰਜਿੰਦਰ ਸਿੰਘ ਦੀ ਪਾਰਟੀ ਨੇ ਲਾਲੀ ਨੂੰ ਉਸ ਦੇ ਸਹੁਰਿਆਂ ਘਰੋਂ ਗ੍ਰਿਫਤਾਰ ਕਰ ਲਿਆ ਅਤੇ ਪੁਲਸ ਨੇ ਉਸ ਕੋਲੋਂ 9 ਐਮ ਐਮ ਪਿਸਤੌਲ, 32 ਬੋਰ ਰਿਵਾਲਵਰ, ਇਕ ਪਿਸਤੌਲ ਦੇਸੀ 32 ਬੋਰ, 12 ਬੋਰ ਦੀ ਬੰਦੂਕ ਸਮੇਤ 126 ਜ਼ਿੰਦਾ ਰੌਂਦ ਬਰਾਮਦ ਕੀਤੇ ਹਨ। ਉਨ੍ਹਾਂ ਦੱਸਿਆ ਕਿ ਲਾਲੀ ਸਿਧਾਣਾ ਦੇ ਖਿਲਾਫ ਕਤਲ, ਇਰਾਦਾ ਕਤਲ, ਕੁੱਟਮਾਰ ਤੇ ਅਸਲਾ ਐਕਟ ਦੇ ਸੱਤ ਕੇਸ ਹਨ ਅਤੇ ਤਿੰਨ ਕੇਸਾਂ ਵਿੱਚ ਅਦਾਲਤ ਨੇ ਭਗੌੜਾ ਕਰਾਰ ਦਿੱਤਾ ਹੋਇਆ ਹੈ, ਜਦੋਂ ਕਿ ਦੋ ਕੇਸ ਜਾਂਚ ਅਧੀਨ ਹਨ। ਉਨ੍ਹਾਂ ਦੱਸਿਆ ਕਿ ਪੁੱਛਗਿੱਛ ਦੌਰਾਨ ਗੈਂਗਸਟਰ ਤੋਂ ਇਹ ਜਾਣਨ ਦੀ ਕੋਸ਼ਿਸ਼ ਕੀਤੀ ਜਾਵੇਗੀ ਕਿ ਉਹ ਇਸ ਦੌਰਾਨ ਕਿਸ ਕੋਲ ਰਿਹਾ ਹੈ। ਐਸ ਐਸ ਪੀ ਨੇ ਦੱਸਿਆ ਕਿ ਗੈਂਗਸਟਰ ਗੁਰਲਾਲ ਸਿੰਘ ਲਾਲੀ ਤੋਂ ਪੁੱਛਗਿੱਛ ਦੌਰਾਨ ਅਹਿਮ ਖੁਲਾਸੇ ਹੋਣ ਦੀ ਸੰਭਾਵਨਾ ਹੈ।

## ਜਿਹੜੇ ਅਫਸਰ ਨੂੰ ਮੇਰਾ ਫੈਸਲਾ ਮਨਜ਼ੂਰ ਨਹੀਂ, ਉਹ ਕੇਂਦਰ ਵਿੱਚ ਜਾ ਸਕਦੈ: ਕੈਪਟਨ

*** ਹਰਪ੍ਰੀਤ ਸਿੱਧੂ ਦੀ ਐੱਸ ਟੀ ਐੱਫ ਮੁਖੀ ਵਜੋਂ ਨਿਯੁਕਤੀ ਬਾਰੇ ਸਖਤੀ**



ਚੰਡੀਗੜ੍ਹ 21 ਜੁਲਾਈ (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪੰਜਾਬ ਪੁਲਸ ਦੇ ਵਿੱਚ ਅਨੁਸ਼ਾਸਨਹੀਣਤਾ ਦੇ ਵਿਰੁੱਧ ਸਖਤ ਚਿਤਾਵਨੀ ਦਿੰਦੇ ਹੋਏ ਕਿਹਾ ਕਿ ਸਪੈਸ਼ਲ ਟਾਸਕ ਫੋਰਸ (ਐੱਸ ਟੀ ਐੱਫ) ਦੇ ਮੁਖੀ ਵਜੋਂ ਹਰਪ੍ਰੀਤ ਸਿੰਘ ਸਿੱਧੂ ਦੀ ਨਿਯੁਕਤੀ ਤੋਂ ਜਿਹੜਾ ਪੁਲਸ ਅਫਸਰ ਖੁਸ਼ ਨਹੀਂ, ਉਸ ਵੱਲੋਂ ਪੰਜਾਬ ਛੱਡ ਜਾਣ ਦਾ ਪੂਰਾ ਸਵਾਗਤ ਹੈ ਅਤੇ ਉਹ ਕੇਂਦਰ ਸਰਕਾਰ 'ਚ ਡੈਪੂਟੇਸ਼ਨ ਉੱਤੇ ਜਾ ਸਕਦਾ ਹੈ।

ਹਰਪ੍ਰੀਤ ਸਿੰਘ ਸਿੱਧੂ ਦੀ ਮੁੜ ਨਿਯੁਕਤੀ ਤੋਂ ਪੈਦਾ ਹੋਈ ਬੇਚੈਨੀ ਬਾਰੇ ਰਿਪੋਰਟਾਂ ਉੱਤੇ ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਦੇ ਹਿੱਤ ਵਿੱਚ ਕਿਸੇ ਪੁਲਸ ਅਧਿਕਾਰੀ ਦਾ ਤਬਾਦਲਾ ਜਾਂ ਨਿਯੁਕਤੀ ਉਨ੍ਹਾਂ ਦੇ ਅਧਿਕਾਰ ਖੇਤਰ ਵਿੱਚ ਹੈ। ਪੰਜਾਬ ਦਾ ਗ੍ਰਹਿ ਮੰਤਰਾਲਾ ਵੀ ਇਸ ਵਕਤ ਮੁੱਖ ਮੰਤਰੀ ਦੇ ਕੋਲ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਜੇ ਕਿਸੇ ਅਧਿਕਾਰੀ ਨੂੰ ਉਨ੍ਹਾਂ ਦੇ ਹੁਕਮਾਂ ਤੋਂ ਕੋਈ ਸਮੱਸਿਆ ਹੈ ਤਾਂ ਉਹ ਅਧਿਕਾਰੀ ਕੇਂਦਰ ਵਿੱਚ ਡੈਪੂਟੇਸ਼ਨ ਉਤੇ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਉਹ ਕਿਸੇ ਨੂੰ ਵੀ ਆਪਣੇ ਫੈਸਲੇ ਦੀ ਉਲੰਘਣਾ ਕਰਨ ਦੀ ਆਗਿਆ ਨਹੀਂ ਦੇਣਗੇ। ਏ ਡੀ ਜੀ ਪੀ ਹਰਪ੍ਰੀਤ ਸਿੰਘ ਸਿੱਧੂ ਨੂੰ ਦੋਬਾਰਾ ਐੱਸ ਟੀ ਐੱਫ ਦਾ ਮੁਖੀ ਬਣਾਉਣ ਦਾ ਫੈਸਲਾ ਪੰਜਾਬ ਵਿੱਚ ਨਸ਼ਿਆਂ ਦਾ ਮੁੱਦਾ ਇੱਕ ਵਾਰ ਫਿਰ ਬਣਨ ਦੀਆਂ ਰਿਪੋਰਟਾਂ ਪਿੱਛੋਂ ਲਿਆ ਗਿਆ ਹੈ। ਮੁੱਖ ਮੰਤਰੀ ਨੇ ਦੁਹਰਾਇਆ ਕਿ ਉਨ੍ਹਾਂ ਦੀ ਸਰਕਾਰ ਨਸ਼ਿਆਂ ਦੀ ਸਮੱਸਿਆ ਦੇ ਨਾਲ ਨਜਿੱਠਣ ਲਈ ਕੌਮੀ ਡਰੱਗ ਨੀਤੀ ਬਣਾਏ ਜਾਣ 'ਤੇ ਜ਼ੋਰ ਦੇ ਰਹੀ ਹੈ, ਕਿਉਂਕਿ ਨਸ਼ੇ ਨਾ ਕੇਵਲ ਭਾਰਤ-ਪਾਕਿ ਸਰਹੱਦ ਰਾਹੀਂ ਆ ਰਹੇ ਹਨ, ਸਗੋਂ ਜੰਮੂ-ਕਸ਼ਮੀਰ ਤੇ ਗੁਜਰਾਤ ਵਰਗੇ ਹੋਰ ਰਾਜਾਂ ਸੂਬਿਆਂ ਤੋਂ ਵੀ ਆਉਂਦੇ ਹਨ।

ਮੀਡੀਆ ਰਿਪੋਰਟਾਂ ਬਾਰੇ ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਨੂੰ ਹਰਪ੍ਰੀਤ ਸਿੰਘ ਸਿੱਧੂ ਦੀ ਦੋਬਾਰਾ ਨਿਯੁਕਤੀ ਬਾਰੇ ਕਿਸੇ ਤੋਂ ਕੋਈ ਸ਼ਿਕਾਇਤ ਨਹੀਂ ਮਿਲੀ। ਉਨ੍ਹਾਂ ਕਿਹਾ ਕਿ ਉਨ੍ਹਾਂ ਦਾ ਇਹ ਫੈਸਲਾ ਸੂਬੇ ਦੇ ਹਿੱਤਾਂ ਤੋਂ ਪ੍ਰੇਰਿਤ ਹੈ, ਕਿਸੇ ਵੀ ਤਰ੍ਹਾਂ ਦਾ ਇਤਰਾਜ਼ ਕਰ ਕੇ ਅਨੁਸ਼ਾਸਨਹੀਣਤਾ ਪੈਦਾ ਕਰਨ ਵਾਲੇ ਲਈ ਕਿਸੇ ਵੀ ਅਫਸਰ ਲਈ ਫੋਰਸ ਵਿੱਚ ਥਾਂ ਨਹੀਂ ਹੈ। ਮੁੱਖ ਮੰਤਰੀ ਨੇ ਪ੍ਰੈਸ ਦੇ ਇੱਕ ਹਿੱਸੇ ਵਿੱਚ ਆਈਆਂ ਇਨ੍ਹਾਂ ਰਿਪੋਰਟਾਂ ਨੂੰ ਵੀ ਰੱਦ ਕੀਤਾ ਕਿ ਹਰਪ੍ਰੀਤ ਸਿੰਘ ਸਿੱਧੂ ਨੇ ਇੱਕ ਪੱਤਰ ਲਿਖ ਕੇ ਕੇਂਦਰੀ ਡੈਪੂਟੇਸ਼ਨ ਦੀ ਮੰਗ ਕੀਤੀ ਹੋਈ ਹੈ।

## ਦਰਬਾਰ ਸਾਹਿਬ ਦੇ ਮੁੱਖ ਗ੍ਰੰਥੀ ਉੱਤੇ ਰਾਗੀ ਨਾਲ ਦੁਰ-ਵਿਹਾਰ ਦਾ ਦੋਸ਼

ਅੰਮ੍ਰਿਤਸਰ 21 ਜੁਲਾਈ (ਪੋਸਟ ਬਿਊਰੋ)- ਸ੍ਰੀ ਹਰਮੰਦਰ ਸਾਹਿਬ ਦੇ ਰਾਗੀ ਗੁਰਜੀਤ ਸਿੰਘ ਨੇ ਸ੍ਰੀ ਅਕਾਲ ਤਖਤ 'ਤੇ ਸ਼ਿਕਾਇਤ ਦੇ ਕੇ ਦੋਸ਼ ਲਾਇਆ ਹੈ ਕਿ ਹੈਡ ਗ੍ਰੰਥੀ ਗਿਆਨੀ ਜਗਤਾਰ ਸਿੰਘ ਨੇ ਉਸ ਨਾਲ ਡਿਊਟੀ ਦੌਰਾਨ ਦੁਰ-ਵਿਹਾਰ ਕੀਤਾ ਹੈ। ਦੂਜੇ ਪਾਸੇ ਹੈੱਡ ਗ੍ਰੰਥੀ ਨੇ ਇਨ੍ਹਾਂ ਦੋਸ਼ਾਂ ਨੂੰ ਬੇਬੁਨਿਆਦ ਦੱਸਿਆ ਹੈ।

ਰਾਗੀ ਗਿਆਨੀ ਗੁਰਜੀਤ ਸਿੰਘ ਵੱਲੋਂ ਇਸ ਸੰਬੰਧੀ ਸ੍ਰੀ ਅਕਾਲ ਤਖਤ ਨੂੰ ਕੀਤੀ ਸ਼ਿਕਾਇਤ ਦਾ ਮਾਮਲਾ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਗਿਆ ਹੈ। ਉਸ ਨੇ ਸ਼ਿਕਾਇਤ ਕੀਤੀ ਹੈ ਕਿ 14 ਜੁਲਾਈ ਦੀ ਰਾਤ ਸਮਾਪਤੀ ਵੇਲੇ ਉਸ ਦੀ ਡਿਊਟੀ ਸੀ। ਡਿਊਟੀ ਦਾ ਸਮਾਂ ਸਾਢੇ ਨੌਂ ਵਜੇ ਸ਼ੁਰੂ ਹੋਣਾ ਸੀ। ਜਦੋਂ ਉਹ ਆਪਣੀ ਡਿਊਟੀ ਉਤੇ ਪੁੱਜਾ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ



*ਮੁੱਖ ਗ੍ਰੰਥੀ ਗਿਆਨੀ ਜਗਤਾਰ ਸਿੰਘ*

ਤਾਬਿਆ ਮੁੱਖ ਗ੍ਰੰਥੀ ਗਿਆਨੀ ਜਗਤਾਰ ਸਿੰਘ ਬੈਠੇ ਹੋਏ ਸਨ। ਉਸ ਨੇ ਦੋਸ਼ ਲਾਇਆ ਕਿ ਉਸ ਨੂੰ ਡਿਊਟੀ ਉੱਤੇ ਦੇਖਦਿਆਂ ਹੀ ਉਸ ਨਾਲ ਦੁਰ-ਵਿਹਾਰ ਕੀਤਾ ਗਿਆ ਹੈ ਅਤੇ ਉਸ ਦੇ ਖਿਲਾਫ ਮੰਦੇ ਸ਼ਬਦ ਵਰਤੇ ਗਏ ਹਨ, ਇਹ ਵਤੀਰਾ ਗੁਰੂ ਸਾਹਿਬ ਦੀ ਹਜ਼ੂਰੀ ਵਿੱਚ ਮਰਿਆਦਾ ਦੀ ਉਲੰਘਣਾ ਹੈ। ਉਸ ਨੇ ਅਪੀਲ ਕੀਤੀ ਹੈ ਕਿ ਇਸ ਕੇਸ ਦੀ ਉੱਚ ਪੱਧਰੀ ਜਾਂਚ ਕਰਾਈ ਜਾਵੇ ਤੇ ਇਸ ਬਾਰੇ ਸੀ ਸੀ ਟੀ ਵੀ ਕੈਮਰਿਆਂ ਦੀ ਰਿਕਾਰਡਿੰਗ ਨੂੰ ਦੇਖਿਆ ਜਾਵੇ। ਉਸ ਨੇ ਕਿਹਾ ਕਿ ਇਸ ਮਾਮਲੇ ਵਿੱਚ ਜੋ ਵੀ ਦੋਸ਼ੀ ਹੈ, ਉਸ ਦੇ ਖਿਲਾਫ ਕਾਰਵਾਈ ਕੀਤੀ ਜਾਵੇ। ਗ੍ਰੰਥੀ ਨੇ ਦੱਸਿਆ ਕਿ ਉਸ ਦਿਨ ਉਸ ਨੇ ਕੀਰਤਨ ਕੀਤਾ ਤੇ ਫਿਰ ਮੁੱਖ ਗ੍ਰੰਥੀ ਗਿਆਨੀ ਜਗਤਾਰ ਸਿੰਘ ਦੇ ਕਹਿਣ ਮੁਤਾਬਕ ਸ਼ਬਦ ਦਾ ਵੀ ਗਾਇਣ ਕੀਤਾ ਸੀ। ਉਸ ਨੇ ਕਿਹਾ ਕਿ ਇਸ ਮਾਮਲੇ ਵਿੱਚ ਸੰਗਤ ਨੇ ਵੀ ਇਤਰਾਜ਼ ਕੀਤਾ ਹੈ।

ਦੂਜੇ ਪਾਸੇ ਇਸ ਮਾਮਲੇ ਵਿੱਚ ਹੈਡ ਗ੍ਰੰਥੀ ਗਿਆਨੀ ਜਗਤਾਰ ਸਿੰਘ ਦੇ ਬੇਟੇ ਨਾਰਾਇਣ ਸਿੰਘ ਨੇ ਦੱਸਿਆ ਕਿ ਕੁਝ ਦਿਨ ਪਹਿਲਾਂ ਇਹ ਰਾਗੀ ਜਥਾ ਡਿਊਟੀ ਉੱਤੇ ਦੇਰੀ ਨਾਲ ਪੁੱਜਾ ਸੀ ਅਤੇ ਦੇਰ ਹੋਣ ਕਾਰਨ ਸੰਗਤ ਵੱਲੋਂ ਕੀਰਤਨ ਕੀਤਾ ਗਿਆ ਸੀ, ਜਿਸ ਕਾਰਨ ਦਫਤਰ ਨੇ ਉਸ ਦਾ ਤਬਾਦਲਾ ਕਰ ਦਿੱਤਾ ਸੀ। ਫਿਰ ਉਹ ਅਚਨਚੇਤ ਤਬਾਦਲਾ ਰੱਦ ਕਰਵਾ ਕੇ ਡਿਊਟੀ 'ਤੇ ਹਾਜ਼ਰ ਹੋ ਗਿਆ ਸੀ, ਜਿਸ 'ਤੇ ਗਿਆਨੀ ਜਗਤਾਰ ਸਿੰਘ ਨੇ ਹੈਰਾਨੀ ਪ੍ਰਗਟਾਈ ਸੀ। ਉਸ ਨੇ ਦਾਅਵਾ ਕੀਤਾ ਕਿ ਮੁੱਖ ਗ੍ਰੰਥੀ ਨੇ ਰਾਗੀ ਨਾਲ ਕਿਸੇ ਤਰ੍ਹਾਂ ਦਾ ਦੁਰ-ਵਿਹਾਰ ਨਹੀਂ ਕੀਤਾ, ਇਹ ਦੋਸ਼ ਬੇਬੁਨਿਆਦ ਹੈ। ਸ੍ਰੀ ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦੇ ਨਿੱਜੀ ਸਕੱਤਰ ਜਸਪਾਲ ਸਿੰਘ ਨੇ ਦੱਸਿਆ ਕਿ ਇਹ ਸ਼ਿਕਾਇਤ ਸ੍ਰੀ ਅਕਾਲ ਤਖਤ ਵਿਖੇ ਪੁੱਜੀ ਹੈ। ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦੇ ਦਫਤਰ ਆਉਣ 'ਤੇ ਉਨ੍ਹਾਂ ਨੂੰ ਸੌਂਪੀ ਜਾਵੇਗੀ।

## ਕੋਟਕਪੂਰਾ ਗੋਲੀ ਕਾਂਡ ਦੇ ਕੇਸ ਦੀ ਸੁਣਵਾਈ 24 ਤੱਕ ਮੁਲਤਵੀ

*** ਪਰਮਰਾਜ ਸਿੰਘ ਉਮਰਾਨੰਗਲ ਦੇ ਦੋਸ਼ ਵਿਸ਼ੇਸ਼ ਜਾਂਚ ਟੀਮ ਵੱਲੋਂ ਰੱਦ**



ਫਰੀਦਕੋਟ, 21 ਜੁਲਾਈ (ਪੋਸਟ ਬਿਊਰੋ)- ਸਥਾਨਕ ਜੁਡੀਸ਼ਲ ਅਦਾਲਤ ਨੇ ਕੋਟਕਪੂਰਾ ਗੋਲੀ ਕਾਂਡ ਕੇਸ ਵਿੱਚ ਆਈ ਜੀ ਪਰਮਰਾਜ ਸਿੰਘ ਉਮਰਾਨੰਗਲ ਵੱਲੋਂ ਆਈ ਜੀ ਕੁੰਵਰ ਵਿਜੈ ਪ੍ਰਤਾਪ ਸਿੰਘ ਦੇ ਖਿਲਾਫ ਕਾਰਵਾਈ ਲਈ ਦਿੱਤੀ ਗਈ ਅਰਜ਼ੀ ਦੀ ਸੁਣਵਾਈ 24 ਜੁਲਾਈ ਤੱਕ ਮੁਤਲਵੀ ਕਰ ਦਿੱਤੀ ਹੈ।

ਕੱਲ੍ਹ ਦੀ ਸੁਣਵਾਈ ਮੌਕੇ ਆਈ ਜੀ ਪਰਮਰਾਜ ਸਿੰਘ ਉਮਰਾਨੰਗਲ, ਸਾਬਕਾ ਪਾਰਲੀਮੈਂਟਰੀ ਸੈਕਟਰੀ ਮਨਤਾਰ ਸਿੰਘ ਬਰਾੜ, ਸਾਬਕਾ ਐਸ ਐਸ ਪੀ ਚਰਨਜੀਤ ਸ਼ਰਮਾ ਅਤੇ ਹੋਰ ਪੁਲਸ ਅਧਿਕਾਰੀ ਅਦਾਲਤ ਵਿੱਚ ਮੌਜੂਦ ਸਨ। ਓਥੇ ਚਲਾਨ ਪੇਸ਼ ਹੋਣ ਮਗਰੋਂ ਵਿਸ਼ੇਸ਼ ਜਾਂਚ ਟੀਮ (ਸਿੱਟ) ਨੇ ਇਹ ਮਾਮਲਾ ਅਗਲੀ ਸੁਣਵਾਈ ਲਈ ਸੈਸ਼ਨ ਕੋਰਟ ਵਿੱਚ ਭੇਜਣ ਦੀ ਮੰਗ ਕੀਤੀ, ਪਰ ਉਮਰਾਨੰਗਲ ਦੇ ਵਕੀਲ ਨੇ ਅਦਾਲਤ ਵਿੱਚ ਅਰਜ਼ੀ ਦੇ ਕੇ ਸਿੱਟ ਉਪਰ ਦੋਸ਼ ਲਾਇਆ ਕਿ ਉਨ੍ਹਾਂ ਨੇ ਜਾਂਚ ਦੌਰਾਨ ਪੰਜਾਬ ਪੁਲਸ ਰੂਲਜ਼ ਅਤੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਵੱਲੋਂ ਮਿਥੇ ਨਿਯਮਾਂ ਦੀ ਉਲੰਘਣਾ ਕੀਤੀ ਹੈ। ਕੋਟਕਪੂਰਾ ਗੋਲੀ ਕਾਂਡ ਵਿੱਚ ਘਿਰੇ ਪੁਲਸ ਅਫਸਰਾਂ ਨੇ ਅਦਾਲਤ ਨੂੰ ਦਰਖਾਸਤ ਦਿੱਤੀ ਕਿ ਪੁਲਸ ਅਧਿਕਾਰੀਆਂ ਖਿਲਾਫ ਚੱਲ ਰਹੀ ਜਾਂਚ ਦੀ ਡੇਲੀ ਡਾਇਰੀ ਜ਼ਿਲਾ ਮੈਜਿਸਟਰੇਟ ਜਾਂ ਇਲਾਕਾ ਮੈਜਿਸਟਰੇਟ ਨੂੰ ਦੇਣੀ ਜ਼ਰੂਰੀ ਹੁੰਦੀ ਹੈ। ਜਾਂਚ ਟੀਮ ਨੇ ਪੜਤਾਲ ਦੌਰਾਨ ਆਪਣੀ ਰਿਪੋਰਟ ਇਲਾਕਾ ਮੈਜਿਸਟਰੇਟ ਜਾਂ ਜ਼ਿਲਾ ਮੈਜਿਸਟਰੇਟ ਨੂੰ ਨਹੀਂ ਦਿੱਤੀ। ਵਿਸ਼ੇਸ਼ ਜਾਂਚ ਟੀਮ ਨੇ ਪਰਮਰਾਜ ਸਿੰਘ ਉਮਰਾਨੰਗਲ ਦੇ ਦੋਸ਼ਾਂ ਨੂੰ ਰੱਦ ਕਰਦਿਆਂ ਕਿਹਾ ਕਿ ਸਿੱਟ ਜਾਂਚ ਦੀ ਡੇਲੀ ਡਾਇਰੀ ਮੈਜਿਸਟਰੇਟ ਨੂੰ ਦੇਣ ਲਈ ਪਾਬੰਦ ਨਹੀਂ ਹੈ। ਜਾਂਚ ਟੀਮ ਨੇ ਕਿਹਾ ਕਿ ਸਮੁੱਚੀ ਪੜਤਾਲ ਕਾਨੂੰਨ ਦੇ ਘੇਰੇ ਵਿੱਚ ਰਹਿ ਕੇ ਕੀਤੀ ਗਈ ਹੈ ਤੇ ਦੋਸ਼ੀ ਇਸ ਮੁਕੱਦਮੇ ਦੀ ਸੁਣਵਾਈ ਲਮਕਾਉਣ ਲਈ ਜਾਣਬੁੱਝ ਕੇ ਫਰਜ਼ੀ ਦਰਖਾਸਤਾਂ ਦੇ ਰਹੇ ਹਨ। ਅਦਾਲਤ ਨੇ ਇਸ ਕੇਸ ਵਿੱਚ ਦੋਵਾਂ ਧਿਰਾਂ ਦੀ ਲੰਬੀ ਬਹਿਸ ਸੁਣਨ ਪਿੱਛੋਂ ਅਗਲੀ ਸੁਣਵਾਈ 24 ਜੁਲਾਈ ਤੱਕ ਮੁਲਤਵੀ ਕਰ ਦਿੱਤੀ।

ਇਸ ਦੌਰਾਨ ਕੋਟਕਪੂਰਾ ਗੋਲੀ ਕਾਂਡ ਦਾ ਕੇਸ ਨੂੰ ਰੱਦ ਕਰਵਾਉਣ ਲਈ ਦੋ ਪੁਲਸ ਅਧਿਕਾਰੀਆਂ ਨੇ ਹਾਈ ਕੋਰਟ ਵਿੱਚ ਵੀ ਰਿੱਟ ਦਾਇਰ ਕੀਤੀ ਹੈ, ਜਿਸ ਉਪਰ 26 ਜੁਲਾਈ ਨੂੰ ਸੁਣਵਾਈ ਹੋਣ ਦੀ ਸੰਭਾਵਨਾ ਹੈ।

## ਮੰਤਰੀ ਵਜੋਂ ਨਵਜੋਤ ਸਿੱਧੂ ਦਾ ਅਸਤੀਫਾ ਗਵਰਨਰ ਵਲੋਂ ਮਨਜ਼ੂਰ

ਚੰਡੀਗੜ੍ਹ, 21 ਜੁਲਾਈ, (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਕੈਪਟਨ ਕੈਪਟਨ ਅਮਰਿੰਦਰ ਸਿੰਘ ਨੇ ਅੱਜ ਆਪਣੇ ਮੰਤਰੀ ਸਾਥੀ ਨਵਜੋਤ ਸਿੰਘ ਸਿੱਧੂ ਦਾ ਮੰਤਰੀ ਵਜੋਂ ਅਸਤੀਫਾ ਪ੍ਰਵਾਨ ਕਰ ਕੇ ਰਾਜ ਦੇ ਗਵਰਨਰ ਬੀ ਪੀ ਸਿੰਘ ਬਦਨੌਰ ਨੂੰ ਭੇਜ ਦਿੱਤਾ ਅਤੇ ਉਨ੍ਹਾਂ ਨੇ ਇਸ ਨੂੰ ਪ੍ਰਵਾਨ ਕਰ ਲਿਆ ਹੈ। ਨਵਜੋਤ ਸਿੰਘ ਸਿੱਧੂ ਨੇ ਬੀਤੀ 15 ਜੁਲਾਈ ਨੂੰ ਮੁੱਖ ਮੰਤਰੀ ਦੀ ਰਿਹਾਇਸ਼ ਉੱਤੇ ਆਪਣਾ ਇਹ ਅਸਤੀਫਾ ਭਿਜਵਾਇਆ ਸੀ। ਵਰਨਣ ਯੋਗ ਹੈ ਕਿ ਪਿਛਲੇ ਜੂਨ ਵਿੱਚ ਪੰਜਾਬ ਦੇ ਮੰਤਰੀਆਂ ਦੇ ਵਿਭਾਗਾਂ ਦੀ ਅਦਲਾ-ਬਦਲੀ ਦੇ ਦੌਰਾਨ ਲੋਕਲ ਬਾਡੀਜ਼ ਦਾ ਮੰਤਰਾਲਾ ਖੋਹੇ ਜਾਣ ਤੋਂ ਨਾਰਾਜ਼ ਨਵਜੋਤ ਸਿੰਘ ਸਿੱਧੂ ਨੇ 15 ਜੁਲਾਈ ਨੂੰ ਮੰਤਰੀ ਵਜੋਂ ਅਸਤੀਫਾ ਦੇ ਦਿੱਤਾ ਸੀ। ਉਨ੍ਹਾਂ ਨੇ ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਨੂੰ ਸੰਬੋਧਨ ਕਰ ਕੇ ਲਿਖੇ ਆਪਣੇ ਅਸਤੀਫੇ ਨੂੰ ਟਵਿੱਟਰ ਉੱਤੇ ਚੌਥੀ ਦਿਨ ਬਾਅਦ ਸਾਂਝਾ ਕੀਤਾ ਸੀ। ਇਸ ਅਸਤੀਫੇ ਉੱਤੇ 10 ਜੂਨ ਦੀ ਮਿਤੀ ਲਿਖੀ ਗਈ ਸੀ। ਨਵਜੋਤ ਸਿੰਘ ਸਿੱਧੂ ਦੇ ਮੁਤਾਬਕ ਉਨ੍ਹਾਂ ਨੇ 10 ਜੂਨ ਨੂੰ ਹੀ ਪੰਜਾਬ ਮੰਤਰੀ ਮੰਡਲ ਤੋਂ ਅਸਤੀਫਾ ਦੇ ਦਿੱਤਾ ਤੇ ਰਾਹੁਲ ਗਾਂਧੀ ਨੂੰ ਸੌਂਪ ਦਿੱਤਾ ਸੀ। ਇਹ ਗੱਲ ਸਾਹਮਣੇ ਆਉਣ ਨਾਲ ਬਹਿਸ ਛਿੜ ਗਈ ਸੀ। ਬੀਤੇ ਮੰਗਲਵਾਰ ਕੈਪਟਨ ਅਮਰਿੰਦਰ ਸਿੰਘ ਨੇ ਦਿੱਲੀ ਵਿਚ ਕਿਹਾ ਸੀ ਕਿ ਜਦੋਂ ਉਹ ਚੰਡੀਗੜ੍ਹ ਪਹੁੰਚਣਗੇ ਤਾਂ ਪੱਤਰ ਦੇ ਵਿਸ਼ਲੇਸ਼ਣ ਕਰਨ ਦੇ ਬਾਅਦ ਇਸ ਬਾਰੇ ਫੈਸਲਾ ਕਰਨਗੇ। ਅੱਜ ਮੁੱਖ ਮੰਤਰੀ ਚੰਡੀਗੜ੍ਹ ਆਏ ਤਾਂ ਓਦੋਂ ਹੀ ਸਮਝਿਆ ਜਾ ਰਿਹਾ ਸੀ ਕਿ ਗੱਲ ਕਿਸੇ ਸਿਰੇ ਲੱਗ ਜਾਵੇਗੀ। ਇਸ ਦੌਰਾਨ ਪਤਾ ਲੱਗਾ ਹੈ ਕਿ ਕਾਂ-ਗਰਸ ਦੇ ਪ੍ਰਮੁੱਖ ਆਗੂਆਂ ਨੇ ਕੈਪਟਨ ਅਮਰਿੰਦਰ ਸਿੰਘ ਅਤੇ ਨਵਜੋਤ ਸਿੰਘ ਸਿੱਧੂ ਵਿਚਾਲੇ ਮੱਤਭੇਦ ਦੇ ਮੁੱਦੇ ਸੁਲਝਾਉਣ ਲਈ ਦਖ਼ਲ ਦਿੱਤਾ ਸੀ, ਪਰ ਸਿੱਧੂ ਪੁਰਾਣਾ ਵਿਭਾਗ ਲੈਣ ਦੇ ਲਈ ਅੜੇ ਹੋਏ ਸਨ ਤੇ ਕੈਪਟਨ ਅਮਰਿੰਦਰ ਸਿੰਘ ਦੇਣਾ ਨਹੀਂ ਸਨ ਮੰਨ ਰਹੇ।

ਆਪਣੇ ਸੁਭਾਅ ਮੁਤਾਬਕ ਨਵਜੋਤ ਸਿੰਘ ਸਿੱਧੂ ਨੇ ਮੰਤਰੀ ਵਜੋਂ ਅਸਤੀਫ਼ਾ ਮਨਜ਼ੂਰ ਹੁੰਦੇ ਸਾਰ ਹੀ ਮੰਤਰੀ ਦੇ ਤੌਰ ਉੱਤੇ ਮਿਲੀਆਂ ਸਰਕਾਰੀ ਸਹੂਲਤਾਂ ਵੀ ਛੱਡਣੀਆਂ ਸ਼ੁਰੂ ਕਰ ਦਿੱਤੀਆਂ ਹਨ। ਉਨ੍ਹਾਂ ਨੇ ਸਭ ਤੋਂ ਪਹਿਲਾਂ ਆਪਣਾ ਸਰਕਾਰੀ ਘਰ ਛੱਡਿਆ ਹੈ। ਬਾਅਦ ਦੁਪਹਿਰ ਨਵਜੋਤ ਸਿੰਘ ਸਿੱਧੂ ਦੇ ਸੈਕਟਰ-2 ਵਿਚਲੇ 42 ਨੰਬਰ ਸਰਕਾਰੀ ਘਰ ਵਿੱਚ ਸਾਮਾਨ ਪੈਕ ਹੋਣਾ ਸ਼ੁਰੂ ਹੋ ਗਿਆ ਤੇ ਉਸ ਨੂੰ ਲਿਜਾਣ ਲਈ ਗੱਡੀਆਂ ਆ ਗਈਆਂ ਸਨ। ਘਰ ਵਿੱਚ ਕਿਸੇ ਨੂੰ ਜਾਣ ਦੀ ਆਗਿਆ ਨਹੀਂ ਦਿੱਤੀ ਗਈ ਅਤੇ ਸ਼ਾਮ ਤੱਕ ਸਾਮਾਨ ਪੈਕ ਕਰ ਕੇ ਗੱਡੀਆਂ ਲੈ ਗਈਆਂ ਸਨ।

## ਸੱਤ ਸਾਲਾ ਬੇਟੀ ਨੂੰ ਡਰੇਨ ਵਿੱਚ ਡੋਬ ਕੇ ਮਾਰ ਦੇਣ ਵਾਲੇ ਨੂੰ ਉਮਰ ਕੈਦ



ਸੰਗਰੂਰ 21 ਜੁਲਾਈ (ਪੋਸਟ ਬਿਊਰੋ)- ਨੌਂ ਮਹੀਨੇ ਪਹਿਲਾਂ ਆਪਣੀ ਸੱਤ ਸਾਲਾ ਧੀ ਦੀ ਹੱਤਿਆ ਕਰਨ ਵਾਲੇ ਪਿਤਾ ਨੂੰ ਅਦਾਲਤ ਨੇ ਉਮਰ ਕੈਦ ਦੀ ਸਜ਼ਾ ਸੁਣਾਈ ਹੈ। ਦੋਸ਼ੀ ਨੇ ਪਹਿਲੀ ਕਲਾਸ ਵਿੱਚ ਪੜ੍ਹਦੀ ਧੀ ਨੂੰ ਮਾਰ ਕੇ ਡਰੇਨ ਕੰਢੇ ਮਿੱਟੀ ਵਿੱਚ ਦੱਬ ਦਿੱਤਾ ਸੀ। ਪਤਨੀ ਦੇ ਰੁਸ ਕੇ ਜਾਣ ਪਿੱਛੋਂ ਉਹ ਬੇਟੀ ਨੂੰ ਆਪਣੇ 'ਤੇ ਬੋਝ ਸਮਝਦਾ ਸੀ।

ਪਿਛਲੇ ਸਾਲ 15 ਸਤੰਬਰ ਨੂੰ ਥਾਣਾ ਸਦਰ ਧੂਰੀ ਵਿੱਚ ਦਰਜ ਕੇਸ ਅਨੁਸ-ਾਰ ਪਿੰਡ ਭੁੱਲਰਹੇੜੀ ਦੇ ਪ੍ਰਗਟ ਸਿੰਘ ਨੇ ਦੱਸਿਆ ਕਿ ਉਸ ਦੇ ਛੋਟੇ ਭਰਾ ਧਰਮਪਾਲ ਸਿੰਘ ਦੀ ਪਤਨੀ ਰਜਨੀ ਛੇ-ਸੱਤ ਮਹੀਨੇ ਪਹਿਲਾਂ ਪਤੀ ਨਾਲ ਨਾਰਾਜ਼ ਹੋ ਕੇ ਚਲੀ ਗਈ ਸੀ। ਧਰਮਪਾਲ ਦੀਆਂ ਦੋ ਬੇਟੀਆਂ ਮਨਜਿੰਦਰ ਕੌਰ (10) ਅਤੇ ਹਰਜਿੰਦਰ ਕੌਰ (7) ਪਿਤਾ ਨਾਲ ਰਹਿੰਦੀਆਂ ਸਨ। ਹਰਜਿੰਦਰ ਕੌਰ ਪਹਿਲੀ ਕਲਾਸ ਵਿੱਚ ਪੜ੍ਹਦੀ ਸੀ ਜਿਸ ਦੀ ਦੇਖਭਾਲ ਉਸ ਦੀ ਦਾਦੀ ਗੁਲਜਾਰ ਕੌਰ ਕਰਦੀ ਸੀ। ਧਰਮਪਾਲ ਸਿੰਘ ਪਤਨੀ ਦੇ ਜਾਣ ਪਿੱਛੋਂ ਪ੍ਰੇਸ਼ਾਨ ਰਹਿੰਦਾ ਸੀ, ਜਿਸ ਕਾਰਨ ਉਹ ਸੁਲਫਾ ਤੇ ਸ਼ਰਾਬ ਪੀਣ ਲੱਗ ਪਿਆ ਸੀ। ਇੱਕ ਦਿਨ ਉਹ ਛੋਟੀ ਬੇਟੀ ਹਰਜਿੰਦਰ ਕੌਰ ਨੂੰ ਸਾਈਕਲ 'ਤੇ ਬਿਠਾ ਕੇ ਲੈ ਗਿਆ। ਕਰੀਬ ਡੇਢ ਘੰਟੇ ਬਾਅਦ ਇਕੱਲਾ ਵਾਪਸ ਆਇਆ। ਜਦ ਉਸ ਨੇ ਉਸ ਤੋਂ ਬੇਟੀ ਬਾਰੇ ਪੁੱਛਿਆ ਤਾਂ ਧਰਮਪਾਲ ਨੇ ਕਿਹਾ ਕਿ ਉਹ ਉਸ ਨੂੰ ਘਰ ਅੱਗੇ ਛੱਡ ਗਿਆ ਸੀ। ਕਾਫੀ ਲੱਭਣ ਉੱਤੇ ਵੀ ਉਹ ਨਹੀਂ ਮਿਲੀ। ਉਨ੍ਹਾਂ ਨੂੰ ਆਪਣੇ ਭਰਾ 'ਤੇ ਸ਼ੱਕ ਹੋਇਆ ਤਾਂ ਜੀਜਾ ਬਿੰਦਰ ਸਿੰਘ ਨੂੰ ਫੋਨ ਕਰ ਕੇ ਘਰ ਬੁਲਾ ਲਿਆ, ਜਦ ਉਨ੍ਹਾਂ ਨੇ ਧਰਮਪਾਲ ਸਿੰਘ ਤੋਂ ਸਖਤੀ ਨਾਲ ਪੁੱਛਗਿੱਛ ਕੀਤੀ ਤਾਂ ਉਸ ਨੇ ਦੱਸਿਆ ਕਿ ਬੇਟੀ ਦਾ ਗਲਾ ਘੁੱਟ ਕੇ ਡਰੇਨ ਵਿੱਚ ਡੁਬਾ ਕੇ ਮਾਰ ਦਿੱਤਾ ਹੈ।

## ਬਿਨਾਂ ਤਲਾਕ ਤੋਂ ਦੂਜਾ ਵਿਆਹ ਕਰਾਉਣ ਲੱਗੀ ਤਾਂ ਪਤੀ ਨੇ ਪੁੱਜ ਕੇ ਰੁਕਵਾ ਦਿੱਤਾ

ਤਰਨ ਤਾਰਨ 21 ਜੁਲਾਈ (ਪੋਸਟ ਬਿਊਰੋ)- ਇਸ ਜ਼ਿਲੇ ਦੇ ਇੱਕ ਪਿੰਡ ਵਿੱਚ ਵਿਆਹੀ ਔਰਤ ਵੱਲੋਂ ਬਿਨਾਂ ਤਲਾਕ ਦੂਜਾ ਵਿਆਹ ਕਰਾਉਣ ਦਾ ਯਤਨ ਓਦੋਂ ਨਾਕਾਮ ਹੋ ਗਿਆ, ਜਦੋਂ ਉਸ ਦਾ ਪਤੀ ਪੁਲਸ ਲੈ ਕੇ ਪਹੁੰਚ ਗਿਆ। ਲਾੜੀ ਬਣੀ ਔਰਤ ਨੂੰ ਡੋਲੀ ਦੀ ਥਾਂ ਥਾਣੇ ਜਾਣਾ ਪੈ ਗਿਆ। ਪੁਲਸ ਨੇ ਕੇਸ ਦਰਜ ਕਰ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ।

ਮਿਲੀ ਜਾਣਕਾਰੀ ਅਨੁਸਾਰ ਮਨਪ੍ਰੀਤ ਕੌਰ ਵਾਸੀ ਕੋਟ ਮੁਹੰਮਦ ਖਾਂ ਦਾ ਵਿਆਹ ਢਾਈ ਸਾਲ ਪਹਿਲਾਂ ਪਿੰਡ ਜੌਹਲ ਰਾਜੂ ਸਿੰਘ ਵਾਲਾ ਦੇ ਮੰਗਲ ਸਿੰਘ ਨਾਲ ਹੋਇਆ ਸੀ। ਇਨ੍ਹਾਂ ਦਾ ਡੇਢ ਸਾਲ ਦਾ ਪੁੱਤਰ ਵੀ ਹੈ। ਕੱਲ੍ਹ ਮੰਗਲ ਸਿੰਘ ਨੂੰ ਪਤਾ ਲੱਗਾ ਕਿ ਉਸ ਦੀ ਪਤਨੀ ਮਨਪ੍ਰੀਤ ਕੌਰ ਕਿਸੇ ਹੋਰ ਨਾਲ ਵਿਆਹ ਕਰਵਾ ਰਹੀ ਹੈ ਤਾਂ ਉਸ ਨੇ ਪੁਲਸ ਚੌਕੀ ਦੋਬੁਰਜੀ 'ਚ ਸ਼ਿਕਾਇਤ ਕਰ ਦਿੱਤੀ। ਇਸ ਪਿੱਛੋਂ ਚੌਕੀ ਇੰਚਾਰਜ ਨਰੇਸ਼ ਕੁਮਾਰ ਤੇ ਥਾਣਾ ਸਿਟੀ ਤਰਨ ਤਾਰਨ ਦੀ ਸਬ ਇੰਸਪੈਕਟਰ ਬਲਜੀਤ ਕੌਰ ਦੀ ਅਗਵਾਈ ਹੇਠ ਪੁਲਸ ਤਰਨ ਤਾਰਨ ਦੇ ਇੱਕ ਗੁਰਦੁਆਰਾ ਸਾਹਿਬ ਵਿਖੇ ਪਹੁੰਚੀ, ਜਿੱਥੇ ਕੁੜੀ ਵਿਆਹ ਕਰਵਾ ਰਹੀ ਸੀ। ਪੁਲਸ ਨੂੰ ਵੇਖ ਕੇ ਵਿਆਹ



ਕਰਾਉਣ ਆਇਆ ਲਾੜਾ ਫਰਾਰ ਹੋ ਗਿਆ, ਪਰ ਬਿਨਾਂ ਤਲਾਕ ਦਿੱਤੇ ਦੂਜਾ ਵਿਆਹ ਕਰਾਉਣ ਵਾਲੀ ਮਨਪ੍ਰੀਤ ਕੌਰ ਨੂੰ ਪੁਲਸ ਲੈ ਗਈ। ਇਸ ਮੌਕੇ ਮਨਪ੍ਰੀਤ ਕੌਰ ਨੇ ਕਿਹਾ ਕਿ ਉਸ ਦਾ ਪੰਚਾਇਤ ਵਿੱਚ ਲਿਖ-ਲਿਖਾਅ ਹੋਇਆ ਹੈ, ਜਿਸ ਦੇ ਆਧਾਰ 'ਤੇ ਉਹ ਮੁੜ ਵਿਆਹ ਕਰਵਾ ਰਹੀ ਸੀ। ਉਸ ਨੇ ਦੋਸ਼ ਲਾਇਆ ਕਿ ਉਸ ਦਾ ਪਤੀ ਨਸ਼ੇ ਦਾ ਆਦੀ ਹੈ ਅਤੇ ਉਸ ਨੇ ਇਹ ਵਿਆਹ ਕਰਵਾ ਕੇ ਉਸ ਨੇ ਅਪਰਾਧ ਨਹੀਂ ਕੀਤਾ।

ਮੰਗਲ ਸਿੰਘ ਨੇ ਕਿਹਾ ਕਿ ਉਸ ਦਾ ਪੰਚਾਇਤ 'ਚ ਕੋਈ ਤਲਾਕ ਨਹੀਂ ਹੋਇਆ, ਸਗੋਂ ਜਿਹੜੇ ਬੰਦੇ ਨਾਲ ਮਨਪ੍ਰੀਤ ਕੌਰ ਵਿਆਹ ਕਰਾਉਣ ਜਾ ਰਹੀ ਸੀ, ਉਸ ਨਾਲ ਉਸ ਦੇ ਪੁਰਾਣੇ ਸੰਬੰਧ ਸਨ। ਉਹ ਵਾਰ ਵਾਰ ਡੇਢ ਸਾਲਾ ਬੱਚੇ ਨੂੰ ਘਰੋਂ ਲਿਜਾਣ ਦਾ ਯਤਨ ਕਰਦੀ ਸੀ, ਜਿਸ ਕਾਰਨ ਪੰਚ-ਾਇਤ 'ਚ ਲਿਖਿਆ ਗਿਆ ਸੀ ਕਿ ਜੇ ਉਹ ਆਪਣੀ ਮਰਜ਼ੀ ਨਾਲ ਜਾਵੇ ਤਾਂ ਬੱਚਾ ਪਿਤਾ ਕੋਲ ਰਹੇਗਾ। ਉਸ ਨੇ ਕਿਹਾ ਕਿ ਤਲਾਕ ਵਰਗੀ ਕੋਈ ਲਿਖਤ ਨਹੀਂ ਹੋਈ।

ਸਬ ਇੰਸਪੈਕਟਰ ਬਲਜੀਤ ਕੌਰ ਦਾ ਕਹਿਣਾ ਹੈ ਕਿ ਜਦੋਂ ਉਹ ਮੌਕੇ 'ਤੇ ਪਹੁੰਚੇ ਤਾਂ ਮਨਪ੍ਰੀਤ ਕੌਰ ਨਾਲ ਵਿਆਹ ਕਰਾਉਣ ਆਇਆ ਲਾੜਾ ਫਰਾਰ ਹੋ ਗਿਆ ਸੀ। ਉਨ੍ਹਾਂ ਨੇ ਥਾਣਾ ਸਿਟੀ ਵਿੱਚ ਰਿਪੋਰਟ ਦਰਜ ਕਰ ਲਈ ਹੈ, ਜਿਸ ਦੇ ਆਧਾਰ 'ਤੇ ਪਰਵਾਰ ਅਗਲੀ ਕਾਰਵਾਈ ਲਈ ਅਦਾਲਤ ਦਾ ਦਰਵਾਜ਼ਾ ਖੜਕਾ ਸਕੇਗਾ।

## ਸਾਬਕਾ ਕਮਿਸ਼ਨਰ ਨੂੰ ਪਾਰਟੀ ਵਿੱਚ ਲੈ ਕੇ ਭਾਜਪਾ ਨੂੰ ਸ਼ਰਮਿੰਦਾ ਹੋਣਾ ਪੈ ਗਿਆ

*** ਕੁਝ ਘੰਟਿਆਂ ਬਾਅਦ ਮੈਂਬਰਸ਼ਿਪ ਰੱਦ ਕਰਨੀ ਪਈ**



ਜਲੰਧਰ 21 ਜੁਲਾਈ (ਪੋਸਟ ਬਿਊਰੋ)- ਭਾਰਤੀ ਜਨਤਾ ਪਾਰਟੀ ਦੇ ਸੂਬਾ ਪ੍ਰਧਾਨ ਸ਼ਵੇਤ ਮਲਿਕ, ਕੇਂਦਰੀ ਰਾਜ ਮੰਤਰੀ ਸੋਮ ਪ੍ਰਕਾਸ਼ ਅਤੇ ਭਾਜਪਾ ਦੀ ਸੀਨੀਅਰ ਲੀਡਰਸ਼ਿਪ ਦੀ ਉਦੋਂ ਬੇਇੱਜ਼ਤੀ ਹੋ ਗਈ, ਜਦੋਂ ਇੱਕ ਸਾਬਕਾ ਆਈ ਏ ਐੱਸ ਅਧਿਕਾਰੀ ਡਾਕਟਰ ਸਵਰਨ ਸਿੰਘ ਨੂੰ ਉਹ ਭਾਜਪਾ 'ਚ ਸ਼ਾਮਲ ਕਰ ਬੈਠੇ, ਪਰ ਕੇਸ ਦਰਜ ਹੋਣ ਦੀ ਜਾਣਕਾਰੀ ਮਿਲਣ ਅਤੇ ਉਲਟ ਪ੍ਰਚਾਰ ਤੋਂ ਡਰਦਿਆਂ ਉਸ ਦੀ ਮੈਂਬਰਸ਼ਿਪ ਰੱਦ ਕਰਨੀ ਪੈ ਗਈ।

ਜਲੰਧਰ ਦੇ ਸਾਬਕਾ ਡਵੀਜ਼ਨਲ ਕਮਿਸ਼ਨਰ ਸਵਰਨ ਸਿੰਘ ਦੀ ਮੈਂਬਰੀ ਰੱਦ ਕਰਨ ਪਿੱਛੋਂ ਭਾਜਪਾ ਦੇ ਸੂਬਾ ਪ੍ਰਧਾਨ ਸ਼ਵੇਤ ਮਲਿਕ ਨੇ ਆਪਣਾ ਮੋਬਾਈਲ ਫੋਨ ਬੰਦ ਕਰ ਲਿਆ। ਇਸ ਦੀ ਪੁਸ਼ਟੀ ਵਿੱਚ ਜ਼ਿਲ੍ਹਾ ਭਾਜਪਾ ਦੇ ਪ੍ਰਧਾਨ ਰਮਨ ਪੱਬੀ ਨੇ ਕਿਹਾ ਕਿ ਸੂਬਾ ਪ੍ਰਧਾਨ ਨੂੰ ਸਵਰਨ ਸਿੰਘ ਬਾਰੇ ਜਦੋਂ ਜਾਣਕਾਰੀ ਮਿਲੀ ਤਾਂ ਉਨ੍ਹਾਂ ਦੀ ਮੈਂਬਰੀ ਰੱਦ ਕਰ ਦਿੱਤੀ ਗਈ ਹੈ। ਵਰਨਣ ਯੋਗ ਹੈ ਕਿ ਸਵਰਨ ਸਿੰਘ ਨੂੰ ਭਾਜਪਾ ਵਿੱਚ ਸ਼ਾਮਲ ਕਰਨ ਲਈ ਵੱਡੇ ਆਗੂ ਏਥੇ ਮੌਜੂਦ ਸਨ।

ਡਾਕਟਰ ਸਵਰਨ ਸਿੰਘ ਜਲੰਧਰ ਵਿੱਚ ਡਵੀਜ਼ਨਲ ਕਮਿਸ਼ਨਰ ਰਹਿ ਚੁੱਕੇ ਹਨ। ਇਸ ਅਹੁਦੇ 'ਤੇ ਰਹਿੰਦਿਆਂ ਉਨ੍ਹਾਂ ਦਾ ਨਾਂਅ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੇ ਜਨਮ ਸ਼ਤਾਬਦੀ ਸਮਾਰੋਹਾਂ ਵਿੱਚ ਵੱਡੇ ਘੋਟਾਲਿਆਂ ਵਿੱਚ ਗੂੰਜਿਆ ਸੀ ਅਤੇ ਇਸ ਦੀ ਜਾਂਚ ਵਿਜੀਲੈਂਸ ਨੇ ਕੀਤੀ ਸੀ। ਡਾਕਟਰ ਸਵਰਨ ਸਿੰਘ 2014 ਦੀਆਂ ਚੋਣਾਂ ਦੌਰਾਨ ਆਮ ਆਦਮੀ ਪਾਰਟੀ ਦੀ ਟਿਕਟ ਦੇ ਦਾਅਵੇਦਾਰ ਸਨ, ਪਰ ਭ੍ਰਿਸ਼ਟਾਚਾਰ ਦੇ ਕੇਸਾਂ ਵਿੱਚ ਉਨ੍ਹਾਂ ਦਾ ਨਾਂਅ ਹੋਣ ਕਾਰਨ ਉਸ ਪਾਰਟੀ ਨੇ ਲੀਡਰਸ਼ਿਪ ਨੇ ਉਨ੍ਹਾਂ ਤੋਂ ਕਿਨਾਰਾ ਕਰ ਲਿਆ ਸੀ।

ਉਂਜ ਇਸ ਮੌਕੇ ਜਲੰਧਰ ਦੇ ਸਾਬਕਾ ਮੇਅਰ ਅਤੇ ਕਾਂਗਰਸ ਆਗੂ ਸੁਰਿੰ-ਦਰ ਮਹੇ ਵੀ ਕੱਲ੍ਹ ਭਾਜਪਾ ਵਿੱਚ ਸ਼ਾਮਲ ਹੋ ਗਏ। ਉਹ ਪਿਛਲੀਆਂ ਵਿਧਾਨ ਸਭਾ ਚੋਣਾਂ ਤੋਂ ਪਾਰਟੀ ਨਾਲ ਨਾਰਾਜ਼ ਸਨ। ਉਨ੍ਹਾਂ ਨੇ ਪੱਛਮੀ ਵਿਧਾਨ ਸਭਾ ਹਲਕੇ ਤੋਂ ਕਾਂਗਰਸ ਦੀ ਟਿਕਟ ਮੰਗੀ ਸੀ, ਪਰ ਪਾਰਟੀ ਲੀਡਰਸ਼ਿਪ ਨੇ ਸੁਸ਼ੀਲ ਰਿੰਕੂ ਨੂੰ ਟਿਕਟ ਦੇ ਦਿੱਤੀ ਸੀ। ਇਸ ਕਾਰਨ ਓਦੋਂ ਸੁਰਿੰਦਰ ਮਹੇ ਆਜ਼ਾਦ ਖੜ੍ਹੇ ਹੋਏ ਤੇ ਸਿਰਫ 1345 ਵੋਟਾਂ ਮਿਲਣ ਕਾਰਨ ਉਨ੍ਹਾਂ ਦੀ ਜ਼ਮਾਨਤ ਜ਼ਬਤ ਹੋ ਗਈ ਸੀ।

## ਪਾਕਿ ਤੋਂ 2700 ਕਰੋੜ ਦੀ ਡਰੱਗ ਮੰਗਾਉਣ ਵਾਲੇ ਗੁਰਪਿੰਦਰ ਦੀ ਜੇਲ੍ਹ ਵਿੱਚ ਮੌਤ



ਅੰਮ੍ਰਿਤਸਰ 21 ਜੁਲਾਈ (ਪੋਸਟ ਬਿਊਰੋ)- ਪਾਕਿਸਤਾਨ ਤੋਂ ਮੰਗਵਾਈ ਗਈ ਹੈਰੋਇਨ ਦੀ ਅੱਜ ਤਕ ਦੀ ਸਭ ਤੋਂ ਵੱਡੀ ਖੇਪ ਦੇ ਦੋਸ਼ ਵਿੱਚ ਫੜੇ ਗਏ ਗੁਰਪਿੰਦਰ ਸਿੰਘ ਦੀ ਮੌਤ ਹੋ ਗਈ ਹੈ। ਗੁਰਪਿੰਦਰ ਸਿੰਘ ਬਿਮਾਰ ਸੀ ਤੇ ਅੰਮ੍ਰਿਤਸਰ ਜੇਲ੍ਹ ਵਿੱਚ ਉਸ ਦੀ ਸਿਹਤ ਖ਼ਰਾਬ ਹੋਣ ਪਿੱਛੋਂ ਉਸ ਨੂੰ ਅੰਮ੍ਰਿਤਸਰ ਦੇ ਗੁਰੂ ਨਾਨਕ ਹਸਪਤਾਲ ਲਿਜਾਇਆ ਗਿਆ, ਪਰ ਓਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਕਰਾਰ ਦੇ ਦਿੱਤਾ।

ਵਰਨਣ ਯੋਗ ਹੈ ਕਿ ਗੁਰਪਿੰਦਰ ਸਿੰਘ ਪਾਕਿਸਤਾਨ ਤੋਂ ਸਾਮਾਨ ਇੰਪੋਰਟ ਕਰਨ ਦਾ ਲਾਈਸੰਸ ਧਾਰਕ ਸੀ। ਬੀਤੀ 29 ਜੂਨ ਨੂੰ ਅਟਾਰੀ ਸਰਹੱਦ ਤੋਂ ਲੂਣ ਵਿੱਚ ਲੁਕਾ ਕੇ ਭਾਰਤ ਭੇਜੀ 532 ਕਿੱਲੋਗ੍ਰਾਮ ਹੈਰੋਇਨ ਫੜੇ ਜਾਣ ਦੇ ਕੇਸ ਵਿੱਚ ਉਸ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ। ਕੌਮਾਂਤਰੀ ਬਾਜ਼ਾਰ ਵਿੱਚ ਨਸ਼ੇ ਦੀ ਇਸ ਖੇਪ ਦੀ ਕੀਮਤ 2700 ਕਰੋੜ ਤੋਂ ਵੀ ਵੱਧ ਦੱਸੀ ਗਈ ਸੀ। ਇਸ ਲੂਣ ਦਾ ਆਰਡਰ ਗੁਰਪਿੰਦਰ ਸਿੰਘ ਦੀ ਕੰਪਨੀ ਕਨਿਸ਼ਕ ਇੰਟਰਪ੍ਰਾਈਜ਼ਸ ਵੱਲੋਂ ਹੀ ਦਿੱਤਾ ਗਿਆ ਸੀ। ਪਾਕਿਸਤਾਨੀ ਲੂਣ ਦੇ 600 ਥੈਲਿਆਂ ਵਿੱਚ ਹੈਰੋਇਨ ਤੋਂ ਇਲਾਵਾ ਲੁਕਾ ਕੇ ਰੱਖੇ 52 ਕਿਲੋਗ੍ਰਾਮ ਹੋਰ ਕਈ ਨਸ਼ੀਲੇ ਪਦਾਰਥ ਬਾਰਡਰ ਉੱਤੇ ਫੜੇ ਗਏ ਸਨ।

## ਭਾਜਪਾ ਦੇ ਗੁਰਦਾਸਪੁਰੋਂ ਚੋਣ ਲੜ ਚੁੱਕੇ ਆਗੂ ਸਵਰਨ ਸਲਾਰੀਆ ਦੇ ਟਿਕਾਣਿਆਂ ਉੱਤੇ ਛਾਪੇ

ਪਠਾਨਕੋਟ/ ਅੰਮ੍ਰਿਤਸਰ, 21 ਜੁਲਾਈ, (ਪੋਸਟ ਬਿਊਰੋ)- ਪਿਛਲੇ ਸਾਲ ਗੁਰਦਾਸਪੁਰ ਤੋਂ ਪਾਰਲੀਪੈਂਟ ਚੋਣ ਲੜਨ ਵਾਲੇ ਭਾਜਪਾ ਉਮੀਦਵਾਰ ਸਵਰਨ ਸਲਾਰੀਆ ਦੇ ਕਾਰੋਬਾਰੀ ਟਿਕਾਣਿਆਂ ਉੱਤੇ ਆਮਦਨ ਟੈਕਸ ਵਿਭਾਗ ਦੇ ਇੰਟੈਲੀਜੈਂਸ ਅਤੇ ਕ੍ਰਿਮੀਨਲ ਵਿੰਗ ਨੇ ਕੱਲ੍ਹ ਅਤੇ ਅਚਾਨਕ ਛਾਪੇ ਮਾਰੇ ਹਨ। ਪਤਾ ਲੱਗਾ ਹੈ ਕਿ ਇਹ ਛਾਪੇ ਵੀਰਵਾਰ ਨੂੰ ਸ਼ੁਰੂ ਹੋ ਗਏ ਸਨ ਤੇ ਹਾਲੇ ਇੱਕ-ਅੱਧ ਦਿਨ ਹੋਰ ਜਾਰੀ ਰਹਿਣ ਦੀ ਸੰਭਾਵਨਾ ਹੈ।

ਇਸ ਸੰਬੰਧ ਵਿੱਚ ਇਨਕਮ ਟੈਕਸ ਵਿਭਾਗ ਦੇ ਇੰਟੈਲੀਜੈਂਸ ਤੇ ਕ੍ਰਿਮੀਨਲ ਵਿੰਗ ਦੇ ਡਾਇਰੈਕਟਰ ਏ ਕੇ ਮਿਸ਼ਰਾ ਦੀ ਅਗਵਾਈ ਵਿੱਚ ਜਿਹੜੀ ਛਾਪੇਮਾਰੀ ਕੀਤੀ ਗਈ ਹੈ, ਇਸ ਵਿੱਚ ਵਿਭਾਗ ਦੀਆਂ 18 ਟੀਮਾਂ ਨੇ ਸਵਰਨ ਸਲਾਰੀਆ ਦੇ ਮੁੰਬਈ, ਪਠਾਨਕੋਟ ਤੇ ਜੰਮੂ ਵਿਚਲੇ ਦਫ਼ਤਰਾਂ ਉੱਤੇ ਛਾਪੇ ਮਾਰੇ ਹਨ। ਟੈਕਸ ਅਧਿਕਾਰੀਆਂ ਦਾ ਇਸ ਬਾਰੇ ਕਹਿਣਾ ਹੈ ਕਿ ਤਲਾਸ਼ੀ ਮੁਹਿੰਮ ਮੁਕੰਮਲ ਹੋਣ ਤੋਂ ਬਾਅਦ ਹੀ ਉਹ ਕਿਸੇ ਕਿਸਮ ਦੀ ਜਾਣਕਾਰੀ ਦੇ ਸਕਦੇ ਹਨ।

ਵਰਨਣ ਯੋਗ ਹੈ ਕਿ ਭਾਜਪਾ ਨੇਤਾ ਤੇ ਪ੍ਰਸਿੱਧ ਕਾਰੋਬਾਰੀ ਸਵਰਨ ਸਲਾਰੀਆ ਦਾ ਮੁੱਖ ਦਫਤਰ ਮੁੰਬਈ ਵਿੱਚ ਹੈ ਅਤੇ ਇਸ ਤੋਂ ਬਿਨਾਂ ਪਠਾਨਕੋਟ ਵਿੱਚ ਉਨ੍ਹਾਂ ਦਾ ਮੈਡੀਕਲ ਕਾਲਜ ਅਤੇ ਜੰਮੂ ਵਿੱਚ ਇੱਕ ਵਿੱਦਿਅਕ ਅਦਾਰਾ ਵੀ ਦੱਸਿਆ ਜਾਂਦਾ ਹੈ। ਆਮਦਨ ਟੈਕਸ ਵਿਭਾਗ ਨੇ ਉਨ੍ਹਾਂ ਦੇ ਮੁੰਬਈ ਵਾਲੇ ਮੁੱਖ ਦਫਤਰ ਤੋਂ ਛਾਪੇ ਸ਼ੁਰੂਆਤ ਕੀਤੀ ਤੇ ਫਿਰ ਵੀਰਵਾਰ ਰਾਤ ਨੂੰ ਹੀ ਟੈਕਸ ਵਿਭਾਗ ਦੀਆਂ ਟੀਮਾਂ ਪਠਾਨਕੋਟ ਅਤੇ ਜੰਮੂ ਦਫ਼ਤਰ ਪਹੁੰਚ ਗਈਆਂ। ਇਸ ਤੋਂ ਇਲਾਵਾ ਦੀਨਾਨਗਰ ਤੋਂ 25 ਕਿਲੋਮੀਟਰ ਦੂਰ ਉਨ੍ਹਾਂ ਦੇ ਚੌਹਾਣ, ਪਰਮਾਨੰਦ ਵਾਲੇ ਜੱਦੀ ਘਰ ਉੱਤੇ ਵੀ ਛਾਪੇ ਵੱਜੇ ਹਨ।

ਜਾਣਕਾਰ ਸੂਤਰਾਂ ਮੁਤਾਬਕ ਇਨ੍ਹਾਂ ਛਾਪਿਆਂ ਵਿੱਚ ਸਵਰਨ ਸਲਾਰੀਆ ਦੇ ਕਾਰੋਬਾਰ ਨਾਲ ਸਬੰਧਤ ਕਈ ਤਰ੍ਹਾਂ ਦੇ ਦਸਤਾਵੇਜ਼ ਵੀ ਬਰਾਮਦ ਕੀਤੇ ਗਏ ਹਨ, ਪਰ ਇਸ ਬਾਰੇ ਕੋਈ ਅਧਿਕਾਰੀ ਜਾਂ ਆਗੂ ਕੁਝ ਕਹਿਣ ਨੂੰ ਤਿਆਰ ਨਹੀਂ ਹੋ ਰਿਹਾ। ਪੱਤਰਕਾਰਾਂ ਦੇ ਵਾਰ-ਵਾਰ ਫੋਨ ਕਰਨ ਉੱਤੇ ਵੀ ਸਵਰਨ ਸਲਾਰੀਆ ਨੇ ਫੋਨ ਨਹੀਂ ਚੁੱਕਿਆ।



# ਮਿਰਜ਼ਾਪੁਰ ਵਿੱਚ ਕਤਲ ਕਾਂਡ ਪੀੜਤਾਂ ਨੂੰ ਮਿਲਣ ਪਿੱਛੋਂ ਪ੍ਰਿਅੰਕਾ ਗਾਂਧੀ ਦਾ ਧਰਨਾ ਖ਼ਤਮ

### * ਬਿਨਾਂ ਬਿਜਲੀ-ਪਾਣੀ ਤੋਂ ਸਾਰੀ ਰਾਤ ਧਰਨੇ ਉੱਤੇ ਰਹੀ

ਮਿਰਜ਼ਾਪੁਰ, 21 ਜੁਲਾਈ, (ਪੋਸਟ ਬਿਊਰੋ)- ਸੋਨਭਦਰ ਵਿੱਚ ਦਸ ਲੋਕਾਂ ਦੇ ਕਤਲਾਂ ਵਾਲੀ ਥਾਂ ਜਾਣ ਅਤੇ ਪੀੜਤਾਂ ਨੂੰ ਮਿਲਣ ਦੀ ਜ਼ਿਦ ਕਰ ਕੇ ਧਰਨਾ ਲਾਈ ਬੈਠੀ ਪ੍ਰਿਅੰਕਾ ਗਾਂਧੀ ਅੱਜ ਵੀ ਚੁਨਾਰ ਕਿਲ੍ਹੇ ਵਿੱਚ ਰਹੀ ਤੇ ਸਾਫ ਕਿਹਾ ਕਿ ਉਹ ਪੀੜਤਾਂ ਨੂੰ ਮਿਲੇ ਬਿਨਾਂ ਵਾਪਸ ਨਹੀਂ ਜਾਵੇਗੀ। ਇਸ ਦੇ ਬਾਅਦ ਪੀੜਤ ਪਰਿਵਾਰ ਦੇ ਲੋਕ ਪ੍ਰਿਅੰਕਾ ਗਾਂਧੀ ਨੂੰ ਮਿਲਣ ਦੇ ਲਈ ਖੁਦ ਓਥੇ ਪਹੁੰਚ ਗਏ। ਇਸ ਦੌਰਾਨ ਖਿੱਚ-ਧੂਹ ਦੀ ਸਥਿਤੀ ਬਣੀ ਰਹੀ ਹੈ।

ਧਰਨਾ ਖਤਮ ਕਰਨ ਤੋਂ ਪਹਿਲਾਂ ਪ੍ਰਿਅੰਕਾ ਗਾਂਧੀ ਨੇ ਦੋਸ਼ ਲਾਇਆ ਕਿ ਜਿਹੜੇ ਪੀੜਤ ਲੋਕ ਉਨ੍ਹਾਂ ਨੂੰ ਮਿਲਣ ਆਏ ਹਨ, ਉਨ੍ਹਾਂ ਵਿੱਚੋਂ ਸਿਰਫ਼ ਦੋ ਨੂੰ ਅੰਦਰ ਆਉਣ ਦਿੱਤਾ ਗਿਆ ਤੇ ਬਾਕੀਆਂ ਨੂੰ ਪ੍ਰਸ਼ਾਸਨ ਨੇ ਗੇਟ ਉੱਤੇ ਰੋਕ ਦਿੱਤਾ। ਪੀੜਤ ਪਰਵਾਰਾਂ ਨੂੰ ਪ੍ਰਿਅੰਕਾ ਗਾਂਧੀ ਨਾਲ ਮਿਲਵਾਉਣ ਲਈ ਚੁਨਾਰ ਕਿਲ੍ਹਾ ਦੇ ਗੈਸਟ ਹਾਊਸ ਦੇ ਬਾਹਰ ਕਾਂਗਰਸੀ ਆਗੂਆਂ ਦੇ ਧਰਨੇ ਦੌਰਾਨ ਗੈਸਟ ਹਾਊਸ ਵਿੱਚ ਪੀੜਤ ਪਰਿਵਾਰ ਨੂੰ ਲਿਆਂਦਾ ਗਿਆ। ਚਾਰ ਔਰਤਾਂ ਦੇ ਨਾਲ ਆਦਮੀ ਵੀ ਹਨ। ਇਨ੍ਹਾਂ ਸਾਰਿਆਂ ਨੇ ਪ੍ਰਿਅੰਕਾ ਗਾਂਧੀ ਨਾਲ ਮੁਲਾਕਾਤ ਕੀਤੀ ਤਾਂ ਪ੍ਰਿਅੰਕਾ ਨੇ ਇਨ੍ਹਾਂ ਤੋਂ ਸੋਨਭਦਰ ਵਾਲੇ ਕਤਲ ਕੇਸ ਦੇ ਬਾਰੇ ਕਾਫ਼ੀ ਕੁਝ ਜਾਣਨਾ ਚਾਹਿਆ। ਚੁਨਾਰ ਗੈਸਟ ਹਾਊਸ ਦੇ ਵਿਹੜੇ ਵਿੱਚ ਪੀੜਤ ਪਰਿਵਾਰ ਦੀਆਂ ਇਨ੍ਹਾਂ ਔਰਤਾਂ ਨੇ ਪ੍ਰਿਅੰਕਾ ਗਾਂਧੀ



ਨੂੰ ਦੇਖਦੇ ਸਾਰ ਭਾਵੁਕ ਹੋ ਕੇ ਰੋਣਾ-ਕੁਰਲਾਉਣਾ ਸ਼ੁਰੂ ਕਰ ਦਿੱਤਾ ਤੇ ਉਨ੍ਹਾਂ ਸਭਨਾਂ ਦਾ ਰੋ-ਰੋ ਕੇ ਬੁਰਾ ਹਾਲ ਹੋ ਰਿਹਾ ਸੀ। ਪ੍ਰਿਅੰਕਾ ਨੇ ਉਨ੍ਹਾਂ ਨੂੰ ਤਸੱਲੀ ਦਿੱਤੀ, ਪਰ ਇਸ ਦੌਰਾਨ ਪ੍ਰਿਅੰਕਾ ਗਾਂਧੀ ਖੁਦ ਵੀ ਭਾਵੁਕ ਹੋ ਗਈ। ਉਨ੍ਹਾਂ ਨੇ ਔਰਤਾਂ ਨਾਲ ਗੱਲਬਾਤ ਕੀਤੀ ਤੇ ਉਨ੍ਹਾਂ ਨੂੰ ਪਾਣੀ-ਪੀਣ ਨੂੰ ਕਿਹਾ।

ਇਸ ਤੋਂ ਬਾਅਦ ਜਦੋਂ ਪਤਾ ਲੱਗਾ ਕਿ ਕੁਝ ਲੋਕਾਂ ਨੂੰ ਪ੍ਰਸ਼ਾਸਨ ਆਉਣ ਨਹੀਂ ਦੇ ਰਿਹਾ ਤਾਂ ਪ੍ਰਿਅੰਕਾ ਜ਼ਬਰਦਸਤੀ ਗੇਟ ਵੱਲ ਵਧੀ, ਤਾਂ ਜੋ ਪੀੜਤਾਂ ਨੂੰ ਮਿਲ ਸਕੇ। ਓਥੇ ਪੁਲਿਸ ਉਨ੍ਹਾਂ ਨੂੰ ਅੱਗੇ ਵੱਧਣ ਤੋਂ ਰੋਕਦੀ ਰਹੀ ਅਤੇ ਇਸ ਵਿਚ ਕੁਝ ਹੱਦ ਤੱਕ ਹਲਕੀ ਧੱਕਾ-ਮੁੱਕੀ ਵੀ ਹੋਈ, ਜਿਸ ਪਿੱਛੋਂ ਪ੍ਰਿਅੰਕਾ ਗਾਂਧੀ ਇਕ ਵਾਰ ਫਿਰ ਧਰਨੇ ਉੱਤੇ ਬੈਠ ਗਈ ਅਤੇ ਕਿਹਾ ਕਿ 24 ਘੰਟੇ ਹੋ ਚੁੱਕੇ ਹਨ, ਮੈਂ ਉਦੋਂ ਤਕ ਇੱਥੋਂ ਨਹੀਂ ਜਾਵਾਂਗੀ, ਜਦੋਂ ਤਕ ਮੈਨੂੰ ਸੋਨਭੱਦਰ ਕਤਲ ਕਾਂਡ ਦੇ ਪੀੜਤ ਲੋਕਾਂ ਨੂੰ ਮਿਲਣ ਨਹੀਂ ਦਿੱਤਾ ਜਾਵੇਗਾ। ਉਸ ਨੇ ਇਕ ਵੀਡੀਓ ਟਵੀਟ ਵੀ ਕੀਤਾ, ਜਿਸ ਵਿਚ ਪੀੜਤਾਂ ਪਰਿਵਾਰਾਂ ਦੇ ਲੋਕ ਰੋਂਦੇ ਨਜ਼ਰ ਆ ਰਹੇ ਸਨ। ਪ੍ਰਿੰਅਕਾ ਗਾਂਧੀ ਨੇ ਇਸ ਦੇ ਨਾਲ ਲਿਖਿਆ ਕਿ ਕੀ ਉਨ੍ਹਾਂ ਦੇ ਹੰਝੂ ਪੂੰਝਣਾ ਅਪਰਾਧ ਹੈ। ਇਸ ਪਿੱਛੋਂ ਸੱਤ ਔਰਤਾਂ ਸਮੇਤ ਕੁੱਲ ਦਸ ਜਣਿਆਂ ਨੂੰ ਪ੍ਰਿਅੰਕਾ ਗਾਂਧੀ ਨਾਲ ਮਿਲਣ ਦਿੱਤਾ ਗਿਆ।

ਦੂਸਰੇ ਪਾਸੇ ਪ੍ਰਿਅੰਕਾ ਗਾਂਧੀ ਦੇ ਸਮਰਥਨ ਵਿੱਚ ਸੋਨਭਦਰ ਕਤਲ ਕੇਸ ਦੇ ਪੀੜਤਾਂ ਨੂੰ ਮਿਲਣ ਤ੍ਰਿਣਮੂਲ ਕਾਂਗਰਸ ਦੇ ਪਾਰਲੀਮੈਂਟ ਮੈਂਬਰ ਡੇਰੇਕ ਓ ਬ੍ਰਾਇਨ ਅਤੇ ਉਨ੍ਹਾਂ ਦੇ ਨਾਲ ਸੁਨੀਲ ਮੰਡਲ, ਅਬੀਰ ਰੰਜਨ ਬਿਸਵਾਸ ਅਤੇ ਉਮਾ ਸਰੇਨ ਵੀ ਵਾਰਾਨਸੀ ਏਅਰਪੋਰਟ ਪਹੁੰਚੇ, ਪਰ ਉਨ੍ਹਾਂ ਨੂੰ ਏਅਰਪੋਰਟ ਉੱਤੇ ਹੀ ਹਿਰਾਸਤ ਵਿੱਚ ਲੈ ਲਿਆ ਗਿਆ। ਇਸ ਤੋਂ ਪਹਿਲਾਂ ਪ੍ਰਿਅੰਕਾ ਗਾਂਧੀ ਸ਼ੁੱਕਰਵਾਰ ਦੀ ਰਾਤ ਧਰਨੇ ਉੱਤੇ ਰਹੀ ਸੀ। ਉੱਤਰ ਪ੍ਰਦੇਸ਼ ਦੇ ਚੁਨਾਰ ਗੈਸਟ ਹਾਊਸ ਵਿੱਚ ਪ੍ਰਿਅੰਕਾ ਗਾਂਧੀ ਜ਼ਮੀਨ ਉੱਤੇ ਬੈਠੀ ਰੋਸ ਪ੍ਰਗਟ ਕਰਦੀ ਰਹੀ। ਉਹ ਸੋਨਭੱਦਰ ਵਿੱਚ ਜ਼ਮੀਨੀ ਝਗੜੇ ਵਿੱਚ ਮਾਰ ਦਿੱਤੇ ਗਏ 10 ਲੋਕਾਂ ਦੇ ਪਰਿਵਾਰ ਨੂੰ ਮਿਲਣ ਦੀ ਜ਼ਿਦ ਕਰਦੀ ਸੀ। ਪੁਲਿਸ ਨੇ ਉਨ੍ਹਾਂ ਨੂੰ ਧਾਰਾ 144 ਦੀ ਉਲੰਘਣਾ ਦੇ ਦੋਸ਼ ਹੇਠ ਗ੍ਰਿਫਤਾਰ ਕਰ ਲਿਆ ਤੇ ਉਸ ਉੱਤੇ ਨੁਕਸੇ-ਅਮਨ ਦੀ ਧਾਰਾ ਹੇਠ ਕੇਸ ਦਰਜ ਕੀਤਾ ਹੈ।

## ਸਮਝੌਤਾ ਬੰਬ ਧਮਾਕਾ ਕੇਸ:

## ਅਸੀਮਾਨੰਦ ਤੇ ਹੋਰ ਦੋਸ਼ੀਆਂ ਨੂੰ ਬਰੀ ਕਰਨ ਵਾਲੇ ਫੈਸਲੇ ਨੂੰ ਹਾਈ ਕੋਰਟ ਵਿੱਚ ਚੁਣੌਤੀ




ਚੰਡੀਗੜ੍ਹ 21 ਜੁਲਾਈ (ਪੋਸਟ ਬਿਊਰੋ)- ਭਾਰਤ-ਪਾਕਿਸਤਾਨ ਵਿਚਾਲੇ ਚੱਲਣ ਵਾਲੀ ਸਮਝੌਤਾ ਐਕਸਪ੍ਰੈਸ ਰੇਲਗੱਡੀ 'ਚ ਸਾਲ 2007 ਵਿੱਚ ਹੋਏ ਬੰਬ ਧਮਾਕੇ ਦੇ ਕੇਸ ਵਿੱਚ ਐੱਨ ਆਈ ਏ (ਨੈਸ਼ਨਲ ਇਨਵੈਸਟੀਗੇਸ਼ਨ ਏਜੰਸੀ) ਦੀ ਪੰਚਕੂਲਾ ਵਿਖੇ ਵਿਸ਼ੇਸ਼ ਅਦਾਲਤ ਵੱਲੋਂ ਸਵਾਮੀ ਅਸੀਮਾਨੰਦ ਤੇ ਹੋਰ ਦੋਸ਼ੀਆਂ ਨੂੰ ਬਰੀ ਕਰਨ ਦੇ ਫੈਸਲੇ ਨੂੰ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿੱਚ ਚੁਣੌਤੀ ਦੇ ਦਿੱਤੀ ਗਈ ਹੈ। ਆਮ ਤੌਰ 'ਤੇ ਸਰਕਾਰੀ ਜਾਂਚ ਏਜੰਸੀ ਦੋਸ਼ੀਆਂ ਦੇ ਬਰੀ ਹੋਣ ਦੇ ਫੈਸਲੇ ਨੂੰ ਚੁਣੌਤੀ ਦਿੰਦੀ ਹੈ, ਪਰ ਸਰਕਾਰ ਵੱਲੋਂ ਅਜੇ ਤੱਕ ਹਾਈ ਕੋਰਟ ਵਿੱਚ ਇਸ ਫੈਸਲੇ ਨੂੰ ਕੋਈ ਚੁਣੌਤੀ ਨਹੀਂ ਦਿੱਤੀ ਗਈ ਸੀ। ਇਸ ਦੇ ਬਾਅਦ ਪਾਕਿਸਤਾਨੀ ਮੂਲ ਦੀ ਹਾਫਿਜ਼ਾਬਾਦ ਦੀ ਵਾਸੀ ਰਹਿਲਾ ਵਕੀਲ ਨਾਂਅ ਦੀ ਇੱਕ ਔਰਤ ਨੇ ਪੰਜਾਬ ਤੇ ਹਰਿਆਣਾ ਹਾਈ ਕੋਰਟ 'ਚ ਅਪੀਲ ਕਰ ਕੇ ਦੋਸ਼ੀਆਂ ਨੂੰ ਸਜ਼ਾ ਦੇਣ ਦੀ ਮੰਗ ਕੀਤੀ ਹੈ।

ਸਮਝੌਤਾ ਗੱਡੀ ਦੇ ਬੰਬ ਧਮਾਕੇ ਦੌਰਾਨ ਮਾਰੇ ਗਏ ਪਾਕਿਸਤਾਨੀ ਮੂਲ ਦੇ 68 ਸਾਲਾ ਮੁਹੰਮਦ ਵਕੀਲ ਦੀ ਬੇਟੀ ਰਹਿਲਾ ਵਕੀਲ ਨੇ ਅਪੀਲ ਦਾਖਲ ਕਰ ਕੇ ਕਿਹਾ ਹੈ ਕਿ ਐੱਨ ਆਈ ਏ ਅਦਾਲਤ ਨੇ ਇਸ ਕੇਸ ਵਿੱਚ ਪਾਕਿਸਤਾਨ ਵਿੱਚ ਬੈਠੇ ਉਨ੍ਹਾਂ ਗਵਾਹਾਂ ਨੂੰ ਸੁਣੇ ਬਗੈਰ ਫੈਸਲਾ ਸੁਣਾਇਆ, ਜਿਹੜੇ ਉਸ ਹਾਦਸੇ ਨਾਲ ਸੰਬੰਧਤ ਹਨ। ਅਪੀਲ ਵਿੱਚ ਕਿਹਾ ਹੈ ਕਿ ਫੈਸਲਾ ਖਾਮੀਆਂ ਨਾਲ ਭਰਿਆ ਹੈ ਤੇ ਹੇਠਲੀ ਅਦਾਲਤ ਨੇ ਜੁਡੀਸ਼ਲ ਸੋਚ ਦੀ ਵਰਤੋਂ ਨਹੀਂ ਕੀਤੀ, ਇਸ ਲਈ ਇਹ ਫੈਸਲਾ ਬਦਲਣਾ ਚਾਹੀਦਾ ਤੇ ਦੋਸ਼ੀਆਂ ਨੂੰ ਸਜ਼ਾ ਦਿੱਤੀ ਜਾਣੀ ਚਾਹੀਦੀ ਹੈ। ਇਹ ਅਪੀਲ ਹਾਈ ਕੋਰਟ ਦੀ ਰਜਿਸਟਰੀ ਵਿੱਚ ਦਾਖਲ ਹੋਈ ਹੈ ਤੇ ਇਤਰਾਜ਼ ਨਾ ਹੋਏ ਤਾਂ ਅਗਲੇ ਹਫਤੇ ਸੁਣਵਾਈ ਲਈ ਬੈਂਚ ਕੋਲ ਆ ਸਕਦੀ ਹੈ।

## ਸਕੂਲ ਪ੍ਰਬੰਧਕਾਂ ਨੇ ਚੌਕੀਦਾਰ ਕੋਲੋਂ ਕਲੀਨਰ ਦੀ ਡਿਊਟੀ ਕਰਾਈ, 3 ਸਾਲਾ ਬੱਚੇ ਦੀ ਮੌਤ




ਜਮਨਾਨਗਰ 21 ਜੁਲਾਈ (ਪੋਸਟ ਬਿਊਰੋ)- ਨਰਸਰੀ ਵਿੱਚ ਪੜ੍ਹਦੇ ਸਾਢੇ ਤਿੰਨ ਸਾਲ ਦੇ ਬੱਚੇ ਨੂੰ ਸਕੂਲ ਬਸ ਨੇ ਕੁਚਲ ਦਿੱਤਾ। ਪੁਲਸ ਮੁਤਾ-ਬਕ ਬਸ ਦਾ ਕਲੀਨਰ ਦੇ ਛੁੱਟੀ 'ਤੇ ਹੋਣ ਕਾਰਨ ਕੱਲ੍ਹ ਸਕੂਲ ਪ੍ਰਬੰਧਕਾਂ ਨੇ ਚੌਕੀਦਾਰ ਨੂੰ ਇਸ ਡਿਊਟੀ ਲਈ ਭੇਜ ਦਿੱਤਾ ਸੀ। ਇਸ ਸੰਬੰਧ ਵਿੱਚ ਪੁਲਸ ਨੇ ਚੌਕੀਦਾਰ ਅਤੇ ਪ੍ਰਬੰਧਕਾਂ ਦੋਵਾਂ 'ਤੇ ਲਾਪਰਵਾਹੀ ਦਾ ਕੇਸ ਦਰਜ ਕਰ ਕੇ ਚੌਕੀਦਾਰ ਸੁਖਚੈਨ ਸਿੰਘ ਨੂੰ ਗ੍ਰਿਫਤਾਰ ਕੀਤਾ ਹੈ।

ਜਮਨਾਨਗਰ ਦੇ ਪਿੰਡ ਗੁੰਦਿਆਣਾ ਦੇ ਕਿਸਾਨ ਦੀਦਾਰ ਨੇ ਆਪਣੇ ਇਕਲੌਤੇ ਬੇਟੇ ਵੀਰੇਨ ਨੂੰ ਉਚਾ ਚਾਂਦਨਾ ਟੈਗੋਰ ਬਾਲ ਨਿਕੇਤਨ ਪਬਲਿਕ ਸਕੂਲ ਵਿੱਚ ਨਰਸਰੀ ਵਿੱਚ ਕੁਝ ਮਹੀਨੇ ਪਹਿਲਾਂ ਦਾਖਲ ਕਰਾਇਆ ਸੀ। ਉਹ ਕੱਲ੍ਹ ਪਿੰਡ ਵਿੱਚ ਦੂਸਰੇ ਬੱਚਿਆਂ ਨਾਲ ਬਸ ਉਡੀਕ ਰਿਹਾ ਸੀ। ਬਸ ਆਈ ਤਾਂ ਕਲੀਨਰ ਨੇ ਬੱਚਿਆਂ ਨੂੰ ਬਸ ਉਤੇ ਚੜ੍ਹਨ ਨੂੰ ਕਿਹਾ। ਬਾਕੀ ਬੱਚੇ ਚੜ੍ਹ ਗਏ, ਪਰ ਵੀਰੇਨ ਬਸ ਦੇ ਅਗਲੇ ਪਾਸੇ ਆ ਗਿਆ। ਅਗਲੀ ਖਿੜਕੀ ਵਿੱਚ ਖੜ੍ਹੇ ਕਲੀਨਰ ਨੇ ਡਰਾਈਵਰ ਨੂੰ ਬਸ ਚਲਾਉਣ ਦਾ ਇਸ਼ਾਰਾ ਕੀਤਾ। ਬਸ ਚੱਲ ਪਈ ਤਾਂ ਵੀਰੇਨ ਕੁਝ ਦੂਰੀ ਤੱਕ ਅੱਗੇ ਭੱਜਿਆ, ਪਰ ਪਹੀਆ ਉਸ ਦੇ ਸਿਰ ਤੇ ਚਿਹਰੇ ਉੱਤੋਂ ਲੰਘ ਗਿਆ। ਉਥੇ ਮੌਜੂਦ ਲੋਕਾਂ ਨੇ ਰੌਲਾ ਪਾਇਆ ਤਾਂ ਡਰਾਈਵਰ ਨੇ ਬਸ ਰੋਕੀ। ਇਸ ਪਿੱਛੋਂ ਪਰਵਾਰ ਵਾਲੇ ਲਹੂ ਲੁਹਾਨ ਹਾਲਤ ਵਿੱਚ ਬੱਚੇ ਨੂੰ ਡਾਕਟਰ ਮਾਨਵ ਕੁਮਾਰ ਦੇ ਕਲੀਨਿਕ ਵਿੱਚ ਲੈ ਕੇ ਗਏ। ਮਾਨਵ ਕੁਮਾਰ ਹੀ ਉਸ ਸਕੂਲ ਦਾ ਮਾਲਕ ਹੈ, ਜਿੱਥੇ ਵੀਰੇਨ ਪੜ੍ਹਦਾ ਸੀ। ਉਥੋਂ ਬੱਚੇ ਨੂੰ ਜਮਨਾਨ-ਗਰ ਸਿਵਲ ਹਸਪਤਾਲ ਭੇਜਿਆ ਗਿਆ। ਟਰਾਮਾ ਸੈਂਟਰ ਵਿੱਚ ਬੱਚੇ ਨੂੰ ਮ੍ਰਿਤਕ ਕਰਾਰ ਦੇ ਦਿੱਤਾ ਗਿਆ।

## ਹਿਮਾਚਲ ਪ੍ਰਦੇਸ਼ ਵਿੱਚ ਮ੍ਰਿਤਕ ਵਿਦਿਆਰਥੀਆਂ ਦੇ ਨਾਂਅ ਉੱਤੇ ਵੀ ਸਕਾਲਰਸ਼ਿਪ ਚੱਲਦੀ ਫੜ੍ਹੀ

ਊਨਾ 21 ਜੁਲਾਈ (ਪੋਸਟ ਬਿਊਰੋ)- ਹਿਮਾਚਲ ਪ੍ਰਦੇਸ਼ ਦੇ ਕਰੋੜਾਂ ਰੁਪਏ ਦੇ ਸਕਲਾਰਸ਼ਿਪ ਘੋਟਾਲੇ ਵਿੱਚ ਸੀ ਬੀ ਆਈ ਜਾਂਚ ਵਿੱਚ ਕਈ ਭੇਦ ਖੁੱਲ੍ਹੇ ਹਨ। ਕਈ ਸੰਸਥਾਵਾਂ ਉਨ੍ਹਾਂ ਵਿਦਿਆਰਥੀਆਂ ਦੇ ਨਾਂਅ 'ਤੇ ਸਰਕਾਰ ਤੋਂ ਪੈਸੇ ਲੈਂਦੀਆਂ ਹਨ, ਜਿਨ੍ਹਾਂ ਦੀ ਮੌਤ ਹੋ ਚੁੱਕੀ ਹੈ। ਅਜਿਹੇ ਵਿਦਿਆਰਥੀਆਂ ਦੇ ਮਾਪਿਆਂ ਨੂੰ ਇਸ ਦੀ ਭਣਕ ਤੱਕ ਨਹੀਂ ਸੀ ਲੱਗਣ ਦਿੱਤੀ। ਮੌਤ ਦੇ ਬਾਵਜੂਦ ਇਹ ਵਿਦਿਆਰਥੀ ਵਿ-ਦਅਕ ਸੰਸਥਾਵਾਂ ਦੇ ਰਿਕਾਰਡ ਵਿੱਚ ਜਿਊਂਦੇ ਲਿਖੇ ਹਨ।

ਸੀ ਬੀ ਆਈ ਦੀ ਸ਼ੁਰੂ ਦੀ ਜਾਂਚ ਵਿੱਚ ਕਈ ਖੁਲਾਸੇ ਹੋਏ ਹਨ। ਜਾਂਚ ਦੇ ਸੈਂਪਲ ਸਰਵੇ ਵਿੱਚ ਸੀ ਬੀ ਆਈ ਨੂੰ ਦੋ ਵਿਦਿਆਰਥੀਆਂ ਦਾ ਪਤਾ ਲੱਗਾ ਹੈ, ਜਿਨ੍ਹਾਂ ਦੀ ਕੁਝ ਸਾਲ ਪਹਿਲਾਂ ਮੌਤ ਹੋ ਚੁੱਕੀ ਹੈ, ਪਰ ਮੌਤ ਦੇ ਬਾਅਦ ਵੀ ਸਿਖਿਆ ਵਿਭਾਗ ਦੇ ਰਾਹੀਂ ਉਨ੍ਹਾਂ ਦੇ ਹਿੱਸੇ ਦੀ ਸਕਾਲਰਸ਼ਿਪ ਜਾਰੀ ਰਹੀ ਅਤੇ ਬੈਂਕ ਵੀ ਉਨ੍ਹਾਂ ਦੇ ਨਾਂਅ ਤੋਂ ਚੈੱਕ ਦੀ ਟ੍ਰਾਂਜੈਕਸ਼ਨ ਹੁੰਦੀ ਰਹੀ ਹੈ। ਏ ਟੀ ਐੱਮ ਕਾਰਡ ਦੇ ਇਲਾਵਾ ਚੈਕਬੁਕ ਅਤੇ ਪਾਸਬੁਕ ਲਗਾਤਾਰ ਅਪਡੇਟ ਕਰਾਈ ਜਾਂਦੀ ਸੀ। ਬੈਂਕ ਮੈਨੇਜਮੈਂਟ ਨਾਲ ਵੀ ਮਿਲੀਭੁਗਤ ਦੇ ਸਬੂਤ ਸੀ ਬੀ ਆਈ ਨੂੰ ਮਿਲੇ ਹਨ। ਸੀ ਬੀ ਆਈ ਦੇ ਹੱਥ ਜਿੰਨੇ ਸਬੂਤ ਲੱਗੇ ਹਨ, ਉਸ ਤੋਂ ਸਾਬਤ ਹੋ ਗਿਆ ਕਿ ਵਿਦਿਆਰਥੀਆਂ ਦੇ ਨਾਂਅ 'ਤੇ ਸਰਕਾਰ ਨਾਲ ਧੋਖਾ ਕੀਤਾ ਕਰ ਕੇ ਵੱਡਾ ਘੋਟਾਲਾ ਹੋ ਗਿਆ ਹੈ। ਇੱਕੋ ਸੰਸਥਾ ਦੇ ਜੇ ਚਾਲੀ ਤੋਂ ਵੱਧ ਵਿਦਿਆਰਥੀਆਂ ਦੀ ਜਾਤੀ ਬਦਲੀ ਗਈ ਅਤੇ ਉਨ੍ਹਾਂ ਵਿੱਚੋਂ ਕੁਝ ਕਾਲਜ ਵਿੱਚ ਵੀ ਨਹੀਂ ਪਹੁੰਚੇ ਤਾਂ ਜੋ ਹੋਰਨਾਂ ਜਾਤੀਆਂ ਦੇ ਸੈਂਕੜੇ ਵਿਦਿਆਰਥੀਆਂ ਨੂੰ ਸਕਾਲਰਸ਼ਿਪ ਜਾਰੀ ਹੋਈ ਹੈ, ਉਨ੍ਹਾਂ ਵਿੱਚ ਵੀ ਕਈ ਵਿਦਿਆਰਥੀਆਂ ਦੇ ਮੌਜੂਦ ਸਟੇਟਸ ਦਾ ਸੰਸਥਾ ਨੂੰ ਪਤਾ ਹੀ ਨਹੀਂ ਹੈ।

## ਮਨੁੱਖੀ ਹੱਕਾਂ ਦੀ ਰਾਖੀ ਬਾਰੇ ਸੋਧ ਬਿੱਲ ਲੋਕ ਸਭਾ ਵਿੱਚ ਪਾਸ

ਨਵੀਂ ਦਿੱਲੀ, 21 ਜੁਲਾਈ (ਪੋਸਟ ਬਿਊਰੋ)- ਵਿਰੋਧੀ ਧਿਰਾਂ ਦੇ ਸਖਤ ਇਤਰਾਜ਼ ਤੇ ਹੰਗਾਮਿਆਂ ਦੇ ਬਾਵਜੂਦ ਲੋਕ ਸਭਾ 'ਚ ਮਨੁੱਖੀ ਹੱਕਾਂ ਦੀ ਰਾਖੀ ਬਾਰੇ ਸੋਧ ਬਿੱਲ ਪਾਸ ਹੋ ਗਿਆ। ਇਸ ਤੋਂ ਬਾਅਦ ਕੇਂਦਰ ਕੋਲ ਰਾਜਾਂ ਅਤੇ ਕੇਂਦਰੀ ਸੂਚਨਾ ਕਮਿਸ਼ਨਰਾਂ ਦੀਆਂ ਤਨਖਾਹਾਂ ਅਤੇ ਕਾਰਜਕਾਲ ਦੀ ਮਿਆਦ ਮਿਥਣ ਦਾ ਅਧਿਕਾਰ ਹੋਵ-ੇਗਾ।

ਪਾਸ ਕੀਤੇ ਗਏ ਤਾਜ਼ਾ ਬਿੱਲ ਦੇ ਮੁਤਾਬਕ ਸੂਚਨਾ ਕਮਿਸ਼ਨਰਾਂ ਦੇ ਕਾਰਜਕਾਲ ਦੀ ਮਿਆਦ ਪੰਜ ਸਾਲ ਤੋਂ ਘਟਾ ਕੇ ਤਿੰਨ ਸਾਲ ਕਰ ਦਿੱਤੀ ਗਈ ਹੈ। ਇਸ ਤੋਂ ਬਿਨਾ ਮੌਜੂਦਾ ਅਮਲ 'ਚ ਸੂਚਨਾ ਕਮਿਸ਼ਨਰ ਨੂੰ ਚੋਣ ਕਮਿਸ਼ਨਰ ਦੇ ਬਰਾਬਰ ਦੇ ਅਧਿਕਾਰ ਦਿੱਤੇ ਗਏ ਹਨ। ਕੇਂਦਰ ਨੇ ਇਸ ਵਿੱਚ ਇਹ ਕਹਿ ਕੇ ਸੋਧ ਕਰ ਦਿੱਤੀ ਹੈ ਕਿ ਜਿਥੇ ਚੋਣ ਕਮਿਸ਼ਨ ਇਕ ਸੰਵਿਧਾਨਕ ਸੰਸਥਾ ਹੈ, ਉਥੇ ਸੂਚਨਾ ਕਮਿਸ਼ਨ ਇਕ ਕਾਨੂੰਨੀ ਸੰਸਥਾ ਹੈ, ਇਸ ਲਈ ਦੋਵਾਂ (ਚੋਣ ਕਮਿਸ਼ਨ ਅਤੇ ਸੂਚਨਾ ਕਮਿਸ਼ਨ) ਦੀ ਤੁਲਨਾ ਨਹੀਂ ਕੀਤੀ ਜਾ ਸਕਦੀ। ਕਾਂਗਰਸ ਆਗੂ ਅਧੀਰ ਰੰਜਨ ਨੇ ਬਿੱਲ ਦਾ ਵਿਰੋਧ ਕਰਦਿਆਂ ਕਿਹਾ ਕਿ ਨਿਯਮਾਂ ਮੁਤਾਬਕ ਸਦਨ 'ਚ ਬਿੱਲ ਪੇਸ਼ ਹੋਣ ਤੋਂ ਦੋ ਦਿਨ ਪਹਿਲਾਂ ਪਾਰਲੀਮੈਂਟ ਮੈਂਬਰਾਂ ਨੂੰ ਮਿਲਣਾ ਚਾਹੀਦਾ ਹੈ, ਪਰ ਏਦਾਂ ਨਾ ਹੋਣ ਕਾਰਨ ਬਿੱਲ ਅੱਜ ਪੇਸ਼ ਨਹੀਂ ਕੀਤਾ ਜਾਣਾ ਚਾਹੀਦਾ। ਗ੍ਰਹਿ ਰਾਜ ਮੰਤਰੀ ਨਿਤਯਾਨੰਦ ਰਾਏ ਨੇ ਵਿਰੋਧੀ ਧਿਰਾਂ ਦੇ ਦੋਸ਼ ਰੱਦ ਕਰਦਿਆਂ ਕਿਹਾ ਕਿ ਮੋਦੀ ਸਰਕਾਰ ਦੀਆਂ ਨੀਤੀਆਂ ਮਨੁੱਖੀ ਹੱਕਾਂ ਦੀ ਰਾਖੀ ਲਈ ਹਨ।

## ਪਤਨੀ ਨੂੰ ਧੋਖਾ ਦੇ ਕੇ ਲੰਡਨ ਵਿੱਚ ਦੂਸਰਾ ਵਿਆਹ ਕਰਾਉਣ ਵਾਲੇ ਦੀ ਜ਼ਮੀਨ ਨਿਲਾਮ




ਭਿਵਾਨੀ, 21 ਜੁਲਾਈ (ਪੋਸਟ ਬਿਊਰੋ)- ਪਹਿਲੀ ਪਤਨੀ ਨੂੰ ਧੋਖਾ ਦੇ ਕੇ ਲੰਡਨ ਵਿੱਚ ਦੂਸਰਾ ਵਿਆਹ ਕਰਾਉਣ ਵਾਲੇ ਐਨ ਆਰ ਆਈ ਪਤੀ ਦੀ ਪਿੰਡ ਰੂਪਗੜ੍ਹ ਵਿਚਲੀ ਨੌਂ ਕਨਾਲ ਇਕ ਮਰਲਾ ਜ਼ਮੀਨ ਦੀ ਜ਼ਿਲਾ ਪ੍ਰਸ਼ਾਸਨ ਨੇ ਨਿਲਾਮੀ ਕਰ ਦਿੱਤੀ ਹੈ। ਇਹ ਕਾਰਵਾਈ ਮੁੰਬਈ ਕੋਰਟ ਦੇ ਹੁਕਮ 'ਤੇ ਕੀਤੀ ਗਈ ਹੈ। ਤਿੰਨ ਵਿਅਕਤੀਆਂ ਨੇ ਨਿਲਾਮੀ ਵਿੱਚ ਦਸ ਲੱਖ 20 ਹਜ਼ਾਰ 500 ਰੁਪਏ ਵਿੱਚ ਜ਼ਮੀਨ ਖਰੀਦੀ ਹੈ, ਜਿਸ ਦੀ 25 ਫੀਸਦੀ ਰਕਮ ਖਰੀਦਦਾਰਾਂ ਨੇ ਮੌਕੇ 'ਤੇ ਦੇ ਦਿੱਤੀ ਹੈ, ਬਾਕੀ 75 ਪ੍ਰਤੀਸ਼ਤ ਰਕਮ ਕਮਿਸ਼ਨਰ ਰੋਹਤਕ ਰੇਂਜ ਦੇ ਹੁਕਮ ਦੇ ਬਾਅਦ ਜਮ੍ਹਾ ਹੋਵੇਗੀ।

ਪਿੰਡ ਦਿਨੋਦ ਦੀ ਨੀਰਜ ਰਾਣੀ ਯਾਦਵ ਨੇ ਦੱਸਿਆ ਕਿ ਉਸ ਦਾ ਵਿਆਹ 22 ਨਵੰਬਰ 2011 ਨੂੰ ਰੂਪਗੜ੍ਹ ਦੇ ਪੰਕਜ ਯਾਦਵ ਨਾਲ ਹੋਇਆ ਸੀ। ਵਿਆਹ ਦੇ ਇਕ ਮਹੀਨੇ ਬਾਅਦ ਪੰਕਜ ਲੰਡਨ ਵਿੱਚ ਰਹਿਣ ਲੱਗਾ। ਉਸ ਨੇ ਫਰਵਰੀ 2012 ਵਿੱਚ ਲੰਡਨ ਵਿੱਚ ਦੂਸਰਾ ਵਿਆਹ ਕਰਵਾ ਲਿਆ। ਇਸ ਦੇ ਬਾਅਦ ਨੀਰਜ ਰਾਣੀ ਆਪਣੇ ਮਾਤਾ ਪਿਤਾ ਦੇ ਕੋਲ ਮੁੰਬਈ ਰਹਿਣ ਲੱਗੀ ਤੇ ਪਤੀ ਦੇ ਲੰਡਨ ਤੋਂ ਆਉਣ ਦੀ ਉਡੀਕ ਕਰਦੀ ਰਹੀ, ਪਰ ਉਹ ਇਕ ਵਾਰ ਵੀ ਨਹੀਂ ਆਇਆ। ਕਾਫੀ ਇੰਤਜ਼ਾਰ ਪਿੱਛੋਂ ਨੀਰਜ ਨੇ ਪਤੀ ਦੇ ਖਿਲਾਫ ਮੁੰਬਈ ਕੋਰਟ ਵਿੱਚ ਘਰੇਲੂ ਹਿੰਸਾ ਦਾ ਕੇਸ ਦਾਇਰ ਕੀਤਾ ਸੀ। ਇਸ ਦੇ ਬਾਅਦ ਕੋਰਟ ਨੇ ਔਰਤ ਦੇ ਐਨ ਆਰ ਆਈ ਪਤੀ ਪੰਕਜ ਨੂੰ ਘਰ ਦੇ ਖਰਚ ਲਈ ਪਤਨੀ ਨੂੰ ਹਰ ਮਹੀਨੇ 20 ਹਜ਼ਾਰ ਰੁਪਏ ਦੇਣ ਦੇ ਹੁਕਮ ਦਿੱਤੇ, ਪਰ ਪੰਕਜ ਨੇ ਪਤਨੀ ਨੂੰ ਕੋਰਟ ਦੇ ਹੁਕਮ ਦੇ ਬਾਵਜੂਦ ਪ੍ਰਤੀ ਮਹੀਨੇ ਦੀ ਖਰਚ ਰਾਸ਼ੀ ਨਹੀਂ ਦਿੱਤੀ ਅਤੇ ਨਾ ਉਹ ਕਦੇ ਕੋਰਟ ਵਿੱਚ ਖੁਦ ਪੇਸ਼ ਹੋਇਆ। ਕੋਰਟ ਨੇ ਉਸ ਨੂੰ ਲਗਭਗ ਸਾਢੇ ਚਾਰ ਸਾਲ ਦਾ ਕੁੱਲ ਖਰਚ 10.20 ਲੱਖ ਰੁਪਏ ਦੇਣ ਦੇ ਹੁਕਮ ਦਿੱਤੇ, ਪਰ ਉਸ ਨੇ ਪਤਨੀ ਨੂੰ ਹਰਜਾਨਾ ਰਾਸ਼ੀ ਨਹੀਂ ਦਿੱਤੀ। ਇਸ 'ਤੇ ਨੋਟਿਸ ਲੈਂਦੇ ਹੋਏ ਮੁੰਬਈ ਕੋਰਟ ਨੇ ਭਿਵਾਨੀ ਜ਼ਿਲਾ ਪ੍ਰਸ਼ਾਸਨ ਨੂੰ ਐਨ ਆਰ ਆਈ ਪਤੀ ਦੀ ਰੂਪਗੜ੍ਹ ਦੀ 14 ਕਨਾਲ 6 ਮਰਲੇ ਜ਼ਮੀਨ ਦੀ ਨਿਲਾਮੀ ਕਰਕੇ ਖਰਚ ਦਾ ਭੁਗਤਾਨ ਦੇ ਹੁਕਮ ਦਿੱਤੇ। 23 ਅਪ੍ਰੈਲ ਨੂੰ ਜ਼ਮੀਨ ਦੀ ਨਿਲਾਮੀ ਕਰਨ ਦੀ ਤਰੀਕ ਮਿਥੀ ਸੀ, ਪਰ ਪ੍ਰਸ਼ਾਸਨ ਇਸ ਦਿਨ ਜ਼ਮੀਨ ਨੀਲਾਮ ਨਹੀਂ ਕਰ ਸਕਿਆ ਸੀ। ਕੱਲ੍ਹ ਕੋਰਟ ਦੇ ਹੁਕਮ 'ਤੇ ਨਾਇਬ ਤਹਿਸੀਲਦਾਰ ਅਜੇ ਕੁਮਾਰ ਦੀ ਟੀਮ ਜ਼ਮੀਨ ਨੀਲਾਮ ਕਰਨ ਲਈ ਪਿੰਡ ਰੂਪਗੜ੍ਹ ਪਹੁੰਚੀ ਤੇ ਪ੍ਰਕਿਰਿਆ ਸ਼ੁਰੂ ਕਤੀ।

NEED A LAWYER ??

KAUR LAW OFFICE

Red Seal NOTARY



MANJEET KAUR
LL.B., (London UK)
Barrister, Solicitor & Notary Public

REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

IMMIGRATION
Skilled Worker Category
Spousal & Family Sponsorship
- Student Permits Visa & Renewals
- PR Renewal/ Citizenship Application

FAMILY LAWYER
- Child & Spousal support
- Custody & Access
- Divorce
- Equalization

BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits

WILLS & ESTATE
- Wills
- Certificate of Estate Trustee with/without Will
- Power of attorney for Property & Personal Care


Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

Tri-City Professional Realty Inc., Brokerage
Number 1 Tri-City agent in Canada on basis of sales volume 2015

ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ

- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection

ਅਵਤਾਰ ਸਿੰਘ ਟਿਵਾਣਾ
ਫੋਨ: 416 802 5866
Tel: 905.793.5777



31 Melanie Dr. Unit #4 Brampton, ON L6T 5H8

Avtar Singh Tiwana
Sales Rep.




$1,279,900
Mcvean / Castlemore
3550 ਸੁਕੇਅਰ ਫੁੱਟ ਵਿੱਚ ਬਣਿਆ ਬਹੁਤ ਹੀ ਸੋਹਣਾ 4+1 ਬੈਡਰੂਮ + 5 ਵਾਸ਼ਰੂਮ ਦਾ ਡੀਟੈਚਡ, ਡਬਲ ਸਟੋਰੀ ਘਰ,9 ਫੁਟ ਸਿਲਿੰਗ,ਕਸਟਮ ਕਿਚਨ ਕੁਆਰਟਜ਼ ਕਾਊਨਟਰ ਟਾਪ ਗੈਸ ਸਟੋਵ ਅਤੇ ਬਿਲਟ ਇਨ ਓਵਨ, ਸਾਰੇ ਘਰ ਵਿੱਚ ਹਾਰਡਵੁਡ ਫਲੋਰ, ਤਾਜ਼ਾ ਅਤੇ ਪ੍ਰੋਫੈਸ਼ਨਲਜ਼ ਵਲੋਂ ਪੈਂਟ ਕੀਤਾ ਹੈ। ਮੈਨ ਫਲੋਰ ਲਾਂਡਰੀ, ਫਰੰਟ ਲਾਨ ਤੇ' ਨਵਾਂ ਘਾਹ । ਫੁੱਲੀ ਫਿਨੀਸ਼ਡ ਬੇਸਮੈਂਟ ਹੈ।

FOR SALE
Tri-City Professional Realty Inc., Brokerage
$129,900
Darcel/Brandon Gate
ਬਹੁਤ ਹੀ ਵਧੀਆ ਲੋਕੇਸ਼ਨ ਤੇ, ਵੈਸਟ ਵੁਡ ਮਾਲ ਵਿੱਚ ਕਾਂਡੋ ਯੂਨਿਟ ਸੇਲ ਲਈ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ ਤੇ ਰੈਂਟ ਬਚਾਓ।




$3,249,000
Niagara Falls Ontario
ਕਾਰੋਬਾਰ ਲਈ ਬਹੁਤ ਹੀ ਵਧੀਆ ਲੋਕੇਸ਼ਨ ਤੇ, ਬੀਜ਼ੀ ਪਲਾਜ਼ਾਂ ਅਤੇ ਹਾਈ ਟਰੈਫਕ ਫਲੋਂ, ਰੈਨੋਵੇਟਡ ਮੋਟਲ। ਨਾਈਗਰਾ ਫਾਲ ਦੇ ਨੇੜੇ, 49 ਰੂਮ ਤੇ ਹਰ ਰੂਮ ਵਿਚ ਟੀਵੀ, ਇੰਟਰਨੈਟ, ਫਰੀਜ਼, ਮਾਈਕਰੋਵੇਵ ਅਤੇ ਵਾਸ਼ਰੂਮ ਆਦਿ ਸਹੂਲਤਾਂ।

# ਈਰਾਨ ਵੱਲੋਂ ਬ੍ਰਿਟੇਨ ਦੇ ਦੋ ਟੈਂਕਰਾਂ ਉੱਤੇ ਕਬਜ਼ਾ, 23 ਕਰੂ ਮੈਂਬਰਾਂ ਵਿੱਚ 18 ਭਾਰਤੀ ਸ਼ਾਮਲ




ਵਾਸ਼ਿੰਗਟਨ, 21 ਜੁਲਾਈ, (ਪੋਸਟ ਬਿਊਰੋ)- ਬ੍ਰਿਟੇਨ ਨੇ ਇਕ ਬਿਆਨ ਜਾਰੀ ਕਰ ਕੇ ਇਸ ਗੱਲ ਦੀ ਪੁਸ਼ਟੀ ਕੀਤੀ ਹੈ ਕਿ ਇਰਾਨ ਨੇ ਉਸ ਦੇ ਦੋ ਤੇਲ ਟੈਂਕਰਾਂ ਨੂੰ ਅੱਜ ਸ਼ੁੱਕਰਵਾਰ ਅਪਣੇ ਕਬਜ਼ੇ ਵਿਚ ਲੈ ਲਿਆ ਹੈ। ਇਸ ਦੇ ਨਾਲ ਹੀ ਬ੍ਰਿਟੇਨ ਸਰਕਾਰ ਨੇ ਈਰਾਨ ਨੂੰ ਇਹ ਤੇਲ ਟੈਂਕਰ ਨਾ ਛੱਡਣ ਉੱਤੇ ਨਤੀਜੇ ਭੁਗਤਣ ਦੀ ਚਿਤਾਵਨੀ ਦਿੱਤੀ ਹੈ। ਇਸ ਤੋਂ ਪਹਿਲਾਂ ਈਰਾਨ ਦੇ ਰੈਵੋਲਿਊਸ਼ਨਰੀ ਗਾਰਡਜ਼ ਨੇ ਕਿਹਾ ਸੀ ਕਿ ਉਨ੍ਹਾਂ ਨੇ ਤੇਲ ਦੇ ਦੋ ਅਜਿਹੇ ਟੈਂਕਰ ਅਪਣੇ ਕਬਜ਼ੇ ਵਿਚ ਲਏ ਹਨ, ਜਿਨ੍ਹਾਂ ਉੱਤੇ ਬ੍ਰਿਟੇਨ ਸਰਕਾਰ ਦਾ ਝੰਡਾ ਲੱਗਾ ਹੋਇਆ ਸੀ।

ਵਰਨਣ ਯੋਗ ਹੈ ਕਿ ਇਰਾਨ ਸਰਕਾਰ ਦੇ ਰੈਵੋਲਿਊਸ਼ਨਰੀ ਗਾਰਡਜ਼ ਦੀ ਕਾਰਵਾਈ ਬ੍ਰਿਟੇਨ ਦੀ ਉਸ ਕਾਰਵਾਈ ਤੋਂ ਦੋ ਹਫ਼ਤੇ ਬਾਅਦ ਕੀਤੀ ਗਈ ਹੈ, ਜਦੋਂ ਬ੍ਰਿਟੇਨ ਨੇ ਈਰਾਨ ਦਾ ਟੈਂਕਰ ਕਬਜ਼ੇ ਵਿਚ ਲਿਆ ਸੀ। ਈਰਾਨ ਦੀ ਨਿਊਜ਼ ਏਜੰਸੀ ਦੀ ਖਬਰ ਅਨੁਸਾਰ ਬ੍ਰਿਟੇਨ ਵੱਲੋਂ ਚਲਾਇਆ ਜਾਂਦਾ ਇੱਕ ਹੋਰ ਟੈਂਕਰ ਕਬਜ਼ੇ ਵਿਚ ਨਹੀਂ ਲਿਆ ਗਿਆ ਤੇ ਇਸ ਨੂੰ ਚਿਤਾਵਨੀ ਦੇ ਕੇ ਜਾਣ ਦਿੱਤਾ ਗਿਆ। ਮਿਲੀ ਜਾਣਕਾਰੀ ਅਨੁਸਾਰ ਕਬਜ਼ੇ ਵਿਚ ਲਏ ਗਏ ਜਹਾਜ਼ ਦੇ 23 ਕਰੂਅ ਮੈਂਬਰ ਹਨ, ਜਿਨ੍ਹਾਂ ਵਿਚ 18 ਭਾਰਤੀ ਨਾਗਰਿਕ ਜਾਂ ਭਾਰਤੀ ਮੂਲ ਦੇ ਲੋਕ ਹਨ। ਅਧਿਕਾਰੀਆਂ ਮੁਤਾਬਕ ਉਹ ਲਗਾਤਾਰ ਈਰਾਨ ਸਰਕਾਰ ਦੇ ਸੰਪਰਕ ਵਿਚ ਹਨ ਤਾਂ ਜੋ ਭਾਰਤੀ ਕਰੂ ਮੈਂਬਰਾਂ ਨੂੰ ਛਡਾਇਆ ਜਾ ਸਕੇ।

# ਪਾਕਿ ਵਿੱਚ ਹਸਪਤਾਲ ਨੇੜੇ ਆਤਮਘਾਤੀ ਧਮਾਕੇ ਕਾਰਨ 7 ਮੌਤਾਂ, ਕਈ ਜ਼ਖਮੀ




ਇਸਲਾਮਾਬਾਦ 21 ਜੁਲਾਈ (ਪੋਸਟ ਬਿਊਰੋ)- ਪਾਕਿਸਤਾਨ ਵਿਚ ਐਤਵਾਰ ਨੂੰ ਡੇਰਾ ਇਜ਼ਮਾਈਲ ਖਾਨ ਜ਼ਿਲੇ ਦੇ ਇਕ ਹਸਪਤਾਲ ਨੇੜੇ ਆਤਮਘਾਤੀ ਧਮਾਕਾ ਕੀਤਾ ਗਿਆ, ਜਿਸ ਵਿੱਚ 7 ਲੋਕਾਂ ਦੀ ਮੌਤ ਹੋ ਗਈ।

ਮਿਲੀ ਜਾਣਕਾਰੀ ਮੁਤਾਬਕ ਆਤਮਘਾਤੀ ਹਮਲਾਵਰ ਨੇ ਹਸਪਤਾਲ ਦੇ ਟ੍ਰਾਮਾ ਸੈਂਟਰ ਨੇੜੇ ਆਪਣੇ ਆਪ ਨੂੰ ਉਡਾ ਲਿਆ ਤਾਂ ਇਸ ਧਮਾਕੇ ਵਿਚ 7 ਲੋਕਾਂ ਦੀ ਮੌਤ ਹੋ ਗਈ ਅਤੇ 40 ਹੋਰ ਲੋਕਾਂ ਦੇ ਗੰਭੀਰ ਜ਼ਖਮੀ ਹੋਣ ਦਾ ਪਤਾ ਲੱਗਾ ਹੈ। ਇਸ ਆਤਮਘਾਤੀ ਧਮਾਕੇ ਵਿਚ 7 ਤੋਂ 8 ਕਿਲੋ ਵਿਸਫੋਟਕ ਦੀ ਵਰਤੋਂ ਕੀਤੀ ਗਈ ਸੀ। ਡੀ ਆਈ ਜੀ ਇਫਤੇਖਾਰ ਸ਼ਾਹ ਨੇ ਦੱਸਿਆ ਕਿ ਇਹ ਆਤਮਘਾਤੀ ਹਮਲਾ ਸੀ। ਹਮਲਾਵਰ ਇਕ ਮਹਿਲਾ ਸੀ। ਪੁਲਸ ਨੇ ਇਲਾਕੇ ਨੂੰ ਆਪਣੇ ਕਬਜ਼ੇ ਵਿਚ ਲੈ ਲਿਆ ਹੈ ਅਤੇ ਇਸ ਘਟਨਾ ਦੀ ਜਾਂਚ ਜਾਰੀ ਹੈ। ਸਥਾਨਕ ਪੁਲਸ ਦੇ ਮੁਤਾਬਕ ਆਤਮਘਾਤੀ ਹਮਲਾਵਰ ਨੇ ਮਰੀਜ਼ਾਂ ਤੇ ਹਸਪਤਾਲ ਦੇ ਮੁਲਾਜ਼ਮਾਂ ਤੇ ਉਨ੍ਹਾਂ ਲੋਕਾਂ ਉੱਤੇ ਹਮਲਾ ਕੀਤਾ, ਜੋ ਹਸਪਤਾਲ ਦੇ ਟ੍ਰਾਮਾ ਸੈਂਟਰ ਨੂੰ ਜਾ ਰਹੇ ਸਨ। ਮੌਕੇ ਉੱਤੇ ਪਹੁੰਚੀ ਬਚਾਅ ਟੀਮ ਨੇ ਜ਼ਖਮੀਆਂ ਨੂੰ ਹਸਪਤਾਲ ਵਿਚ ਭਰਤੀ ਕਰਵਾਇਆ ਹੈ। ਜ਼ਿਲਾ ਪੁਲਸ ਮੁਖੀ ਸਲੀਮ ਰਿਆਜ਼ ਨੇ ਦੱਸਿਆ ਕਿ ਆਤਮਘਾਤੀ ਧਮਾਕੇ ਵਿਚ ਦੋ ਪੁਲਸ ਵਾਲਿਆਂ ਸਮੇਤ 7 ਲੋਕ ਮਾਰੇ ਗਏ। ਉਨ੍ਹਾਂ ਕਿਹਾ ਕਿ ਇਸ ਖੇਤਰ ਵਿਚ ਕਿਸੇ ਮਹਿਲਾ ਵੱਲੋਂ ਆਤਮਘਾਤੀ ਧਮਾਕੇ ਦੀ ਇਹ ਪਹਿਲੀ ਘਟਨਾ ਹੈ। ਚਸ਼ਮਦੀਦਾਂ ਦੇ ਮੁਤਾਬਕ ਹਮਲਾਵਰ ਮਹਿਲਾ ਨੇ ਸਿਰ ਤੋਂ ਪੈਰਾਂ ਤੱਕ ਬੁਰਕਾ ਪਾਇਆ ਹੋਇਆ ਸੀ। ਪੁਲਸ ਨੇ ਹਮਲਵਾਰ ਔਰਤ ਦੇ ਕੁਝ ਅੰਗ ਬਰਾਮਦ ਕਰ ਕੇ ਉਨ੍ਹਾਂ ਨੂੰ ਫੌਰੈਂਸਿਕ ਜਾਂਚ ਲਈ ਭੇਜ ਦਿੱਤਾ ਹੈ। ਤਹਿਰੀਕ-ਏ-ਤਾਲਿਬਾਨ ਪਾਕਿਸਤਾਨ ਨੇ ਹਮਲੇ ਦੀ ਜ਼ਿੰਮੇਵਾਰੀ ਲਈ ਹੈ।

# ਅਮਰੀਕਾ ਨੇ ਈਰਾਨ ਦਾ ਡਰੋਣ ਡੇਗਿਆ, ਖਾੜੀ ਵਿੱਚ ਤਣਾਅ ਹੋਰ ਵਧਿਆ

ਵਾਸ਼ਿੰਗਟਨ, 21 ਜੁਲਾਈ, (ਪੋਸਟ ਬਿਊਰੋ)- ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਵੀਰਵਾਰ ਨੂੰ ਹੋਰਮੁਜ ਸਟ੍ਰੇਟ ਦੇ ਕੋਲ ਆਪਣੀ ਫੌਜ ਵੱਲੋਂ ਈਰਾਨ ਦਾ ਇਕ ਡਰੋਣ ਸੁੱਟਣ ਦਾ ਦਾਅਵਾ ਕੀਤਾ ਹੈ। ਉਨ੍ਹਾਂ ਕਿਹਾ ਕਿ ਈਰਾਨੀ ਡਰੋਣ ਨਾਲ ਇਸ ਖੇਤਰ ਵਿੱਚ ਤਾਇਨਾਤ ਅਮਰੀਕੀ ਸਮੁੰਦਰੀ ਫੌਜ ਦੇ ਇਕ ਜੰਗੀ ਬੇੜੇ ਨੂੰ ਖ਼ਤਰਾ ਹੋ ਗਿਆ ਸੀ। ਈਰਾਨ ਨੇ ਕਿਹਾ ਹੈ ਕਿ ਉਸ ਦਾ ਕੋਈ ਡਰੋਣ ਇਸ ਪਾਸੇ ਕਿਸੇ ਡਿੱਗਾ ਹੀ ਨਹੀਂ ਤੇ ਸਾਰੇ ਸੁਰੱਖਿਅਤ ਪਰਤ ਆਏ ਹਨ, ਪਰ ਇਸ ਘਟਨਾ ਨਾਲ ਖਾੜੀ ਖੇਤਰ ਵਿੱਚ ਮੁੜ ਤਣਾਅ ਵਧ ਗਿਆ ਹੈ।

ਰਾਸ਼ਟਰਪਤੀ ਡੋਨਾਲਡ ਟਰੰਪ ਨੇ ਏਥੇ ਪੱਤਰਕਾਰਾਂ ਨੂੰ ਕਿਹਾ, 'ਜੰਗੀ ਬੇੜੇ ਯੂ ਐੱਸ ਐੱਸ ਬਾਕਸਰ ਨੇ ਈਰਾਨ ਦਾ ਡਰੋਣ ਸੁੱਟ ਲਿਆ ਹੈ, ਕਿਉਂਕਿ ਉਹ ਉਸ ਦੇ ਇਕ ਹਜ਼ਾਰ ਯਾਰਡ (914 ਮੀਟਰ) ਘੇਰੇ ਵਿੱਚ ਆ ਗਿਆ ਸੀ। ਕੌਮਾਂਤਰੀ ਜਲ ਖੇਤਰ ਵਿੱਚ ਤਾਇਨਾਤ ਜੰਗੀ ਬੇੜਿਆਂ ਖ਼ਿਲਾਫ਼ ਈਰਾਨ ਦੇ ਭੜਕਾਵੇ ਤੇ ਦੁਸ਼ਮਣੀ ਦੀ ਕਾਰਵਾਈ ਦੀ ਇਸ ਨੂੰ ਤਾਜ਼ਾ ਮਿਸਾਲ ਕਹਿ ਕੇ ਰਾਸ਼ਟਰਪਤੀ ਟਰੰਪ ਨੇ ਕਿਹਾ ਕਿ ਅਮਰੀਕਾ ਆਪਣੇ ਸੈਨਿਕਾਂ, ਸਹੂਲਤਾਂ ਅਤੇ ਹਿੱਤਾਂ ਦੀ ਰੱਖਿਆ ਕਰਨ ਦਾ ਅਧਿਕਾਰ ਹੈ ਅਤੇ ਸਾਰੇ ਦੇਸ਼ਾਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਆਜ਼ਾਦ ਆਵਾਜਾਈ ਤੇ ਕੌਮਾਂਤਰੀ ਵਪਾਰ ਨੂੰ ਵਿਗਾੜਨ ਦਾ ਯਤਨ ਕਰ ਰਹੇ ਈਰਾਨ ਦੀ ਨਿੰਦਾ ਕਰਨ।' ਅਮਰੀਕੀ ਰੱਖਿਆ ਵਿਭਾਗ ਪੈਂਟਾਗਨ ਦੇ ਬੁਲਾਰੇ ਜੋਨਾਥਨ ਹਾਫਮੈਨ ਨੇ ਵੀ ਕਿਹਾ, 'ਯੂ ਐੱਸ ਐੱਸ ਬਾਕਸਰ ਨੇ ਆਪਣੀ ਤੇ ਆਪਣੇ ਚਾਲਕ ਦਲ ਦੀ ਸੁਰੱਖਿਆ ਯਕੀਨੀ ਕਰਨ ਲਈ ਈਰਾਨ ਦੇ ਡਰੋਣ ਦੇ ਖ਼ਿਲਾਫ਼ ਇਸ ਤਰ੍ਹਾਂ ਦੀ ਕਾਰਵਾਈ ਕੀਤੀ ਹੈ।'

ਦੂਸਰੇ ਪਾਸੇ ਈਰਾਨ ਦੀ ਫ਼ੌਜ ਦੇ ਬੁਲਾਰੇ ਬ੍ਰਿਗੇਡੀਅਰ ਜਨਰਲ ਅਬੁਲ ਫਜ਼ਲ ਸ਼ੇਖਰਚੀ ਨੇ ਰਾਸ਼ਟਰਪੀ ਟਰੰਪ ਦੇ ਦਾਅਵੇ ਨੂੰ ਆਧਾਰਹੀਣ ਤੇ ਭਰਮਾਊ ਕਰਾਰ ਦਿੱਤਾ ਤੇ ਕਿਹਾ ਕਿ ਅਮਰੀਕੀ ਜੰਗੀ ਬੇੜੇ ਨਾਲ ਆਹਮੋ ਸਾਹਮਣਾ ਹੋਣ ਦੀ ਕੋਈ ਖ਼ਬਰ ਹੀ ਨਹੀਂ ਹੈ। ਈਰਾਨ ਦੇ ਉਪ ਵਿਦੇਸ਼ ਮੰਤਰੀ ਅੱਬਾਸ ਆਘਰਚੀ ਨੇ ਵੀ ਟਵੀਟ ਵਿੱਚ ਕਿਹਾ, 'ਮੈਨੂੰ ਚਿੰਤਾ ਹੈ ਕਿ ਯੂ ਐੱਸ ਐੱਸ ਬਾਕਸਰ ਨੇ ਗ਼ਲਤੀ ਨਾਲ ਆਪਣਾ ਅਮਰੀਕੀ ਡਰੋਣ ਤਾਂ ਨਹੀਂ ਸੁੱਟ ਲਿਆ।' ਵਰਨਣ ਯੋਗ ਹੈ ਕਿ ਈਰਾਨ ਨੇ ਪਿਛਲੀ 20 ਜੂਨ ਨੂੰ ਅਮਰੀਕਾ ਦੇ ਇਕ ਡਰੋਣ ਨੂੰ ਸੁੱਟ ਕੇ ਦਾਅਵਾ ਕੀਤਾ ਸੀ ਕਿ ਇਹ ਜਾਸੂਸੀ ਡਰੋਣ ਉਸ ਦੇ ਹਵਾਈ ਖੇਤਰ ਵਿੱਚ ਉੱਡ ਰਿਹਾ ਸੀ। ਅਮਰੀਕਾ ਨੇ ਕਿਹਾ ਸੀ ਕਿ ਡਰੋਣ ਕੌਮਾਂਤਰੀ ਹਵਾਈ ਖੇਤਰ ਵਿੱਚ ਸੀ।

# ਭਾਰਤੀ ਮੂਲ ਦੇ ਕਾਮੇਡੀਅਨ ਦੀ ਦੁਬਈ ਵਿੱਚ ਸਟੇਜ ਸ਼ੋਅ ਦੌਰਾਨ ਮੌਤ

ਦੁਬਈ 21 ਜੁਲਾਈ (ਪੋਸਟ ਬਿਊਰੋ)- ਭਾਰਤੀ ਮੂਲ ਦੇ ਸਟੈਂਡ-ਅਪ ਕਾਮੇਡੀਅਨ ਮੰਜੂਨਾਥ ਨਾਇਡੂ (36) ਦੀ ਦੁਬਈ ਵਿਚ ਸਟੇਜ ਸ਼ੋਅ ਦੌਰਾਨ ਦਿਲ ਦਾ ਦੌਰਾ ਪੈਣ ਨਾਲ ਮੌਤ ਹੋ ਗਈ। ਪੂਰੇ ਭਰੇ ਸਟੇਡੀਅਮ ਵਿੱਚ ਦਰਸ਼ਕਾਂ ਸਾਹਮਣੇ ਸ਼ੋਅ ਦੌਰਾਨ ਅਦਾਕਾਰੀ ਕਰ ਰਹੇ ਮੰਜੂਨਾਥ ਨੂੰ ਤਣਾਅ ਅਤੇ ਬੇਚੈਨੀ ਮਹਿਸੂਸ ਹੋਈ ਅਤੇ ਮੰਚ ਉੱਤੇ ਉਨ੍ਹਾਂ ਦੀ ਮੌਤ ਹੋ ਗਈ। ਮੀਡੀਆ ਦੀ ਖਬਰ ਮੁਤਾਬਕ ਇਹ ਘਟਨਾ ਸ਼ੁੱਕਰਵਾਰ ਵਾਪਰੀ। ਦਰਸ਼ਕਾਂ ਨੂੰ ਓਦੋਂ ਲੱਗਾ ਕਿ ਅਜਿਹਾ ਕਰਨਾ ਉਨ੍ਹਾਂ ਦੀ ਕਲਾਕਾਰੀ ਦਾ ਹਿੱਸਾ ਸੀ, ਪਰ ਉਨ੍ਹਾਂ ਦੀ ਮੌਤ ਹੋ ਚੁੱਕੀ ਸੀ।

ਮੰਜੂਨਾਥ ਦਾ ਜਨਮ ਆਬੂ ਧਾਬੀ ਵਿਚ ਹੋਇਆ ਸੀ, ਪਰ ਬਾਅਦ ਵਿਚ ਉਹ ਦੁਬਈ ਰਹਿਣ ਲੱਗ ਪਏ ਸਨ। ਇਸ ਖਬਰ ਵਿਚ ਉਨ੍ਹਾਂ ਦੇ ਦੋਸਤ ਅਤੇ ਸਾਥੀ ਕਾਮੇਡੀਅਨ ਮਿਕਦਾਦ ਦੋਹਦਵਾਲਾ ਦੇ ਹਵਾਲੇ ਨਾਲ ਕਿਹਾ ਗਿਆ ਹੈ ਕਿ ਇਹ ਉਨ੍ਹਾਂ ਦੀ ਆਖਰੀ ਕਲਾਕਾਰੀ ਸੀ। ਉਹ ਮੰਚ ਉੱਤੇ ਆਪਣੀਆਂ ਕਹਾਣੀਆਂ ਨਾਲ ਲੋਕਾਂ ਨੂੰ ਹਸਾ ਰਹੇ ਸਨ ਤੇ ਆਪਣੇ ਪਿਤਾ ਅਤੇ ਪਰਿਵਾਰ ਬਾਰੇ ਦੱਸ ਰਹੇ ਸਨ। ਫਿਰ ਉਨ੍ਹਾਂ ਨੇ ਇਕ ਕਹਾਣੀ ਸੁਣਾਈ ਕਿ ਕਿਵੇਂ ਉਹ ਤਣਾਅ ਅਤੇ ਬੇਚੈਨੀ ਵਿਚੋਂ ਲੰਘੇ। ਕਹਾਣੀ ਸੁਣਾਉਣ ਦੇ ਇਕ ਮਿੰਟ ਦੇ ਅੰਦਰ ਉਹ ਡਿੱਗ ਪਏ।

# ਸੈਕਸ ਸ਼ੋਸ਼ਣ ਦੇ ਦੋਸ਼ੀ ਕਰਾਰ ਦਿੱਤੇ ਗ੍ਰੰਥੀ ਦਾ ਸਜ਼ਾ ਭੁਗਤਣ ਪਿੱਛੋਂ ਦੇਸ਼ ਨਿਕਾਲਾ ਹੋਵੇਗਾ



ਆਕਲੈਂਡ 21 ਜੁਲਾਈ (ਪੋਸਟ ਬਿਊਰੋ)- ਨਿਊਜ਼ੀਲੈਂਡ ਦੇ ਇੱਕ ਗੁਰ-ਦੁਆਰਾ ਸਾਹਿਬ ਵਿਖੇ ਰਾਗੀ ਸਿੰਘਾਂ ਦੇ ਜਥੇ 'ਚ ਪਹੁੰਚੇ ਸਾਜਨ ਸਿੰਘ ਨੂੰ ਬੀਤੇ ਸ਼ੁੱਕਰਵਾਰ ਆਕਲੈਂਡ ਜ਼ਿਲ੍ਹਾ ਅਦਾਲਤ ਨੇ ਇਸ ਗੱਲ ਲਈ ਦੋਸ਼ੀ ਕਰਾਰ ਦਿੱਤਾ ਕਿ ਉਸ ਨੇ 2017 'ਚ ਇੱਕ ਅੱਠ ਸਾਲਾ ਅਤੇ 12 ਸਾਲਾ ਬੱਚੀ ਨਾਲ ਸੈਕਸੀ ਬਦਸਲੂਕੀ ਕੀਤੀ ਹੈ।

ਲੜਕੀ ਦੇ ਪਿਤਾ ਨੇ ਆਪਣੀ ਬੱਚੀ ਦੀ ਇਸ ਸ਼ਿਕਾਇਤ 'ਤੇ ਦੋ ਸਾਲਾਂ ਬਾਅਦ ਆਏ ਅਦਾਲਤੀ ਫੈਸਲੇ 'ਤੇ ਤਸੱਲੀ ਪ੍ਰਗਟ ਕੀਤੀ ਹੈ। ਇਸ ਗ੍ਰੰਥੀ ਉੱਤੇ ਛੇ ਵੱਖ ਵੱਖ ਸੈਕਸ ਦੋਸ਼ ਲੱਗੇ ਸਨ। ਮਹੀਨਾ ਕੁ ਪਹਿਲਾਂ ਪਈ ਤਰੀਕ ਮੌਕੇ ਇਸ ਨੇ ਸਾਰੇ ਦੋਸ਼ਾਂ ਤੋਂ ਇਨਕਾਰ ਕੀਤਾ ਸੀ। ਇੱਕ ਲੜਕੀ ਨੇ ਦੋਸ਼ ਲਾਇਆ ਸੀ ਕਿ ਇਸ ਗ੍ਰੰਥੀ ਨੇ ਉਸ ਨੂੰ ਸਟੋਰ 'ਚ ਸਹਾਇਤਾ ਲਈ ਬੁਲਾਇਆ ਤੇ ਉਸ ਨੂੰ ਗਲਤ ਢੰਗ ਨਾਲ ਛੂਹਿਆ ਸੀ। ਇਸ ਘਟਨਾ ਬਾਰੇ ਉਸ ਨੇ ਪਹਿਲਾਂ ਆਪਣੀ ਮਾਂ ਨੂੰ ਦੱਸਿਆ ਜਿਸ ਤੋਂ ਉਸ ਦੇ ਪਿਤਾ ਨੂੰ ਪਤਾ ਲੱਗਾ। ਬਾਅਦ 'ਚ ਇਹ ਗੱਲ ਸਾਹਮਣੇ ਆਈ ਕਿ ਹੋਰ ਵੀ ਬੱਚਿਆਂ ਨਾਲ ਇਹ ਹੀ ਹੋਇਆ ਸੀ। ਇਸ ਸੰਬੰਧੀ ਪੁਲਸ ਨੂੰ ਸ਼ਿਕਾਇਤ ਕੀਤੀ ਗਈ। ਅਦਾਲਤੀ ਕਾਰਵਾਈ ਵਿੱਚ ਲਗਭਗ ਦੋ ਸਾਲ ਦਾ ਸਮਾਂ ਲੱਗ ਗਿਆ। ਗ੍ਰੰਥੀ ਨੂੰ ਦੋਸ਼ੀ ਕਰਾਰ ਦਿੱਤੇ ਜਾਣ ਦੇ ਬਾਅਦ ਅਗਲੇ ਸਤੰਬਰ ਵਿੱਚ ਸਜ਼ਾ ਸੁਣਾਈ ਜਾਵੇਗੀ ਇਸ ਪਿੱਛੋਂ ਦੇਸ਼ ਨਿਕਾਲਾ ਦੇ ਦਿੱਤਾ ਜਾਵੇਗਾ। ਅਦਾਲਤ ਨੇ ਇਸ ਗ੍ਰੰਥੀ ਨੂੰ ਹਾਲ ਦੀ ਘੜੀ ਜ਼ਮਾਨਤ 'ਤੇ ਛੱਡ ਦਿੱਤਾ ਹੈ ਤੇ ਸ਼ਰਤਾਂ ਵੀ ਨਰਮ ਕੀਤੀਆਂ ਹਨ। ਧਾਰਮਿਕ ਸਥਾਨਾਂ 'ਤੇ ਬੱਚਿਆਂ ਨਾਲ ਬਦਸਲੂਕੀ ਦਾਂ ਘਟਨਾਵਾਂ ਬਾਰੇ ਮੀਡੀਆ ਉੱਤੇ ਖਬਰਾਂ ਦਾ ਨਸ਼ਰ ਹੋਣਾ ਸਮੁੱਚੇ ਸਿੱਖ ਜਗਤ ਲਈ ਨਮੋਸ਼ੀ ਭਰਿਆ ਹੈ।

ਇਸ ਦੌਰਾਨ ਪਤਾ ਲੱਗਾ ਹੈ ਕਿ ਗੁਰ-ਦੁਆਰਾ ਮੈਨੇਜਮੈਂਟ ਅਤੇ ਸੰਗਤ ਵੱਲੋਂ ਸਾਜਨ ਸਿੰਘ ਦੇ ਹੱਕ ਵਿੱਚ ਬਹੁਤ ਸਾਰੀਆਂ ਸਮੱਰਥਨ ਦੀਆਂ ਚਿੱਠੀਆ ਵੀ ਦਿੱਤੀਆਂ ਗਈਆਂ ਸਨ, ਪਰ ਅਦਾਲਤ ਨੇ ਆਪਣੇ ਤਰੀਕੇ ਨਾਲ ਕੰਮ ਕੀਤਾ ਹੈ।

# ਬੋਰਿਸ ਪ੍ਰਧਾਨ ਮੰਤਰੀ ਬਣਨਗੇ ਤਾਂ ਮੈਂ ਖਜ਼ਾਨਾ ਮੰਤਰੀ ਦਾ ਅਹੁਦਾ ਛੱਡ ਦਿਆਂਗਾ: ਹੈਮੰਡ

ਲੰਡਨ 21 ਜੁਲਾਈ (ਪੋਸਟ ਬਿਊਰੋ)- ਬ੍ਰਿਟੇਨ ਦੇ ਵਿੱਤ ਮੰਤਰੀ ਫਿਲਿਪ ਹੈਮੰਡ ਨੇ ਕਿਹਾ ਹੈ ਕਿ ਬੋਰਿਸ ਜੌਨਸਨ ਦੇਸ਼ ਦੇ ਪ੍ਰਧਾਨ ਮੰਤਰੀ ਬਣੇ ਤਾਂ ਮੈਂ ਇਹ ਅਹੁਦਾ ਛੱਡ ਦਿਆਂਗਾ, ਕਿਉਂਕਿ ਮੈਂ ਉਸ ਦੀ ਬ੍ਰੈਗਜ਼ਿਟ ਨੀਤੀ ਨਾਲ ਸਹਿਮਤ ਨਹੀਂ। ਉਨ੍ਹਾਂ ਕਿਹਾ ਕਿ ਨੀਤੀ ਨਾਲ ਸਹਿਮਤ ਨਾ ਹੋਣ ਕਾਰਨ ਮੰਤਰੀ ਰਹਿਣਾ ਠੀਕ ਨਹੀਂ ਹੁੰਦਾ।



ਵਰਨਣ ਯੋਗ ਹੈ ਕਿ ਬ੍ਰੈਗਜ਼ਿਟ (ਯੂਰਪੀ ਯੂਨੀਅਨ ਤੋਂ ਐਗਜ਼ਿਟ) ਦੇ ਮੁੱਦੇ ਉੱਤੇ ਪ੍ਰਧਾਨ ਮੰਤਰੀ ਥੈਰੇਸਾ ਮੇਅ ਨੂੰ ਅਸਤੀਫ਼ਾ ਦੇਣਾ ਪੈ ਰਿਹਾ ਹੈ। ਇਸ ਦੇ ਬਾਅਦ ਨਵੇਂ ਪ੍ਰਧਾਨ ਮੰਤਰੀ ਲਈ ਹਾਕਮ ਕੰਜ਼ਰਵੇਟਿਵ ਪਾਰਟੀ ਵਿੱਚ ਮੰਗਲਵਾਰ ਨੂੰ ਚੋਣ ਹੋਵੇਗੀ, ਜਿਸ ਵਿੱਚ ਪਾਰਟੀ ਮੈਂਬਰ ਵੋਟਾਂ ਪਾ ਕੇ ਆਪਣੀ ਪਸੰਦ ਪੇਸ਼ ਕਰਨਗੇ। ਬੁੱਧਵਾਰ ਨੂੰ ਥੈਰੇਸਾ ਮੇਅ ਪ੍ਰਧਾਨ ਮੰਤਰੀ ਅਹੁਦੇ ਤੋਂ ਅਸਤੀਫ਼ਾ ਦੇਣਗੇ ਤੇ ਉਸ ਤੋਂ ਬਾਅਦ ਸੌਖ ਮੁਤਾਬਕ ਨਵੇਂ ਪ੍ਰਧਾਨ ਮੰਤਰੀ ਅਹੁਦਾ ਸੰਭਾਲਣਗੇ। ਪਾਰਟੀ ਦੇ ਅੰਦਰ ਤੇ ਬਾਹਰ ਆਮ ਰਾਏ ਹੈ ਕਿ ਬੋਰਿਸ ਜੌਨਸਨ ਹੀ ਬ੍ਰਿਟੇਨ ਦੇ ਅਗਲੇ ਪ੍ਰਧਾਨ ਮੰਤਰੀ ਹੋ ਸਕਦੇ ਹਨ। ਬ੍ਰੈਗਜ਼ਿਟ ਦੇ ਮੁੱਦੇ ਉੱਤੇ ਵਿੱਤ ਮੰਤਰੀ ਹੈਮੰਡ ਦੇ ਬੋਰਿਸ ਜੌਨਸਨ ਨਾਲ ਗਹਿਰੇ ਮਤਭੇਦ ਦੱਸੇ ਜਾਂਦੇ ਹਨ। ਉਨ੍ਹਾਂ ਨੇ ਕਿਹਾ ਕਿ ਬੋਰਿਸ ਨੂੰ ਮੈਨੂੰ ਕੱਢਣ ਦੀ ਲੋੜ ਨਹੀਂ ਪਵੇਗੀ, ਇਸ ਤੋਂ ਪਹਿਲਾਂ ਮੈਂ ਅਹੁਦਾ ਛੱਡ ਦੇਵਾਂਗਾ। ਬ੍ਰਿਟੇਨ ਸਰਕਾਰ ਨੂੰ ਹਰ ਹਾਲ ਵਿੱਚ 31 ਅਕਤੂਬਰ ਤਕ ਬ੍ਰੈਗਜ਼ਿਟ ਦੀ ਪ੍ਰਕਿਰਿਆ ਪੂਰੀ ਕਰਨੀ ਹੈ। ਕੰਜ਼ਰਵੇਟਿਵ ਸਰਕਾਰ ਦੇ ਦੂਸਰੇ ਸਭ ਤੋਂ ਵੱਡੇ ਮੰਤਰੀ ਨੇ ਨਵੇਂ ਪ੍ਰਧਾਨ ਮੰਤਰੀ ਬਾਰੇ ਜੋ ਰੁਖ਼ ਵਿਖਾਇਆ ਹੈ, ਉਸ ਤੋਂ ਲਗਦਾ ਹੈ ਕਿ ਅਗਲੇ ਦਿਨਾਂ ਵਿੱਚ ਮੁਸ਼ਕਲਾਂ ਰਹਿਣਗੀਆਂ। ਸਰਕਾਰ ਨੂੰ ਇਸ ਨਾਲ ਬ੍ਰੈਗਜ਼ਿਟ ਦੀਆਂ ਚੁਣੌਤੀਆਂ ਨਾਲ ਨਜਿੱਠਣ ਦੀ ਮੁਸ਼ਕਲ ਹੋ ਸਕਦੀ ਹੈ।

ਹੈਮੰਡ ਨੇ ਕਿਹਾ, ਪ੍ਰਧਾਨ ਮੰਤਰੀ ਵਜੋਂ ਉਹ ਬੋਰਿਸ ਜੌਨਸਨ ਦੀ ਸਥਿਤੀ ਨੂੰ ਸਮਝਦੇ ਹਨ। ਉਨ੍ਹਾਂ ਨੂੰ ਬਿਨਾਂ ਸ਼ਰਤ 31 ਅਕਤੂਬਰ ਨੂੰ ਯੂਰਪੀ ਯੂਨੀਅਨ ਛੱਡਣਾ ਪੈ ਸਕਦਾ ਹੈ। ਇਹੋ ਜਿਹੀ ਸਥਿਤੀ ਦਾ ਸਾਹ-ਮਣਾ ਕਰਨ ਤੋਂ ਪਹਿਲਾਂ ਹੀ ਮੈਂ ਅਹੁਦਾ ਛੱਡਣਾ ਪਸੰਦ ਕਰਾਂਗਾ, ਮੈਂ ਥੈਰੇਸਾ ਤੋਂ ਪਹਿਲਾਂ ਅਹੁਦਾ ਛੱਡ ਸਕਦਾ ਹਾਂ।

# ਭਾਰਤ ਸਰਕਾਰ ਨੇ ਗੋਦ ਲਏ ਪੁੱਤਰ ਦੇ ਕਾਤਲ ਜੋੜੇ ਦੀ ਹਵਾਲਗੀ ਦੀ ਮੰਗ ਉਠਾਈ



ਲੰਡਨ, 21 ਜੁਲਾਈ (ਪੋਸਟ ਬਿਊਰੋ)- ਗੋਦ ਲਏ ਪੁੱਤਰ ਦੇ ਕਤਲ ਦੇ ਦੋਸ਼ 'ਚ ਲੋੜੀਂਦੇ ਜੋੜੇ ਦੀ ਹਵਾਲਗੀ ਲਈ ਭਾਰਤ ਸਰਕਾਰ ਨੇ ਬ੍ਰਿਟਿਸ਼ ਹਾਈ ਕੋਰਟ ਦਾ ਦਰਵਾਜ਼ਾ ਖੜਕਾਇਆ ਹੈ।

ਵਰਨਣ ਯੋਗ ਹੈ ਕਿ ਇਸ ਤੋਂ ਪਹਿਲਾਂ ਵੈਸਟਮਿੰਸਟਰ ਮੈਜਿਸਟਰੇਟ ਅਦਾਲਤ ਦੀ ਚੀਫ ਮੈਜਿਸਟਰੇਟ ਐਮਾ ਅਰਥਬਥਨਾਟ ਨੇ ਮਨੁੱਖੀ ਅਧਿਕਾਰਾਂ ਬਾਰੇ ਯੂਰਪੀ ਕਨਵੈਂਸ਼ਨ ਦਾ ਹਵਾਲਾ ਦੇ ਕੇ ਭਾਰਤ ਦੀ ਹਵਾਲਗੀ ਦੀ ਬੇਨਤੀ ਰੱਦ ਕਰ ਦਿੱਤੀ ਸੀ। ਅਰਥਬਥਨਾਟ ਉਹੀ ਜੱਜ ਹਨ, ਜਿਨ੍ਹਾਂ ਨੇ ਕਿੰਗਫਿਸ਼ਰ ਏਅਰਲਾਈਨ ਦੇ ਸਾਬਕਾ ਮੁਖੀ ਵਿਜੇ ਮਾਲਿਆ ਦੀ ਹਵਾਲਗੀ ਦਾ ਆਦੇਸ਼ ਦਿੱਤਾ ਸੀ। ਅਦਾਲਤ 'ਚ ਹਵਾਲਗੀ ਲਈ ਭਾਰਤ ਸਰਕਾਰ ਦਾ ਪੱਖ ਪੇਸ਼ ਕਰ ਰਹੀ ਬ੍ਰਿਟੇਨ ਦੀ ਕ੍ਰਾਊਨ ਪ੍ਰੋਸੀਕਿਊਸ਼ਨ ਸਰਵਿਸ (ਸੀ ਪੀ ਐਸ) ਨੇ ਕਿਹਾ ਕਿ ਉਹ ਭਾਰਤੀ ਮੂਲ ਦੇ ਬ੍ਰਿਟਿਸ਼ ਨਾਗਰਿਕ ਆਰਤੀ ਧੀਰ ਤੇ ਉਨ੍ਹਾਂ ਦੇ ਪਤੀ ਕੰਵਲ ਰਾਇਜ਼ਾਦਾ ਨਾਲ ਜੁੜੇ ਕੇਸ 'ਚ ਵੈਸਟਮਿੰਸਟਰ ਮੈਜਿਸਟਰੇਟ ਦੀ ਅਦਾਲਤ ਦੇ ਆਦੇਸ਼ ਦੇ ਖਿਲਾਫ ਅਪੀਲ ਦੀ ਇਜਾਜ਼ਤ ਮੰਗੇਗੀ। ਦੋਵਾਂ ਉੱਤੇ ਆਪਣੇ 11 ਸਾਲਾ ਗੋਦ ਲਏ ਪੁੱਤਰ ਗੋਪਾਲ ਸੇਜਾਨੀ ਤੇ ਉਸ ਦੇ ਰਿਸ਼ਤੇਦਾਰ ਹਰਸੁਖਭਾਈ ਕਰਦਾਨੀ ਦੀ ਹੱਤਿਆ ਦਾ ਦੋਸ਼ ਹੈ। ਗੁਜਰਾਤ ਪੁਲਸ ਨੇ ਜਾਂਚ 'ਚ ਦਾਅਵਾ ਕੀਤਾ ਹੈ ਕਿ ਜੋੜੇ ਨੇ ਪਹਿਲਾਂ ਗੋਪਾਲ ਨੂੰ ਗੋਦ ਲੈਣ ਦੀ ਸਾਜ਼ਿਸ਼ ਰਚੀ ਅਤੇ ਫਿਰ ਉਸ ਦਾ 1.3 ਕਰੋੜ ਰੁਪਏ ਦਾ ਬੀਮਾ ਕਰਵਾਇਆ। ਫਰਵਰੀ 2017 'ਚ ਭਾਰਤ ਵਿੱਚ ਹੀ ਬੱਚੇ ਨੂੰ ਅਗਵਾ ਕਰਕੇ ਹੱਤਿਆ ਕਰ ਦਿੱਤੀ ਤੇ ਬੀਮੇ ਦੀ ਸਾਰੀ ਰਕਮ ਦਾ ਭੁਗਤਾਨ ਲੈ ਲਿਆ। ਇਸ ਬਾਰੇ ਸੀ ਪੀ ਐਸ ਦੇ ਬੁਲਾਰੇ ਨੇ ਕਿਹਾ ਕਿ ਅਸੀਂ ਭਾਰਤੀ ਅਧਿਕਾਰੀਆਂ ਵੱਲੋਂ ਅਪੀਲ ਦਾਇਰ ਕੀਤੀ ਹੈ। ਮੈਰਿਟ ਉੱਤੇ ਸਿੰਗਲ ਜੱਜ ਦੀ ਬੈਂਚ ਅਪੀਲ 'ਤੇ ਵਿਚਾਰ ਕਰੇਗੀ। ਜੇ ਅਪੀਲ ਸਵੀਕਾਰ ਹੋ ਗਈ ਤਾਂ ਫਿਰ ਅਗਲੇ ਕੁਝ ਮਹੀਨਿਆਂ 'ਚ ਸੁਣਵਾਈ ਸ਼ੁਰੂ ਹੋਵੇਗੀ। ਅਸਲ 'ਚ ਦੋਵਾਂ ਮੁਲਜ਼ਮਾਂ ਨੂੰ ਜੂਨ 2017 'ਚ ਬ੍ਰਿਟੇਨ 'ਚ ਗ੍ਰਿਫਤਾਰ ਕੀਤਾ ਗਿਆ ਸੀ, ਪਰ ਬਾਅਦ 'ਚ ਬਾਸ਼ਰਤ ਜ਼ਮਾਨਤ 'ਤੇ ਰਿਹਾਅ ਕਰ ਦਿੱਤਾ ਗਿਆ ਸੀ।

FIRST CHOICE FINANCIAL LIMITED
TRUCK LOANS
ਟੱਰਕ ਲੋਨ ਅਪਰੂਵਲ ਸਿੱਰਫ 2 ਘੰਟਿਆਂ ਦੇ ਅੰਦਰ-ਅੰਦਰ
ਹਰ ਤਰ੍ਹਾਂ ਦੇ ਨਵੇਂ ਤੇ ਪੁਰਾਣੇ ਟੱਰਕ ਤੇ ਟ੍ਰੇਲਰ ਦੀ Financing
- Low Down payment/Flexible Terms
- Large Inventory of New Trucks & Trailers
- Quick Approvals
- Honest Service
- Best Rate in Town
- Offices all over Canada
For more Information Contact
Rajdeep: 647.707.4167
Office: 905.678.2424

Honesty, Reliability, Commitment
Hira Randhawa
Broker
HomeLife SilverCity
- 1 yr Home Warranty
- 40% Discount on Brand Name
- Appliances & Furniture
- Free Evaluation & Lowest Commission
www.hirarandhawa.com
hirarandhawa@yahoo.ca
"OPEN HOUSE UNTIL SOLD"
For all your Real Estate needs: 416.319.0551 or 905.913.8585
$634,900 — Sandalwood & Conestoga — Stunning Detached Home With Single Car Garage, 3 Bedroom, 2 Washrooms, Fully Renovated Top To Bottom To Thousands Spent On Renovation, Nestled On A Quiet, Family Friendly Street Close To Park, School, Hwy 410, Shopping, School & Other Amenities.
$729,900 — Dixie/Octillo — Immaculate 3 Bedroom Semi With 1 Br Fin Basement On A 30 Ft Lot . Hardwood Flooring (No Carpet In Entire House), Separate Living/Family, Eat-In-Kitchen, 2 Full Washrooms On 2nd Floor, Extended Driveway ,Concrete Work On Side And Backyard And Much More!
$739,913 — Charleston Side Rd/Main St. — Detached Home On Well Landscaped. Huge Corner Lot W/Private Backyard In Historic Town Of Alton With Finished Double Car Garage. 3 Bedroom Upstairs, 2 Full Washrooms W/4 Pc Bath, Master Bedroom, New Roof 2018 & etc.
$775,000 — Charolais/Chinguacousy Rd — Renovated Bungalow, 3 Good Size Bedrooms Plus Den + 2 Bed Finished Basement W/Separate Entrance With Appliances, New Upgraded Kitchen + 3 Newly Renovated Bathrooms + New Hardwood Floors Very Close To Hwy, etc.
Call For: RESP, SUPER -VISA,& TRAVEL Insurance
H.Randhawa
416-319-0551


MICHELIN · Hankook · Continental · ROADLUX · BFGoodrich · AEOLUS · COMPASAL · Chevron Delo
BEST TRUCK REPAIR & TIRE CENTRE
We also Specialize in Engine, AC, Transmission, Differential Rebuild, Safety Inspection & All Kinds of Electric Work
ਕਾਰਾਂ ਤੇ ਟਰਕਾਂ ਦੀ ਸਸਤੀ ਏ-ਸੀ ਰਿਪੇਅਰ । ਟਰੱਕਾਂ ਦੇ ਟਾਇਰਾਂ ਤੇ ਭਾਰੀ ਸੇਲ
SPECIAL ON TRUCK ALIGNMENT | BRAND NEW MACHINES 2018
Brake & Drum -Made in U.S - On Special Sale!
Special Sale 4 CAT Batteries $550 with Installation
Special Sale on Smartway Approved Tires $245 each
www.besttruckrepairandtire.ca | Email: ranjitbesttruck@yahoo.ca
7 ਦਿਨ ਖੁੱਲ੍ਹਾ
Spring Sale
Special OIL CHANGE Rates
1715 Sismet Rd, Mississauga | Call Ranjit: 416.624.8351 | Tel: 905.625.0055

# ਪਰਿਵਾਰ 14 ਸਾਲ ਮਰ ਗਈ ਮੰਨਦਾ ਰਿਹਾ, ਉਹ ਪ੍ਰੇਮੀ ਅਤੇ ਬੱਚੇ ਨਾਲ ਜਿੰਦਾ ਮਿਲੀ

ਪਾਲਨਪੁਰ 21 ਜੁਲਾਈ (ਪੋਸਟ ਬਿਊਰੋ)- ਗੁਜਰਾਤ ਦੇ ਪਾਟਣ ਜ਼ਿਲੇ ਵਿੱਚ ਇੱਕ ਪਰਵਾਰ 14 ਸਾਲ ਤੋਂ ਜਿਸ ਨੂੰਹ ਨੂੰ ਮਰੀ ਸਮਝ ਰਿਹਾ ਸੀ, ਉਹ ਮਹਿਸਾਣਾ ਵਿੱਚ ਪ੍ਰੇਮੀ ਅਤੇ ਬੇਟੇ ਨਾਲ ਆਪਣਾ ਨਾਂਅ ਅਤੇ ਪਛਾਣ ਬਦਲ ਕੇ ਜਿੰਦਾ ਰਹਿ ਰਹੀ ਸੀ। ਖੁਦ ਨੂੰ ਮ੍ਰਿਤਕ ਦਿਖਾਉਣ ਲਈ ਉਸ ਨੇ ਇੱਕ ਮੰਦ ਬੁੱਧੀ ਮਹਿਲਾ ਨੂੰ ਮਾਰ ਕੇ ਲਾਸ਼ ਸਾੜ ਦਿੱਤੀ ਸੀ। ਮੰਦ ਬੁੱਧੀ ਮਹਿਲਾ ਦੇ ਪਰਵਾਰ ਨੂੰ ਵੀ 14 ਸਾਲ ਬਾਅਦ ਪਤਾ ਲੱਗਾ ਹੈ ਕਿ ਅਗਵਾ ਦੇ ਬਾਅਦ ਉਸ ਪਰਵਾਰ ਦੀ ਇਸ ਔਰਤ ਦੀ ਬੇਰਹਿਮੀ ਨਾਲ ਹੱਤਿਆ ਕਰ ਦਿੱਤੀ ਗਈ ਸੀ।

ਪਾਟਣ ਤਹਿਸੀਲ ਦੇ ਬਾਲਵਾ ਪਿੰਡ ਦੇ ਪ੍ਰਕਾਸ਼ ਪੰਚਾਲ ਦਾ ਵਿਆਹ 17 ਸਾਲ ਪਹਿਲਾਂ ਕਾਂਕਰੇਜ ਦੇ ਖਿਮਾਣਾ ਪਿੰਡ ਦੀ ਭੀਖੀਬੇਨ ਨਾਲ ਹੋਇਆ ਸੀ। ਉਸ ਦਾ ਇੱਕ ਬੇਟਾ ਵੀ ਹੋਇਆ। ਭੀਖੀਬੇਨ ਦੇ ਡੀਸਾ ਤਹਿਸੀਲ ਦੇ ਜਿਜੁਭਾ ਦਰਬਾਰ ਨਾਲ ਸੰਬੰਧ ਸਨ। ਪ੍ਰੇਮੀ ਨਾਲ ਰਹਿਣ ਲਈ ਭੀਖੀਬੇਨ ਨੇ ਖੁਦ ਨੂੰ ਮਰਿਆ ਦਿਖਾਉਣ ਲਈ ਵਿਜੁਭਾ ਦੇ ਦੋਸਤਾਂ ਦੀ ਮਦਦ ਨਾਲ ਆਪਣੇ ਪੇਕਿਆਂ ਤੋਂ ਸ਼ਾਰਦਾਬੇਨ ਰਾਵਲ ਨਾਂਅ ਦੀ ਮੰਦਬੁੱਧੀ ਮਹਿਲਾ ਨੂੰ ਅਗਵਾ ਕਰਾਇਆ। ਛੇ ਫਰਵਰੀ 2005 ਦੀ ਰਾਤ ਬਾਵਲਾ ਪਿੰਡ ਵਿੱਚ ਲਿਜਾ ਕੇ ਉਸ ਦੀ ਹੱਤਿਆ ਕਰ ਦਿੱਤੀ ਤੇ ਲਾਸ਼ ਦਾ ਚਿਹਰਾ ਵਿਗਾੜ ਦਿੱਤਾ। ਭੀਖੀਬੇਨ ਨੇ ਲਾਸ਼ ਨੂੰ ਆਪਣੇ ਕੱਪੜੇ ਪਹਿਨਾ ਕੇ ਅੱਗ ਲਾ ਦਿੱਤੀ ਅਤੇ ਪ੍ਰੇਮੀ ਨਾਲ ਭੱਜ ਗਈ। ਰਾਤ ਨੂੰ ਪੰਚਾਲ ਪਰਵਾਰ ਨੇ ਦੇਖਿਆ ਕਿ ਘਰ ਦੇ ਸਾਹਮਣੇ ਮਹਿਲੀ ਦੀ ਝੁਲਸੀ ਲਾਸ਼ ਪਈ ਹੈ। ਪਰਵਾਰ ਨੇ ਸੋਚਿਆ ਕਿ ਨੂੰਹ ਨੇ ਖੁਦਕੁਸ਼ੀ ਕਰ ਲਈ ਹੈ। ਇਸ ਦੇ ਬਾਅਦ ਭੀਖੀਬੇਨ ਦੀ ਮਾਂ ਨੇ ਉਸ ਦੇ ਸੱਸ-ਸਹੁਰੇ ਅਤੇ ਨਨਾਣ ਦੇ ਖਿਲਾਫ ਥਾਣੇ ਵਿੱਚ ਸ਼ਿਕਾਇਤ ਕਰ ਦਿੱਤੀ। ਇਨ੍ਹਾਂ ਨੂੰ 15 ਦਿਨ ਜੇਲ੍ਹ ਵਿੱਚ ਰਹਿਣਾ ਪਿਆ। ਅਦਾਲਤ ਨੇ 2007 ਵਿੱਚ ਤਿੰਨਾਂ ਨੂੰ ਬਰੀ ਕਰ ਦਿੱਤਾ। ਇਸ ਸਦਮੇ ਕਾਰਨ ਸੱਸ-ਸਹੁਰਾ ਇਸ ਤੋਂ ਦਮ ਤੋੜ ਚੁੱਕੇ ਹਨ। ਪੁਲਸ ਨੂੰ ਇੱਕ ਮਹੀਨਾ ਪਹਿਲਾਂ ਇੱਕ ਚਿੱਠੀ ਮਿਲੀ, ਜਿਸ ਵਿੱਚ ਭੀਖੀਬੇਨ ਦੇ ਜਿੰਦਾ ਹੋਣ ਦੀ ਗੱਲ ਕਹਿ ਕੇ ਜਾਂਚ ਦੀ ਮੰਗ ਕੀਤੀ ਗਈ ਸੀ। ਜਾਂਚ ਵਿੱਚ ਪਤਾ ਲੱਗਾ ਕਿ ਭੀਖੀਬੇਨ ਅੱਜ ਕੱਲ੍ਹ ਭਾਵਨਾ ਰਾਠੌੜ ਦੇ ਨਾਂਅ ਨਾਲ ਮਹਿਸਾਣਾ ਵਿੱਚ ਰਹਿ ਰਹੀ ਹੈ। ਪਾਲਨਪੁਰ ਕਰਾਈਮ ਬ੍ਰਾਂਚ ਨੇ ਇਸ ਕੇਸ ਵਿੱਚ ਚਾਰ ਜਣਿਆਂ ਨੂੰ ਗ੍ਰਿਫਤਾਰ ਕੀਤਾ ਹੈ। ਇਨ੍ਹਾਂ ਵਿੱਚ ਭੀਖੀਬੇਨ, ਉਸ ਦਾ ਪ੍ਰੇਮੀ ਵਿਜੁਭਾ ਮਣਾਜੀ ਰਾਠੌੜ ਅਤੇ ਉਸ ਦੇ ਦੋ ਦੋਸਤ ਜੇਣਾਜੀ ਉਮੇਦਜੀ ਪਰਮਾਰ ਅਤੇ ਬਖਤ ਸਿੰਘ ਦੇਵਚੰਦ ਪਰਮਾਰ ਸ਼ਾਮਲ ਹਨ।


# ਪਤਨੀ ਦੇ ਕਤਲ ਪਿੱਛੋਂ ਕਸਾਈ ਬੁਲਾ ਕੇ ਲਾਸ਼ ਦੇ ਟੁਕੜੇ ਕਰਾਏ




ਹਾਵੜਾ 21 ਜੁਲਾਈ (ਪੋਸਟ ਬਿਊਰੋ)- ਪੱਛਮੀ ਬੰਗਾਲ ਪੁਲਸ ਨੇ ਬਾਲੀ ਦੇ ਜੇ ਟੀ ਘਾਟ ਵਿੱਚ ਬੈਗ ਵਿੱਚ ਟੁਕੜਿਆਂ ਵਿੱਚ ਮਹਿਲਾ ਦੀ ਲਾਸ਼ ਮਿਲਣ ਦੀ ਗੁੱਥੀ ਸੁਲਝਾ ਲਈ ਹੈ। ਮਹਿਲਾ ਦੇ ਪਤੀ ਨੇ ਹੀ ਉਸ ਦੀ ਹੱਤਿਆ ਕਰਨ ਪਿੱਛੋਂ ਘਰ ਵਿੱਚ ਦੋ ਕਸਾਈਆਂ ਨੂੰ ਸੱਦ ਕੇ ਲਾਸ਼ ਦੇ ਟੁਕੜੇ ਕਰਵਾਏ ਤੇ ਉਨ੍ਹਾਂ ਨੂੰ ਬੈਗ ਵਿੱਚ ਭਰ ਕੇ ਘਾਟ ਉਤੇ ਸੁੱਟ ਦਿੱਤਾ ਸੀ। ਪੁਲਸ ਨੇ ਦੋਸ਼ੀ ਪਤੀ ਉਪੇਂਦਰ ਰਜਕ ਤੇ ਸਕਲੀਨ ਸ਼ਮੀਮ ਅਤੇ ਦਿਲਾਵਰ ਖਾਨ ਨਾਂਅ ਦੇ ਕਸਾਈਆਂ ਨੂੰ ਗ੍ਰਿਫਤਾਰ ਕਰ ਲਿਆ ਹੈ। ਦੋਵੇਂ ਸ਼ਿਵਪੁਰ ਥਾਣਾ ਤਹਿਤ ਚੌੜਾ ਬਸਤੀ ਦੇ ਰਹਿਣ ਵਾਲੇ ਹਨ।

ਕੱਲ੍ਹ ਪੱਤਰਕਾਰਾਂ ਨੂੰ ਹਾਵੜਾ ਪੁਲਸ ਦੇ ਏ ਡੀ ਸੀ ਪੀ ਅਮਿਤ ਕੁਮਾਰ ਰਾਠੌੜ ਨੇ ਦੱਸਿਆ ਕਿ ਬਾਲੀ ਗੰਗਾ ਘਾਟ ਦੇ ਆਸਪਾਸ ਦੀਆਂ ਸੜਕਾਂ ਉਤੇ ਲੱਗੇ ਸੀ ਸੀ ਟੀ ਵੀ ਕੈਮਰਿਆਂ ਦੇ ਫੁਟੇਜ ਤੋਂ ਪਤਾ ਲੱਗਾ ਕਿ ਇੱਕ ਆਦਮੀ ਉਸੇ ਤਰ੍ਹਾਂ ਦੇ ਦੋ ਬੈਗ ਲੈ ਕੇ ਟੈਕਸੀ ਵਿੱਚ ਸ਼ਿਵਪੁਰ ਵਿੱਚੋਂ ਜੀ ਟੀ ਰੋਡ ਤੋਂ ਸਵਾਰ ਹੋਇਆ। ਇਸ ਦੇ ਬਾਅਦ ਬਾਲੀ ਘਾਟ ਦੇ ਕੋਲ ਆ ਕੇ ਰਿਕਸ਼ਾ 'ਚ ਘਾਟ ਤੱਕ ਪਹੁੰਚਿਆ। ਇਹ ਸੁਰਾਗ ਹੱਥ ਲੱਗਣ ਪਿੱਛੋਂ ਪੁਲਸ ਨੇ ਟੈਕਸੀ ਚਾਲਕ ਅਤੇ ਰਿਕਸ਼ਾ ਚਾਲਕ ਨੂੰ ਲੱਭ ਲਿਆ। ਦੋਵਾਂ ਤੋਂ ਪੁੱਛਗਿੱਛ ਦੇ ਬਾਅਦ ਟੈਕਸੀ ਚਾਲਕ ਨੇ ਦੱਸਿਆ ਕਿ ਇੱਕ ਵਿਅਕਤੀ ਦੋ ਬੈਗ ਲੈ ਕੇ ਸ਼ਿਵਪੁਰ ਦੇ ਜੀ ਟੀ ਰੋਡ ਤੋਂ ਬਾਲੀ ਲਈ ਸਵਾਰ ਹੋਇਆ ਸੀ। ਫਿਰ ਪੁਲਸ ਜਦ ਦੋਸ਼ੀ ਦੀ ਤਲਾਸ਼ ਕਰਨ ਲਈ ਗੁੰਮਸ਼ੁਦਗੀ ਬਾਰੇ ਜਾਂਚ ਕਰਨ ਲੱਗੀ ਤਾਂ ਪਤਾ ਲੱਗਾ ਕਿ ਉਪੇਂਦਰ ਰਜਕ ਨਾਂਅ ਦੇ ਆਦਮੀ ਨੇ ਪਤਨੀ ਦੇ ਲਾਪਤਾ ਹੋਣ ਦੀ ਸ਼ਿਕਾਇਤ ਕੀਤੀ ਸੀ। ਪੁਲਸ ਉਸ ਨੂੰ ਉਸ ਦੇ ਘਰੋਂ ਗ੍ਰਿਫਤਾਰ ਕਰਨ ਗਈ ਤਾਂ ਸਾਰਾ ਮਾਮਲਾ ਸਾਹਮਣੇ ਆ ਗਿਆ। ਉਸ ਨੇ ਦੱਸਿਆ ਕਿ ਉਸ ਦੀ ਪਤਨੀ ਦੇ ਕਿਸੇ ਨਾਲ ਨਾਜਾਇਜ਼ ਸੰਬੰਧ ਸੀ। ਮਨ੍ਹਾ ਕਰਨ 'ਤੇ ਵੀ ਉਹ ਆਦਤਾਂ ਤੋਂ ਬਾਜ ਨਹੀਂ ਆਈ ਸੀ। ਇਸ ਤੋਂ ਦੁਖੀ ਹੋ ਕੇ ਉਸ ਨੇ ਉਸ ਨੇ ਬੁੱਧਵਾਰ ਰਾਤ ਗਲਾ ਘੁੱਟ ਕੇ ਮਾਰ ਦਿੱਤਾ ਅਤੇ ਲਾਸ਼ ਨੂੰ ਟਿਕਾਣੇ ਲਾਉਣ ਲਈ ਕਸਾਈ ਸ਼ਮੀਮ ਨੂੰ ਬੁਲਾਇਆ। ਸ਼ਮੀਮ ਨੇ ਆਪਣੀ ਮਦਦ ਲਈ ਇੱਕ ਸਾਥੀ ਦਿਲਾਵਰ ਖਾਨ ਕਸਾਈ ਨੂੰ ਸੱਦ ਲਿਆ। ਇਸ ਪਿੱਛੋਂ ਬਾਅਦ ਘਰ ਵਿੱਚ ਸੋਨੀ ਦੀ ਲਾਸ਼ ਦੇ ਟੁਕੜੇ ਕੀਤੇ ਅਤੇ ਉਨ੍ਹਾਂ ਨੂੰ ਟਰਾਲੀ ਬੈਗ ਵਿੱਚ ਭਰਿਆ ਗਿਆ। ਕਤਲ ਵਿੱਚ ਵਰਤੇ ਗਏ ਹਥਿਆਰ ਨੂੰ ਕੱਪੜੇ ਦੇ ਬੈਗ ਵਿੱਚ ਰੱਖਿਆ ਗਿਆ। ਰਾਠੌੜ ਨੇ ਦੱਸਿਆ ਕਿ ਦੋਸ਼ੀ ਨੇ ਪਤੀ ਦੇ ਸਰੀਰ ਦੇ ਟੁਕੜੇ ਟੁਕੜੇ ਕਰਨ ਅਤੇ ਟਿਕਾਣੇ ਲਗਾਉਣ ਵਿੱਚ ਸਾਥ ਦੇਣ ਲਈ ਸ਼ਮੀਮ ਨੂੰ ਤੀਹ ਹਜ਼ਾਰ ਰੁਪਏ ਦਿੱਤੇ ਸਨ।

# ਪਸੰਦ ਦੇ ਮਰਦਾਂ ਵਿੱਚ ਨਰਿੰਦਰ ਮੋਦੀ ਸੰਸਾਰ ਵਿੱਚ ਛੇਵੇਂ ਤੇ ਦੇਸ਼ ਵਿੱਚ ਪਹਿਲੇ ਨੰਬਰ 'ਤੇ



ਨਵੀਂ ਦਿੱਲੀ, 21 ਜੁਲਾਈ (ਪੋਸਟ ਬਿਊਰੋ)- ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੁਨੀਆ ਵਿੱਚ ਸਭ ਤੋਂ ਵੱਧ ਪਸੰਦ ਕੀਤੇ ਜਾਣ ਵਾਲੇ ਭਾਰਤੀ ਮਰਦਾਂ ਵਿੱਚੋਂ ਛੇਵੇਂ ਨੰਬਰ 'ਤੇ ਹਨ। ਭਾਰਤ ਵਿੱਚ ਉਹ ਪਹਿਲੇ ਨੰਬਰ ਉੱਤੇ ਹਨ ਅਤੇ ਭਾਰਤੀਆਂ ਦੇ ਲਈ ਅਮਿਤਾਭ ਬੱਚਨ ਦਾ ਦੂਸਰਾ ਤੇ ਔਰਤਾਂ ਦੀ ਸ਼੍ਰੇਣੀ ਵਿੱਚ ਦੀਪਿਕਾ ਪਾਦੁਕੋਣ ਪਹਿਲੇ ਨੰਬਰ 'ਤੇ ਹੈ।

ਬ੍ਰਿਟੇਨ ਦੀ ਇੰਟਰਨੈਟ ਮਾਰਕੀਟ ਰਿਸਰਚ ਅਤੇ ਡਾਟਾ ਐਨਾਲਿਟਿਕਸ ਫਰਮ ਨੇ ਇਸ ਸਾਲ ਦੁਨੀਆ ਦੇ ਟਾਪ-20 ਐਡਮਾਇਰਡ ਮਰਦਾਂ ਅਤੇ ਮਹਿਲਾਵਾਂ ਦੀ ਲਿਸਟ ਜਾਰੀ ਕੀਤੀ ਹੈ। ਬਿਲ ਗੇਟਸ ਇਸ ਸਾਲ ਦੇ ਦੁਨੀਆ ਦੇ ਸਭ ਤੋਂ ਵੱਧ ਪਸੰਦੀਦਾ ਮਰਦ ਬਣੇ ਹੋਏ ਹਨ। ਔਰਤਾਂ ਵਿੱਚ ਮਿਸ਼ੇਲ ਓਬਾਮਾ ਨੇ ਐਂਜੇਲੀਨਾ ਜੋਲੀ ਨੂੰ ਪਿੱਛੇ ਛੱਡ ਕੇ ਪਹਿਲੀ ਥਾਂ ਹਾਸਲ ਕਰ ਲਈ ਹੈ। ਉਹ ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਬਰਾਕ ਓਬਾਮਾ ਦੀ ਪਤਨੀ ਹੈ ਅਤੇ ਐਂਜੇਲੀਨਾ ਜੋਲੀ ਹਾਲੀਵੁੱਡ ਦੀ ਐਕਟ੍ਰੈਸ ਹੈ। ਕੁੱਲ 41 ਦੇਸ਼ਾਂ ਦੇ 42000 ਤੋਂ ਵੱਧ ਲੋਕਾਂ ਦੇ ਆਨਲਾਈਨ ਇੰਟਰਵਿਊ ਨਾਲ ਜੁਟਾਏ ਗਏ ਅੰਕੜਿਆਂ ਦੇ ਆਧਾਰ ਉੱਤੇ ਦੋਵਾਂ ਸ਼੍ਰੇਣੀਆਂ ਦੀ ਰੈਂਕਿੰਗ ਕੀਤੀ ਗਈ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਇਸ ਸਾਲ ਦੀ ਰੈਂਕਿੰਗ ਵਿੱਚ ਦੋ ਸਥਾਨ ਉਪਰ ਆਏ ਹਨ। ਉਹ ਪਿਛਲੇ ਸਾਲ 8ਵੇਂ ਨੰਬਰ 'ਤੇ ਸਨ। ਅਮਿਤਾਭ ਤਿੰਨ ਸਥਾਨ ਹੇਠਾਂ ਆਏ ਹਨ। ਸ਼ਾਹਰੁਖ ਤੇ ਸਲਮਾਨ ਨੇ ਇਸੇ ਸਾਲ ਲਿਸਟ ਵਿੱਚ ਐਂਟਰੀ ਕੀਤੀ ਹੈ। ਟਾਪ-10 ਔਰਤਾਂ ਵਿੱਚ ਦੀਪਿਕਾ ਪਾਦੁਕੋਣ ਦੀ ਰੈਂਕਿੰਗ ਵਿੱਚ ਕੋਈ ਬਦਲਾਅ ਨਹੀਂ ਹੋਇਆ, ਉਹ ਪਿਛਲੇ ਸਾਲ ਵੀ 13ਵੇਂ ਨੰਬਰ 'ਤੇ ਸੀ।

# ਪਾਕਿਸਤਾਨ ਦੇ ਆਦੀ ਵਾਸੀ ਖੇਤਰ ਵਿੱਚ ਪਹਿਲੀ ਵਾਰ ਵੋਟ ਪਏ

ਇਸਲਾਮਾਬਾਦ 21 ਜੁਲਾਈ (ਪੋਸਟ ਬਿਊਰੋ)- ਪਾਕਿਸਤਾਨ ਦੇ ਸਰਹੱਦੀ ਉੱਤਰ-ਪੱਛਮੀ ਆਦਿ ਵਾਸੀ ਇਲਾਕੇ ਦੇ ਲੋਕਾਂ ਨੇ ਕੱਲ੍ਹ ਪਹਿਲੀ ਵਾਰ ਸਰਕਾਰ ਚੁਣਨ ਲਈ ਵੋਟ ਪਾਏ ਗਏ। ਇਹ ਇਲਾਕਾ ਖੁਦਮੁਖਤਿਆਰ ਹੈ ਅਤੇ ਅਫਗਾਨਿਸਤਾਨ ਨਾਲ ਲੱਗਦਾ ਹੈ। ਇਹ ਉਹੀ ਇਲਾਕਾ ਹੈ ਜਿੱਥੇ ਕਦੇ ਤਾਲਿਬਾਨ ਅਤੇ ਅਲ ਕਾਇਦਾ ਦਾ ਮਜ਼ਬੂਤ ਆਧਾਰ ਹੁੰਦਾ ਸੀ। ਅਜੇ ਵੀ ਉਥੇ ਤਾਲਿਬਾਨ ਦੇ ਅੱਡੇ ਹਨ ਅਤੇ ਉਨ੍ਹਾਂ ਦੀ ਦਹਿਸ਼ਤ ਕਾਇਮ ਹੈ।

ਸੱਤ ਜ਼ਿਲ੍ਹਿਆਂ ਵਾਲੇ ਕੇਂਦਰ ਸ਼ਾਸਿਤ ਆਦਿ ਵਾਸੀ ਇਲਾਕਾ (ਐੱਫ ਏ ਟੀ ਏ) ਦੇ ਸੱਤ ਜ਼ਿਲ੍ਹਿਆਂ ਨੂੰ ਮਈ 2018 ਵਿੱਚ ਸੰਵਿਧਾਨ ਸੋਧ ਦੇ ਨਾਲ ਖੈਬਰ ਪਖਤੂਨਖਵਾ ਸੂਬੇ ਵਿੱਚ ਸ਼ਾਮਲ ਕਰ ਦਿੱਤਾ ਗਿਆ ਸੀ। ਇਸ ਫੈਸਲੇ ਦੇ ਹੋਣ ਨਾਲ ਖੈਬਰ ਪਖਤੂਨਖਵਾ ਰਾਜ ਦੀ ਵਿਧਾਨ ਸਭਾ ਵਿੱਚ 24 ਸੀਟਾਂ ਵਧ ਗਈਆਂ ਹਨ। ਪ੍ਰਸ਼ਾਸਨਿਕ ਕਾਰਨਾਂ ਕਰ ਕੇ ਜੁਲਾਈ ਵਿੱਚ ਹੋਈਆਂ ਆਮ ਚੋਣਾਂ ਦੌਰਾਨ ਆਦਿ ਵਾਸੀ ਇਲਾਕੇ ਦੀਆਂ ਇਨ੍ਹਾਂ ਸੀਟਾਂ ਉਤੇ ਚੋਣ ਨਹੀਂ ਹੋ ਸਕੀ ਸੀ। ਕੱਲ੍ਹ ਇਨ੍ਹਾਂ ਸਾਰੀਆਂ ਸੀਟਾਂ ਉੱਤੇ ਵੋਟ ਪਾਏ ਗਏ। ਚੋਣ ਕਮਿਸ਼ਨ ਦੇ ਅਨੁਸਾਰ ਸਾਰੇ ਸੱਤ ਜ਼ਿਲ੍ਹਿਆਂ ਵਿੱਚ ਵੋਟਿੰਗ ਸਵੇਰੇ ਅੱਠ ਵਜੇ ਸ਼ੁਰੂ ਹੋਈ ਅਤੇ ਸ਼ਾਮ ਤੱਕ ਚੱਲੀ। ਇਸ ਦੌਰਾਨ ਸੁਰੱਖਿਆ ਦੇ ਸਖਤ ਬੰਦੋਬਸਤ ਕੀਤੇ ਗਏ ਸਨ। ਇਲਾਕੇ ਵਿੱਚ ਕੁੱਲ 34,497 ਸੁਰੱਖਿਆ ਮੁਲਾਜ਼ਮ ਤੈਨਾਤ ਕੀਤੇ ਗਏ ਸਨ। 16 ਸੀਟਾਂ ਉੱਤੇ ਕੁੱਲ 285 ਉਮੀਦਵਾਰ ਕਿਸਮਤ ਅਜਮਾ ਰਹੇ ਸਨ। ਚਾਰ ਹੋਰ ਸੀਟਾਂ ਔਰਤਾਂ ਲਈ ਰਿਜ਼ਰਵ ਹਨ, ਇੱਕ ਸੀਟ ਗੈਰ ਮੁਸਲਿਮ ਲਈ ਹੈ। ਸਾਰੀਆਂ ਪ੍ਰਮੁੱਖ ਪਾਰਟੀਆਂ ਨੇ ਚੋਣਾਂ ਵਿੱਚ ਆਪਣੇ ਉਮੀਦਵਾਰ ਖੜ੍ਹੇ ਕੀਤੇ ਹੋਏ ਹਨ। ਕੇਂਦਰੀ ਸ਼ਾਸਿਤ ਰਹੇ ਇਸ ਇਲਾਕੇ ਦਾ ਪਾਕਿਸਤਾਨੀ ਫੌਜ ਆਪਣੇ ਹਿੱਤਾਂ ਦੇ ਅਨੁਸਾਰ ਇਸਤੇਮਾਲ ਕਰਦੀ ਰਹੀ ਹੈ। ਤਾਲਿਬਾਨ ਲੜਾਕੇ ਇਥੋਂ ਜਾ ਕੇ ਅਫਗਾਨਿਸਤਾਨ ਵਿੱਚ ਹਮਲੇ ਕਰਦੇ ਰਹੇ ਹਨ ਅਤੇ ਵਾਪਸ ਆ ਕੇ ਸ਼ਰਨ ਲੈਂਦੇ ਰਹੇ ਹਨ।


## ਦੇਖੋ ਮਾਲਿਸ਼ ਦਾ ਕਮਾਲ

**ਪਿੱਠ, ਗੋਢੇ, ਮੋਢੇ, ਧੌਣ, ਲੱਤਾਂ, ਕੂਹਣੀ, ਗਿੱਟੇ, ਚੁਲ੍ਹੇ ਦੀ ਕੋਈ ਵੀ ਦਰਦ ਤੋਂ ਪਰੇਸ਼ਾਨ ਹੋ ਤਾਂ ਇੱਕ ਨਾਂ ਨੋਟ ਕਰੋ : ਸ. ਕੇਵਲ ਸਿੰਘ**

Migraine, Cervical ਅਤੇ ਧਰਨ ਵਰਗੀਆਂ ਬਿਮਾਰੀਆਂ ਨੂੰ ਵੀ ਇਹ ਬਿਨ੍ਹਾਂ ਕਿਸੇ ਦਵਾਈ ਦਿਤਿਆਂ ਮਾਲਿਸ਼ ਨਾਲ ਦੋ ਤਿਨ ਵਿੱਚ ਘੋੜੇ ਵਾਂਗੂ ਕਰ ਦਿੰਦੇ ਹਨ।

ਕਿਨੇ VIP ਲੋਕ ਇਨ੍ਹਾਂ ਦੇ ਹੱਥੋ ਮਾਲਿਸ਼ ਕਰਾ ਕੇ ਨੋ ਬਰ ਨੋ ਹੋਏ ਹਨ

ਜਿਆਦਾ ਜਾਣਕਾਰੀ ਲਈ ਕਾਲ ਕਰੋ:

**647-927-2049**

## ਟੱਰਕ ਤੇ ਟ੍ਰੇਲਰ ਰਿਪੇਅਰ ਸ਼ਾਪ ਨੂੰ ਮਕੈਨਿਕਾਂ ਦੀ ਲੋੜ ਹੈ

- 6 ਦਿਨ ਕੰਮ ਸੋਮਵਾਰ ਤੋਂ ਸ਼ਨੀਵਾਰ
- Biweekly payment
- Homely Environment
- ਵਧੀਆ ਤਨਖਾਹ



Minimum 1 year experience & Trained mechanic

ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:

**647.898.4042/416.505.6857**

(Call from 9am to 6pm)






## Matrimonial

ਰਿਸ਼ਤੇ ਹੀ ਰਿਸ਼ਤੇ

Starting at just $10

ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ ਕਾਲ ਕਰੋ: 905-793-2202


## ਲੜਕੀ ਦੀ ਲੋੜ

ਕੈਨੇਡਾ ਵਿੱਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉੱਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ਰੂਰਤ ਹੈ। ਤਰਨਤਾਰਨ ਵਿੱਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਚਾਹਵਾਨ ਸੱਜਣ ਇਨ੍ਹਾਂ ਨੰਬਰਾਂ ਉੱਤੇ ਸੰਪਰਕ ਕਰ ਸਕਦੇ ਹਨ-9815908662, 9815032106,416-817-4684.

Saini Sikh ਲੜਕਾ, Age 25 ਸਾਲ, Hight 5ft 7 inch, Rang Gora, Parmanent in Italy, Back home Nawanshahr. ਲੜਕੇ ਦਾ ਚਾਚਾ ਤੇ ਭੂਆ Citizen in Canada, ਲੜਕਾ visitor in Canada. ਸੰਪਰਕ: 905-840-4516,647-657-9157

ਜੱਟ ਸਿੱਖ ਢਿੱਲੋ ਲੜਕਾ, ਉਮਰ 25 ਸਾਲ, ਕੱਦ 5'-11'', ਇੰਡੀਆ ਫਗਵਾੜਾ (ਪੰਜਾਬ) ਵਿੱਚ ਰਹਿੰਦੇ ਲੜਕੇ ਲਈ ਕੇਨੈਡੀਅਨ ਪੀ-ਆਰ ਲੜਕੀ ਜਾਂ ਵੱਰਕ ਪਰਮਿਟ/ਸਟੂਡੈਂਟ ਲੜਕੀ ਦੀ ਲੋੜ ਹੈ। ਪੀ-ਆਰ /ਟੁਦੇ ਦਾ ਸਾਰਾ ਖਰਚਾ ਲੜਕੇ ਦਾ ਪਰਿਵਾਰ ਕਰੇਗਾ। ਲੜਕੇ ਦਾ ਭਰਾ ਕੇਨੈਡਾ ਵਿੱਚ ਵੇਲ ਸੈਟਲਡ ਹੈ। ਕਾਲ ਕਰੋ: 416-628-6468 ਜਾਂ 01191-94634-85326

ਜੱਟ ਸਿੱਖ ਸਰਦਾਰ, ਉਮਰ 26 ਸਾਲ, ਲੰਬਾਈ 5 ਫੁੱਟ 8 ਇੰਚ, B.tech ਪੜ੍ਹਿਆ, ਵੀਜ਼ਿਟਰ ਵਿਜੇ ਤੇ ਆਏ ਲੜਕੇ ਲਈ Student/PR/Citizen ਲੜਕੀ ਦੀ ਲੋੜ ਹੈ। ਲੜਕੇ ਦਾ ਭਰਾ ਕੈਨੇਡਾ ਵਿੱਚ PR ਹੈ। ਸੰਪਰਕ- 289-772-6056, 437-236-5093

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5'11'' ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Student ਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Student ਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਜੱਟ ਸਿੱਖ ਲੜਕਾ ਉਮਰ 29 ਸਾਲ, ਕੱਦ 6'2'', MCOM, MBA & PGDCA ਅੰਮ੍ਰਿਤਧਾਰੀ ਵਿਜ਼ੀਟਰ ਵੀਜ਼ੇ ਤੇ ਆਏ ਲੜਕੇ ਲਈ PR/Citizen/Student ਲੜਕੀ ਦੀ ਲੋੜ ਹੈ । (Student ਦਾ ਖਰਚਾ ਵੀ ਕਰ ਸਕਦੇ ਹਾਂ) ਜਿਆਦਾ ਜਾਣਕਾਰੀ ਲਈ ਸੰਪਰਕ ਕਰੋ: 647-643-4154

ਸਿੱਖ ਸੈਣੀ ਸਿਟੀਜਨ, ਉਮਰ 27 ਸਾਲ, ਕੱਦ 5 ਫੁੱਟ 6 ਇੰਚ, BSc Graduate, ਵਧੀਆ IT ਜੋਬ ਕਰਦੇ ਲੜਕੇ ਲਈ ਕੈਨੇਡੀਅਨ ਸਿਟੀਜਨ \ ਪੀ ਆਰ ਲੜਕੀ ਦੀ ਲੋੜ ਹੈ। ਕੈਨੇਡੀਅਨ ਸਿਟੀਜਨ ਨੂੰ ਪਹਿਲ। ਸੰਪਰਕ ਕਰੋ : 416-662-0730 ਜਾਂ ਫੇਰ ਈ-ਮੇਲ ਕਰੋ:sainig5@yahoo.ca

Khatriboy 5'-7", Age 30 yrs, M.sc. in Mechanical eng. PR in Canada ਲਈ WorkPermit ਜਾਂ PR ਹੋਈ ਪੜ੍ਹੀ ਲਿਖੀ ਲੜਕੀ ਦੀ ਜਰੂਰਤ ਹੈ। – CASTE NO-BAR. For more info. Call 416-917-8804

## ਲੜਕੀ ਦੀ ਲੋੜ

ਜੱਟ ਸਿੱਖ, ਉਮਰ 27 ਸਾਲ, ਕੱਦ 5'-11'', ਪੜ੍ਹਿਆ-ਲਿਖਿਆ, ਵੈਸ਼ਨੂ ਤੇ ਕੈਨੇਡਾ ਵਿੱਚ ਵੈਲ-ਸੈਟਲ ਲੱਤਕੇ ਲਈ ਪੜ੍ਹੀ-ਲਿਖੀ ਕੈਨੇਡੀਅਨ ਸਿਟੀਜ਼ਨ ਜਾਂ P.R ਲੜਕੀ ਦੀ ਲੋੜ ਹੈ। ਸੰਪਰਕ ਕਰੋ: 647-290-8872 । 905-963-9134 ਜਾਂ ਈ-ਮੇਲ : mdeol84@yahoo.com

Well settled Mair Rajput family in GTA looking for beautiful, tall, educated, preferably post graduate girl from a educated family for well-established handsome, vegetarian Canadian boy, 28 Yrs. / 5'-11", BBA & PG Dip. Mktg. running own business in GTA. Father & Mother doctors, having their own clinic & house in Brampton. Email Bio-data with Photograph at: vermaintoronto@gmail.com

ਜੱਟ ਸਿੱਖ ਭੱਠਲ, ਉਮਰ 32 ਸਾਲ, ਕੱਦ 6 ਫੁੱਟ, BA ਪਾਸ, ਨਸ਼ਾ ਰਹਿਤ ਲੜਕੇ ਲਈ PR ਜਾਂ Citizen ਲੜਕੀ ਦੀ ਲੋੜ। ਲੜਕਾ ਵਰਕ ਪਰਮਿਟ ਤੇ ਵਧੀਆ ਜਪਬ ਕਰਦਾ ਹੈ, ਲੁਧਿਆਣਾ ਤੇ ਮੋਗਾ ਜਿਲ੍ਹੇ ਨੂੰ ਪਹਿਲ, ਡਿਵੋਰਸੀ ਤੇ ਵੀ ਗੌਰ ਕੀਤੀ ਜਾ ਸਕਦੀ ਹੈ, ਲੜਕੇ ਦੀ ਭੈਣ ਕੇਨੇਡਾ ਵਿੱਚ ਵੈੱਲ ਸੈਟਲਡ ਹੈ। ਸੰਪਰਕ ਕਰੋ: 416-846-4141, 647-293-3813 ਜਾਂ ਫੇਰ ਈ-ਮੇਲ ਕਰੋ jyot317@gmail.com

ਜੱਟ ਸਿੱਖ ਲੜਕਾ, ਉਮਰ 27 ਸਾਲ, ਕੱਦ 5'11'', ਨਸ਼ਿਆਂ ਤੋ ਦੂਰ, ਬੀ ਏ ਪਾਸ ਲਈ ਕਨੇਡੀਅਨ ਪੀ ਆਰ ਜਾਂ ਵੀਜ਼ਿਟਰ ਲੜਕੀ ਦੀ ਲੋੜ ਹੈ, ਸਟੂਡੈਂਟ ਤੇ ਵੀ ਗੋਰ ਕੀਤੀ ਜਾ ਸਕਦੀ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: +647 339 0864

ਜੱਟ ਸਿੱਖ ਕੁਲਾਰ ਲੜਕਾ, ਉਮਰ 27 ਸਾਲ , ਕੱਦ 5'10'', Self Employed, ਵੱਰਕ ਵੀਜੇ ਤੇ ਆਏ ਲੜਕੇ ਲਈ, ਸੋਹਣੀ ਸੁਣਖੀ, ਲੰਮੀ ਤੇ ਪਤਲੀ P.R ਜਾਂ citizen ਲੜਕੀ ਦੀ ਲੋੜ ਹੈ। Student ਤੇ ਵੀ ਗੋਰ ਕੀਤੀ ਜਾ ਸਕਦੀ ਹੈ ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 91-9888871813 । 306-612-4093 ਜਾਂ ਇ ਮੇਲ ਕਰੋ: kaurindergrewal@gmail.com

Match for Handsome, Teetotaller, Punjabi Hindu Khatri/Sood boy 44/5'11''(Divorced), Looks Younger, Fair, well settled, Canadian Citizen (India born), Engineer, MBA, CAIB. Own house in Canada/India. Caste no Bar.Father retired officer and mother h/maker. Looking for unmarried, well mannered understand family values. Cell/whatsapp: 647-572-3089

## ਲੜਕੇ ਦੀ ਲੋੜ

Canadian born punjabi tonk kshatriya girl, 35 yrs old, 5'3", certificate in accounting. Boy should be hindu punjabi (36 to 39 yrs), (5'9" to 5'11"), attractive, athletic, vegetarian, educated. Plz send biodata with recent pictures.
E -mail: matri.response2018@gmail. com 1 mnth

**Match needed for well settled 5'4'', 46 yrs old. Doing Govt Job in India. Holding visitir visa of Canada. She has 14 yrs old son. Contact +91-7986385880**

ਸਿੱਧੂ ਗੁਰਸਿਖ, ਉਮਰ 33 ਸਾਲ, B.Sc Science,ਇੰਡੀਆ, ਲੁਧਿਆਣਾ ਵਿੱਚ ਅਧਿਆਪਕ ਦੀ ਜੋਬ ਕਰ ਰਹੀ ਲੜਕੀ ਲਈ ਲੜਕੇ ਦੀ ਲੋੜ ਹੈ। Divorcee ਤੇ ਵੀ ਗੋਰ ਕੀਤੀ ਜਾ ਸਕਦੀ ਹੈ; ਸੰਪਰਕ ਕਰੋ: 416-358-9294 । 204-583-3970 । 9815410050 1

ਜੱਟ ਸਿੱਖ ਲੜਕੀ ਉਮਰ 28 ਸਾਲ, ਮਾਸਟਰ ਡਿਗਰੀ ਪੰਜਾਬੀ ਯੂਨੀਵਰਸਿਟੀ, ਤਲਾਕਸੁਧਾ ਤੇ ਇਕ ਤਿੰਨ ਸਾਲਾਂ ਦੀ ਧੀ ਲਈ ਕੈਨੇਡੀਅਨ PR ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ : 416-725-2929

ਜਟ ਸਿਖ ਪਰਿਵਾਰਕ ਲੜਕੀ, ਉਮਰ 28 ਸਾਲ, ਕਦ 5'-4'', +2 ਕੀਤੀ ਹੋਨਹਾਰ ਲੜਕੀ ਲਈ P.R or Divorcee ਲੜਕਾ ਚਾਹੀਦਾ ਹੈ। ਲੜਕੀ ਇਥੇ ਕਨੇਡਾ ਆਈ ਹੋਈ ਹੈ। ਕਾਲ ਕਰੋ : 289-489-9321 ਜਾਂ 1-204-951-7136

ਰਸੂਖ਼ਦਾਰ ਪੰਜਾਬੀ ਖੱਤਰੀ ਪਰਿਵਾਰ ਦੀ ਖੂਬਸੂਰਤ ਤੇ ਚੰਗੀ ਪੜ੍ਹੀ ਲਿਖੀ ਲੜਕੀ ਲਈ ਵੈੱਲਸੈਟਲਡ ਤੇ ਯੋਗ ਵਰ ਦੀ ਭਾਲ ਹੈ। ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਜੀਆਈਐਸ ਐਂਡ ਰਿਮੋਟ ਸੈਂਸਿੰਗ ਵਿੱਚ ਪੋਸਟ ਗ੍ਰੈਜੂਏਟ ਹੈ। ਲੜਕੀ ਦੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ ਹੈ। ਲੜਕੀ ਸੁਸ਼ੀਲ ਤੇ ਪਰਿਵਾਰਪੱਖੀ ਸੋਚ ਰੱਖਣ ਵਾਲੀ ਹੈ। ਲੜਕੀ ਭਾਰਤ ਦੀ ਨਾਗਰਿਕ ਹੈ ਤੇ ਇਸ ਸਮੇਂ ਭਾਰਤ ਵਿੱਚ ਹੀ ਹੈ। ਭਰਾ ਦਾ ਪਰਿਵਾਰ ਸਥਾਈ ਤੌਰ ਉੱਤੇ ਟੋਰਾਂਟੋ ਸੈਟਲਡ ਹੈ। ਇਸ ਸਮੇਂ ਪਿਤਾ ਟੋਰਾਂਟੋ ਵਿੱਚ ਹਨ। ਸੰਪਰਕ : 416-890-2725 (ਪਿਤਾ), 416-457-8631 (ਭਰਾ), email- mthapar21@gmail.com

## ਲੜਕੇ ਦੀ ਲੋੜ

ਅਮ੍ਰਿਤਧਾਰੀ ਕੈਨੇਡੀਅਨ ਗੁਰਸਿੱਖ ਸੈਣੀ, ਉਮਰ 49 , ਕੱਦ 5 '1 " Never Married, ਲੇਡੀ ਜੋ ਕੇ well settled ਹੈ , ਪੋਸਟ Graduate ਇੰਗਲਿਸ਼ ਲਿਟਰੇਚਰ , ਲਈ ਯੋਗ ਅਮ੍ਰਿਤਧਾਰੀ ਵਰ ਚਾਹੀਦਾ ਹੈ! ਸੰਪਰਕ ਕਰੋ : 437-684-7755

ਜੱਟ ਸਿੱਖ ਬੈਨੀਪਾਲ ਲੜਕੀ, ਉੱਮਰ 23 ਸਾਲ, ਯੋਗਤਾ ਬੀ ਐਸ ਸੀ ਨਰਸਿੰਗ, ਵਰਕ ਪਰਮਿਟ ਤੇ' ਰਹਿ ਰਹੀ ਅਤੇ ਬੇਲ ਕੰਪਨੀ ਵਿੰਨ ਨੌਕਰੀ ਕਰਦੀ ਲੜਕੀ ਲਈ ਲੜਕੇ ਦੀ ਲੋੜ ਹੈ। ਉਹੀ ਸੰਪਰਕ ਕਰਨ ਜੋ ਲੜਕੀ ਦੇ ਇੰਡੀਆ ਰਹਿੰਦੇ ਭਰਾ ਜਿਸਦੀ ਉੱਮਰ 26 ਸਾਲ, ਬੀ ਏ ਪਾਸ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ: 647-544-3435

25 ਸਾਲਾਂ ਲੜਕੀ, 5'3'', ਕੈਮੀਕਲ ਟੈਕਨੀਸ਼ਅਨ ਦਾ ਕੋਰਸ ਕੀਤਾ ਹੈ ਅਤੇ ਵਿਜ਼ੀਟਰ ਵੀਜੇ ਤੇ' ਕੈਨੇਡਾ ਹੈ ਲਈ ਵੈਸ਼ਨੂੰ ਪੀ ਆਰ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਕਾਲ 647-687-6642 ਜਾਂ +91-99142-41710

ਜੱਟ ਸਿੱਖ ਲੱੜਕੀ, ਉਮਰ 28 ਸਾਲ, ਕੱਦ 5'-6'', Divorcee ਤੇ 4 ਸਾਲ ਦੀ ਧੀ, ਇੰਡੀਆ ਰਹਿ ਰਹੀ ਲੜਕੀ ਲਈ ਕੈਨੇਡੀਅਨ ਸਿਟੀਜ਼ਨ ਜਾਂ ਇਮੀਗ੍ਰੇਂਟ ਲੜਕੇ ਦੀ ਲੋੜ ਹੈ। Divorcee ਜਾਂ ਜਾਤ-ਪਾਤ ਤੇ ਵੀ ਗੌਰ ਕੀਤੀ ਜਾ ਸਕਦੀ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: +91 9872665678 । 416-822-5229

ਜੱਟ ਸਿੱਖ ਗਿੱਲ ਲੜਕੀ ਸੋਹਣੀ ਸੁਣਖੀ, 1990 , ਕੱਦ 5'4'', ਵਿਜ਼ਟਰ ਵੀਜੇ ਤੇ ਆਈ ਖਾਨਦਾਨੀ ਲੜਕੀ ਜ਼ਿਲ੍ਹਾ ਲੁਧਿਆਣਾ ਲਈ, ਵੈਸ਼ਨੂ , ਕੈਨੇਡੀਅਨ PR ਜਾਂ ਸਿਟੀਜ਼ਨ ਲੜਕੇ ਦੀ ਲੋੜ ਹੈ। ਲੜਕੀ ਆਪਣੇ ਤਾਏ, ਤਾਈ ਕੋਲ ਰਹਿ ਰਹੀ ਹੈ। ਤਲਾਕਸ਼ੁਧਾ ਤੇ ਵੀ ਗੌਰ ਕੀਤੀ ਜਾ ਸਕਦੀ ਹੈ। ਇਕ ਭਰਾ ਜੋ ਕਿ ਕੈਨੇਡਾ ਵਿੱਚ ਵੈਲ ਸੇਟਲਡ ਹੈ। ਸੰਪਰਕ ਕਰੋ : 647-267-0656 । 416-509-7252

ਜੱਟ ਸਿੱਖ ਲੱੜਕੀ, ਉਮਰ 28 ਸਾਲ, ਕੱਦ 5'-3'', ਬੀ.ਡੀ.ਐਸ (ਡੈਨਟਿਸਟ), ਅਮੈਰਿਕਨ ਸਿਟੀਜ਼ਨ, ਵਧੀਆ ਜੋਬ ਕਰਦੀ ਲੜਕੀ ਲਈ ਖਾਨਦਾਨੀ ਕੈਨੇਡੀਅਨ ਜਾਂ ਅਮੈਰਿਕਨ ਪੜ੍ਹੇ-ਲਿਖੇ ਸਿਟੀਜ਼ਨ ਲੜਕੇ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 847-845-4866, 847-845-6195

ਜੱਟ ਸਿੱਖ ਲੜਕੀ, ਉਮਰ 33 ਸਾਲ, ਇਕ ਬੱਚੀ ਸਾਢੇ 3 ਸਾਲ, ਲਈ ਲੜਕੇ ਦੀ ਲੋੜ ਹੈ। ਲੜਕੀ ਵਿਜ਼ਟਰ ਵੀਜ਼ੇ 'ਤੇ ਕੈਨੇਡਾ ਆਈ ਹੋਈ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: 647-239-4939, 734-377-4076


## Cell n Tell Distribution Inc.

1-401 Traders Blvd E, Mississauga, ON

Requires F/T Permanent Position, "Cellular Telephone Technician" to diagnose faults, Install, arrange, remove, maintain cellphones and related equipment. Ability to work on circuit boards, wiring and associated hardware. Inspect and test cellular equipment. Repair or replace defective and damages parts, wiring and associated equipment.

- $29 per hr
- Experience: 3-5 years
- Education has to be secondary high school or equivalent experience

Email Resume at umar.w@cellntell.com

## ਫੋਨਾਂ ਦੇ ਸਸਤੇ ਪਲਾਨ ਗਾਰੰਟਿਡ

ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ, ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓਂ

15 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ

(905)790-9999

2565 Steeles Ave. E, Brampton (Steeles/Torbram)

## Cell n Tell Distribution Inc.

1-401 Traders Blvd E, Mississauga, ON

Requires F/T Permanent Position, 30 Hrs P/Week "Wholesale Establishment Manager" to study market research and trends to determine consumer demand, potential sales volumes and effect of competitors operation on sales. Determine merchandise and services to be sold, Implement Price and credit policies, locate and select and procure merchandise for resale. Develop and implement marketing strategies. Plan budgets and monitor revenues and expenses. Resolve problems, customer complaints and supply shortages, plan, organize, direct, control evaluate daily operations.

- $50 per hr
- Experience: 5 years or more
- Education: Bachelors Degree Business/Commerce

Email Resume: hr@cellntell.com or umar.w@cellntell.com

## STARLANE PAINTING

Residential • Commercial • Industrial

- Hotel • Motel • Exterior
- Interior • Spray Painting
- Office Painting • Drywall Fixing

ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ

7 Days A Week

Call For FREE Estimate

ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ



416.230.4000 • 647.409.1092

www.STARLANEPAINTING.com

ਹਰਜੀਤ ਧਨੋਆ

# ਕਾਨਵੋਕੇਸ਼ਨ ਮੌਕੇ ਰਾਜਾ ਰਣਧੀਰ ਸਿੰਘ ਅਤੇ ਡਾ. ਸੰਧੂ ਆਨਰੇਰੀ ਡਿਗਰੀਆਂ ਨਾਲ ਸਨਮਾਨਿਤ

## ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀ ਗੋਲਡਨ ਜੁਬਲੀ

ਅੰਮ੍ਰਿਤਸਰ, 21 ਜੁਲਾਈ (ਪੋਸਟ ਬਿਊਰੋ) ਮਾਨਯੋਗ ਉਚੇਰੀ ਸਿਖਿਆ ਮੰਤਰੀ ਪੰਜਾਬ, ਸ. ਤ੍ਰਿਪਤ ਰਜਿੰਦਰ ਸਿੰਘ ਬਾਜਵਾ ਨੇ ਕਿਹਾ ਹੈ ਕਿ ਮੌਜੂਦਾ ਸਮੇਂ ਦੌਰਾਨ ਸਮਾਜ ਵੱਡੀਆਂ ਚੁਣੌਤੀਆਂ ਨਾਲ ਜੂਝ ਰਿਹਾ ਹੈ ਜਿਨ੍ਹਾਂ ਵਿਚ ਧਰਤੀ ਹੇਠਲੀ ਜਲ ਦੀ ਕਮੀ, ਵਾਤਾਵਰਣ, ਨਸ਼ਾ, ਸਮਾਜਿਕ ਕਦਰਾਂ ਕੀਮਤਾਂ ਵਿਚ ਨਿਘਾਰ ਅਤੇ ਮੋਬਾਈਲ ਦੀ ਦੁਰਵਰਤੋਂ ਆਦਿ ਸ਼ਾਮਿਲ ਹੈ। ਕੋਈ ਵੀ ਸਿਖਿਆ ਅਦਾਰਾ ਨਰੋਏ ਸਮਾਜ ਦੀ ਸਿਰਜਣਾ ਵਿਚ ਅਹਿਮ ਭੂਮਿਕਾ ਅਦਾ ਕਰਦਾ ਹੈ। ਡਿਗਰੀ ਪ੍ਰਾਪਤ ਕਰਨਾ ਕੇਵਲ ਨੌਕਰੀ ਆਦਿ ਤਕ ਹੀ ਸੀਮਤ ਨਹੀਂ ਹੋਣਾ ਚਾਹੀਦਾ ਸਗੋਂ ਸਮਾਜ ਵਿਚ ਚੰਗੇ ਵਰਤੋਂ-ਵਰਤਾਓ ਦਾ ਆਧਾਰ ਹੋਣਾ ਚਾਹੀਦਾ ਹੈ। ਉਹ ਅੱਜ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀ ਗੋਲਡਨ ਜੁਬਲੀ ਯੀਅਰ ਕਾਨਵੋਕੇਸ਼ਨ ਮੌਕੇ ਵਿਦਿਆਰਥੀਆਂ ਨੂੰ ਸੰਬੋਧਨ ਕਰ ਰਹੇ ਸਨ।

ਇਸ ਮੌਕੇ ਉਨ੍ਹਾਂ ਨੇ ਯੂਨੀਵਰਸਿਟੀ ਵੱਲੋਂ ਪ੍ਰਸਿੱਧ ਵਿਦਵਾਨ ਤੇ ਖਿਡਾਰੀ ਰਾਜਾ ਰਣਧੀਰ ਸਿੰਘ, ਲਾਈਫ ਟਾਈਮ ਵਾਈਸ ਪ੍ਰੈਜ਼ੀਡੈਂਟ ਆਫ ਓਲੰਪਿਕ ਕੌਂਸਲ ਆਫ ਏਸ਼ੀਆ ਅਤੇ ਡਾ. ਗੁਰਤੇਜ ਸਿੰਘ ਸੰਧੂ, ਸੀਨੀਅਰ ਫੈਲੋ ਐਂਡ ਵਾਈਸ ਪ੍ਰੈਜ਼ੀਡੈਂਟ ਮਾਈਕਰੋਨ ਟੈਕਨਾਲੋਜੀ ਨੂੰ ਉਨ੍ਹਾਂ ਵੱਲੋਂ ਆਪਣੇ ਆਪਣੇ ਖੇਤਰ ਵਿਚ ਪਾਏ ਅਹਿਮ ਯੋਗਦਾਨ ਸਦਕਾ ਆਨਰਜ਼ ਕਾਜ਼ਾ ਡਿਗਰੀਆਂ ਨਾਲ ਸਨਮਾਨਿਤ ਕੀਤਾ। ਇਸ ਮੌਕੇ ਕੈਬਨਿਟ ਮੰਤਰੀ ਰਾਣਾ ਗੁਰਮੀਤ ਸਿੰਘ ਸੋਢੀ; ਸ. ਸੁਖਜਿੰਦਰ ਸਿੰਘ ਰੰਧਾਵਾ ,ਸ. ਸੁਖਬਿੰਦਰ ਸਿੰਘ ਸਰਕਾਰੀਆ; ਮੈਂਬਰ ਪਾਰਲੀਮੈਂਟ ਸ. ਗੁਰਜੀਤ ਸਿੰਘ ਔਜਲਾ; ਡਾ. ਰਾਜਕੁਮਾਰ ਵੇਰਕਾ ਅਤੇ ਸ੍ਰੀ ਸੁਨੀਲ ਦੱਤੀ, ਡਾ. ਧਰਮਵੀਰ ਅਗਨੀਹੋਤਰੀ,ਹਰਪ੍ਰਤਾਪ ਸਿੰਘ ਅਜਨਾਲਾ,ਤਰਸੇਮ ਸਿੰਘ ਡੀਸੀ (ਸਾਰੇ ਵਿਧਾਇਕ) , ਇੰਪਰੂਵਮੈਂਟ ਟੱਰਸਟ ਦੇ ਚੇਅਰਮੈਨ ਦਿਨੇਸ਼ ਬਸੀ,ਡਿਪਟੀ ਮੇਅਰ ਰਮਨ ਬਖਸ਼ੀ, ਕਾਂਗਰਸ ਦਿਹਾਤੀ ਜਿਲ੍ਹਾ ਪ੍ਰਧਾਨ ਭਗਵੰਤਪਾਲ ਸਿੰਘ ਸੱਚਰ ਤੋਂ ਇਲਾਵਾ ਵੱਡੀ ਗਿਣਤੀ ਵਿਚ ਪ੍ਰਮੁੱਖ ਸ਼ਖਸੀਅਤਾਂ ਹਾਜ਼ਰ ਸਨ।

ਇਸ ਮੌਕੇ 173 ਗੋਲਡ ਮੈਡਲ, 15 ਮੈਮੋਰੀਅਲ ਮੈਡਲ, ਸ੍ਰੀ ਸ਼ਾਮ ਸੁੰਦਰ ਮੈਮੋਰੀਅਲ ਟਰਾਫੀ, 179 ਪੀ.ਐੱਚ.ਡੀ., 21 ਐੱਮ. ਫਿਲ, 256 ਮਾਸਟਰ ਅਤੇ 256 ਬੈਚਲਰ ਡਿਗਰੀਆਂ ਵੱਖ ਵੱਖ ਫੈਕਲਟੀ ਦੇ ਵਿਦਿਆਰਥੀਆਂ-ਖੋਜਾਰਥੀਆਂ ਨੂੰ ਪ੍ਰਦਾਨ ਕੀਤੀਆਂ ਗਈਆਂ।

ਬਾਜਵਾ ਨੇ ਕਿਹਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ 500ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸਥਾਪਤ ਕੀਤੀ ਗਈ ਇਹ ਯੂਨੀਵਰਸਿਟੀ ਹੁਣ ਗੁਰੂ ਜੀ ਦੇ 550ਵੇਂ ਪ੍ਰਕਾਸ਼ ਪੁਰਬ ਮੌਕੇ ਆਪਣੀ ਗੋਲਡਨ ਜੁਬਲੀ ਵੀ ਮਨਾ ਜਾ ਰਹੀ ਹੈ। ਉਨ੍ਹਾਂ ਨੇ ਗੁਰੂ ਨਾਨਕ ਦੇਵ ਜੀ ਪ੍ਰਤੀ ਸ਼ਰਧਾ ਪ੍ਰਗਟ ਕਰਦਿਆਂ ਕਿਹਾ ਕਿ ਜਿਸ ਉਦੇਸ਼ ਨਾਲ ਇਹ ਯੂਨੀਵਰਸਿਟੀ ਸਥਾਪਿਤ ਕੀਤੀ ਗਈ ਸੀ । ਉਹ ਕਾਰਜ ਯੂਨੀਵਰਸਿਟੀ ਬਾਖੂਬੀ ਨਿਭਾਅ ਰਹੀ ਹੈ ਅਤੇ ਬਹੁਤ ਮਾਣ ਵਾਲੀ ਗੱਲ ਹੈ ਕਿ ਇਹ ਯੂਨੀਵਿਰਸਿਟੀ ਅੱਜ ਦੇਸ਼ ਦੀਆਂ ਚੋਟੀ ਦੀਆਂ ਯੂਨੀਵਰਸਿਟੀਆਂ ਵਿਚ ਸ਼ਾਮਿਲ ਹੈ। ਉਨ੍ਹਾਂ ਕਿਹਾ ਕਿ ਸਿਖਿਆ ਸਬੰਧੀ ਗੁਰੂ ਜੀ ਦਾ ਉਪਦੇਸ਼ ਸੀ ਕਿ ਇਸ ਦਾ ਮੂਲ ਮਨੋਰਥ ਮਨੁੱਖ ਨੂੰ ਗਿਆਨਵਾਨ ਬਣਾਉਂਦੇ ਹੋਏ ਮਨੁੱਖਤਾ ਦੀ ਭਲਾਈ ਕਰਨਾ ਹੈ। ਸਿਖਿਆ ਦੇ ਜ਼ਰੀਏ ਹੀ ਨਫਰਤ, ਸੰਪਰਦਾਇਕਤਾ ਅਤੇ ਕੱਟੜਵਾਦ ਵਰਗੀਆਂ ਨਾਕਾਰਾਤਮਕ ਰੁਝਾਨਾਂ ਦਾ ਖਾਤਮਾ ਕੀਤਾ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਸਿਖਿਆ ਗੁਣਵਤਾ ਭਰਪੂਰ ਮਨੁੱਖੀ ਸਰੋਤ ਦਾ ਅਹਿਮ ਸਾਧਨ ਹੈ। ਇਹ ਅਜਿਹੀ ਸ਼ਕਤੀ ਹੈ ਜਿਸ ਨਾਲ ਚੰਗੇਰੇ, ਸਿਹਤਮੰਦ ਅਤੇ ਰਚਨਾਤਮਕ ਸਮਾਜ ਦੀ ਸਿਰਜਣਾ ਕੀਤੀ ਜਾ ਸਕਦੀ ਹੈ। ਇਸ ਲਈ ਇਹ ਜ਼ਰੂਰੀ ਹੈ ਕਿ ਅਸੀਂ ਆਪਣੇ ਵਿਦਿਆਰਥੀਆਂ ਲਈ ਵਿਧੀਵਤ ਢੰਗ ਨਾਲ ਅਜਿਹੀ ਸਿਖਿਆ ਦੀ ਵਿਵਸਥਾ ਕਰੀਏ ਜੋ ਉਨ੍ਹਾਂ ਵਿਚ ਰੁਜ਼ਗਾਰ ਹੁਨਰ ਪੈਦਾ ਕਰਨ ਦੇ ਨਾਲ ਨਾਲ ਉਨ੍ਹਾਂ ਨੂੰ ਸਹੀ ਫੈਸਲਾ ਲੈਣ ਦੇ ਯੋਗ ਬਣਾਉਂਦੇ ਹੋਏ ਚੰਗੇ ਇਨਸਾਨ ਬਣਾਏ।

ਉਨ੍ਹਾਂ ਵਧ ਰਹੇ ਮੋਬਾਈਲ ਦੇ ਰੁਝਾਨ ਦੀ ਗੱਲ ਕਰਦਿਆਂ ਕਿਹਾ ਕਿ ਮੋਬਾਈਲ ਨੇ ਜਿਥੇ ਸਾਡੇ ਸਮਾਜ ਨੂੰ ਬਹੁਤ ਸੁਖਾਵਾਂ ਬਣਾਇਆ ਹੈ ਉਥੇ ਸਾਡੇ ਨੌਜੁਆਨਾਂ, ਬੱਚਿਆਂ ਅਤੇ ਇਥੋਂ ਤਕ ਵੱਡਿਆਂ ਵਿਚ ਇਸ ਦੇ ਨਾਕਾਰਤਮਕ ਰੁਝਾਨ ਵਧਾਏ ਹਨ। ਉਨ੍ਹਾਂ ਕਿਹਾ ਕਿ ਮੋਬਾਈਲ ਜਿਥੇ ਸਾਨੂੰ ਨੇੜੇ ਲਿਆ ਰਿਹਾ ਹੈ ਉਥੇ ਹੀ ਭਾਵਾਨਤਮਕ ਦੂਰੀ ਕੋਹਾਂ ਵਿਚ ਵਧ ਗਈ ਹੈ। ਉਨ੍ਹਾਂ ਕਿਹਾ ਕਿ ਇਸ ਦੀ ਦੁਰਵਰਤੋਂ ਨਾਲ ਜਿਥੇ ਦਿੱਸਦੇ-ਅਣਦਿੱਸਦੇ ਮਨੋਰੋਗ ਵਧ ਰਹੇ ਹਨ ਉਸਦੇ ਨਾਲ ਨਾਲ ਹੀ ਸਰੀਰਿਕ ਪੱਧਰ ’ਤੇ ਵੀ ਇਸ ਦਾ ਬੁਰਾ ਪ੍ਰਭਾਵ ਪੈ ਰਿਹਾ ਹੈ। ਉਨ੍ਹਾਂ ਕਿਹਾ ਕਿ ਜਿਥੇ ਮੋਬਾਈਲ ਲੋਕਾਂ ਨੂੰ ਆਪਸ ਵਿਚ ਮਿਲਾਉਣ ਦਾ ਕਾਰਜ ਕਰ ਰਿਹਾ ਹੈ ਉਥੇ ਹੀ ਇਹ ਵਿਛੋੜੇ ਦਾ ਵੀ ਸਾਧਨ ਬਣ ਰਿਹਾ ਹੈ।

ਉਨ੍ਹਾਂ ਪੰਜਾਬ ਦੇ ਘੱਟ ਰਹੇ ਪਾਣੀ ਦੇ ਪੱਧਰ ਬਾਰੇ ਗੱਲ ਕਰਦਿਆਂ ਕਿਹਾ ਕਿ ਪੰਜਾਬ ਕੋਲ ਧਰਤੀ ਹੇਠਲਾ ਪਾਣੀ ਦਿਨ ਬ ਦਿਨ ਘਟਦਾ ਜਾ ਰਿਹਾ ਹੈ ਅਤੇ ਇਸ ਦੀ ਉਮਰ ਕੇਵਲ ਵੀਹ ਸਾਲ ਤਕ ਹੀ ਰਹਿ ਰਹੀ ਹੈ। ਇਸ ਤੋਂ ਪਹਿਲਾਂ ਵਾਈਸ-ਚਾਂਸਲਰ ਪ੍ਰੋਫੈਸਰ ਜਸਪਾਲ ਸਿੰਘ ਸੰਧੂ ਨੇ ਮਾਣਯੋਗ ਮੰਤਰੀ ਅਤੇ ਕਾਨਵੋਕੇਸ਼ਨ ਵਿੱਚ ਭਾਗ ਲੈਣ ਵਾਲੀਆਂ ਹੋਰ ਪ੍ਰਮੁੱਖ ਸ਼ਖਸੀਅਤਾਂ ਨੂੰ ਜੀ ਆਇਆਂ ਆਖਿਆ ਅਤੇ ਯੂਨੀਵਰਸਿਟੀ ਦੀਆਂ ਪ੍ਰਾਪਤੀਆਂ ਬਾਰੇ ਜਾਣਕਾਰੀ ਦਿੱਤੀ। ਯੂਨੀਵਰਸਿਟੀ ਦੇ ਰਜਿਸਟਰ-ਾਰ ਪ੍ਰੋ. ਕਰਨਜੀਤ ਸਿੰਘ ਕਾਹਲੋਂ ਨੇ ਇਸ ਮੌਕੇ ਮੰਚ ਦਾ ਸੰਚਾਲਨ ਕੀਤਾ ਜਦੋਂਕਿ ਡੀਨ, ਅਕਾਦਮਿਕ ਮਾਮਲੇ, ਪ੍ਰੋ. ਐਸ.ਐਸ. ਬਹਿਲ ਨੇ ਧੰਨਵਾਦ ਦਾ ਮਤਾ ਪੇਸ਼ ਕੀਤਾ। ਇਹ ਕਨਵੋਕੇਸ਼ਨ ਯੂਨੀਵਰਸਿਟੀ ਦੇ ਦਸ਼ਮੇਸ਼ ਆਡੀਟੋਰੀਅਮ ਵਿਖੇ ਕਰਵਾਈ ਗਈ। ਇਸ ਤੋਂ ਪਹਿਲਾਂ ਯੂਨੀਵਰਸਿਟੀ ਵੱਲੋਂ ਆਨਰੇਰੀ ਡਿਗਰੀ ਮਿਲਣ ’ਤੇ ਰਾਜਾ ਰਣਧੀਰ ਸਿੰਘ ਨੇ ਕਿਹਾ ਕਿ ਉਨ੍ਹਾਂ ਨੂੰ ਅੱਜ ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਜੋ ਮਾਣ ਸਨਮਾਨ ਮਿਲਿਆ ਹੈ ਉਹ ਮੇਰੇ ਲਈ ਬਹੁਤ ਖੁਸ਼ੀ ਦਾ ਮੌਕਾ ਹੈ। ਉਨ੍ਹਾਂ ਕਿਹਾ ਕਿ ਅਜਿਹੇ ਮਾਣ ਅਤੇ ਸਨਮਾਨ ਤੁਹਾਡੀ ਕਰਨੀ ’ਤੇ ਆਧਾਰਿਤ ਹੁੰਦੇ ਹਨ ਇਸ ਲਈ ਵਿਦਿਆਰਥੀਆਂ ਨੂੰ ਸਲਾਹ ਦਿੱਤੀ ਕਿ ਉਹ ਆਪਣੇ ਕਾਰਜ ਨੂੰ ਆਤਮ ਵਿਸ਼ਵਾਸ, ਲਗਨ ਅਤੇ ਦ੍ਰਿੜ ਨਿਸ਼ਚੇ ਨਾਲ ਕਰਦੇ ਹੋਏ ਕਿਸੇ ਦਾ ਬੁਰਾ ਨਾ ਕਰਦੇ ਹੋਏ ਆਪਣੀ ਯੂਨੀਵਰਸਿਟੀ ਦਾ ਨਾਂ ਰੌਸ਼ਨ ਕਰਨ। ਉਨ੍ਹਾਂ ਤੋਂ ਬਾਅਦ ਆਨਰੇਰੀ ਡਿਗਰੀ ਮਿਲਣ ’ਤੇ ਯੂਨੀਵਰਸਿਟੀ ਦਾ ਧੰਨਵਾਦ ਕਰਦਿਆਂ ਡਾ. ਗੁਰਤੇਜ ਸਿੰਘ ਸੰਧੂ ਨੇ ਕਿਹਾ ਕਿ ਜਿਥੇ ਪੰਜਾਬੀ ਪੂਰੇ ਵਿਸ਼ਵ ਵਿਚ ਕਾਮਯਾਬ ਹਨ ਉਥੇ ਇਹ ਇਕ ਮੰਦਭਾਗੀ ਗੱਲ ਹੈ ਕਿ ਪੰਜਾਬ ਪੱਛੜ ਰਿਹਾ ਹੈ। ਉਨ੍ਹਾਂ ਕਿਹਾ ਕਿ ਆਪਣੇ ਪਿਛੋਕੜ ਨੂੰ ਕਦੀ ਵੀ ਨਹੀਂ ਭੁਲਣਾ ਚਾਹੀਦਾ ਅਤੇ ਪੰਜਾਬ ਦੇ ਵਿਕਾਸ ਲਈ ਉਪਰਾਲੇ ਕਰਨੇ ਚਾਹੀਦੇ ਹਨ। ਆਨਰਜ਼ ਕਾਜ਼ਾ ਡਿਗਰੀਆਂ ਹਾਸਲ ਕਰਨੇ ਵਾਲੀਆ ਦੋਵਾਂ ਸ਼ਖਸੀਅਤਾਂ ਨੇ ਯੂਨੀਵਰਸਿਟੀ ਦੇ ਵਿਕਾਸ ਦੀ ਭਰਪੂਰ ਸ਼ਲਾਘਾ ਕੀਤੀ ਅਤੇ ਆਸ ਪ੍ਰਗਟਾਈ ਕਿ ਵਾਈਸ ਚਾਂਸਲਰ ਡਾ. ਜਸਪਾਲ ਸਿੰਘ ਸੰਧੂ ਦੀ ਅਗਵਾਈ ਹੇਠ ਇਹ ਯੂਨੀਵਰਸਿਟੀ ਹੋਰ ਅੱਗੇ ਵਧੇਗੀ।

ਆਪਣੇ ਸਵਾਗਤੀ ਭਾਸ਼ਣ ਵਿਚ ਵਾਈਸ-ਚਾਂਸਲਰ ਡਾ. ਜਸਪਾਲ ਸਿੰਘ ਸੰਧੂ ਨੇ ਯੂਨੀਵਰਸਿਟੀ ਦੀਆਂ ਉਪਲਬਧੀਆਂ ਬਾਰੇ ਚਾਨਣਾ ਪਾਉਂਦੇ ਹੋਏ ਦੱਸਿਆ ਕਿ ਯੂਨੀਵਰਸਿਟੀ ਨੇ ਹੁਣ ਤਕ ਸਿਖਿਆ, ਖੋਜ, ਖੇਡਾਂ ਅਤੇ ਸਭਿਆਚਾਰਕ ਸਰਗਰਮੀਆਂ ਦੇ ਖੇਤਰ ਵਿਚ ਪੂਰੀ ਲਗਨ ਅਤੇ ਮਿਹਨਤ ਨਾਲ ਕਾਰਜ ਕਰਦੇ ਹੋਏ ਵਡਮੁੱਲੀਆਂ ਪ੍ਰਾਪਤੀਆਂ ਕੀਤੀਆਂ ਹਨ। ਉਨ੍ਹਾਂ ਦੱਸਿਆ ਕਿ ਯੂਨੀਵਰਸਿਟੀ ਵੱਲੋਂ ਅਕਾਦਮਿਕਤਾ ਦੀਆਂ ਲੋੜਾਂ ਨੂੰ ਧਿਆਨ ਵਿਚ ਰੱਖਦੇ ਹੋਏ ਨਵੇਂ ਕੋਰਸ ਸ਼ੁਰੂ ਕੀਤੇ ਗਏ ਹਨ ਅਤੇ ਭਵਿੱਖ ਵਿੱਚ ਵੀ ਸ਼ੁਰੂ ਕੀਤੇ ਜਾਣਗੇ ਤੇ ਬੁਨਿਆਦੀ ਢਾਂਚੇ ਨੂੰ ਹੋਰ ਮਜ਼ਬੂਤ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਲੋੜ ਅਨੁਸਾਰ ਭਵਿੱਖ ਵਿਚ ਅਜਿਹੇ ਕਾਰਜ ਨਿਰੰਤਰ ਹੁੰਦੇ ਰਹਿਣਗੇ। ਉਨ੍ਹਾਂ ਕਿਹਾ ਕਿ ਓਪਨ ਐਂਡ ਡਿਸਟੈਂਸ ਐਜੂਕੇਸ਼ਨ ਅਤੇ ਆਨਲਾਈਨ ਐਜੂਕੇਸ਼ਨ ਜ਼ਰੀਏ ਉਪਰਾਲੇ ਕੀਤੇ ਜਾ ਰਹੇ ਹਨ ਕਿ ਸਿਖਿਆ ਦਾ ਲਾਹਾ ਉਨ੍ਹਾਂ ਵਿਦਿਆਰਥੀਆਂ ਤਕ ਵੀ ਪਹੁੰਚੇ ਜਿਨ੍ਹਾਂ ਨੂੰ ਹੁਣ ਅਜਿਹੇ ਮੌਕੇ ਨਹੀਂ ਮਿਲ ਸਕੇ। ਉਨ੍ਹਾਂ ਕਿਹਾ ਕਿ ਯੂਨੀਵਰਸਿਟੀ ਵਿਦਿਆਰਥੀਆਂ ਦੀ ਹਰ ਸਹੂਲਤ ਦਾ ਧਿਆਨ ਰੱਖਣ ਅਤੇ ਉਨ੍ਹਾਂ ਦੇ ਸੁਪਨੇ ਪੂਰੇ ਕਰਨ ਲਈ ਵਚਨਬੱਧ ਹੈ ਅਤੇ ਹਰ ਉਹ ਆਹਲਾ ਦਰਜੇ ਦਾ ਢਾਂਚਾ ਅਤੇ ਸਹੂਲਤਾਂ ਮੁਹੱਈਆ ਕੀਤੀਆ ਜਾਣਗੀਆਂ ਤਾਂ ਜੋ ਸਾਡੇ ਵਿਦਿਆਰਥੀ ਅੰਤਰਰਾਸ਼ਟਰੀ ਪੱਧਰ ਦੇ ਹਾਣ ਬਣ ਸਕਣ।

ਉਚੇਰੀ ਸਿਖਿਆ ਮੰਤਰੀ ਵੱਲੋਂ ਯੂਨੀਵਰਸਿਟੀ ਆਫ ਟੈਕਨਾਲੋਜੀ ਅਤੇ ਯੂਜੀਸੀ ਫੈਕਲਟੀ ਡਿਵੈਲਪਮੈਂਟ ਸੈਂਟਰ ਦਾ ਡਿਜ਼ੀਟਲ ਉਦਘਾਟਨ ਵੀ ਕੀਤਾ ਗਿਆ। ਇਸ ਤੋਂ ਇਲਾਵਾ ਗੁਰੂ ਨਾਨਕ ਦੇਵ ਗੋਲਡਨ ਜੁਬਲੀ ਕਨਵੈਨਸ਼ਨ ਸੈਂਟਰ, ਸਕੂਲ ਆਫ ਐਜੂਕੇਸ਼ਨ ਅਤੇ ਫੈਕਲਟੀ ਆਫ ਐਗਰੀਕਲਚਰ ਬਿਲਡਿੰਗ ਦੇ ਨੀਂਹ ਪੱਥਰ ਰੱਖੇ ਗਏ। ਇਸ ਮੌਕੇ ਪਵਿੱਤਰ ਤੇ ਇਤਿਹਾਸਕ ਸ਼ਹਿਰ, ਸ੍ਰੀ ਅੰਮਿਤਸਰ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਬਾਰੇ ਇਕ ਵਿਸ਼ੇਸ਼ ’ਕੌਫੀ ਟੇਬਲ ਬੁਕ’ ਨੂੰ ਵਿਸ਼ੇਸ਼ ਮਹਿਮਾਨਾਂ ਵੱਲੋਂ ਰਿਲੀਜ਼ ਕੀਤਾ ਗਿਆ।





## ਸੁਪਰੀਮ ਕੋਰਟ ਨੇ ਚੰਦ-ਤਾਰੇ ਵਾਲੇ ਹਰੇ ਝੰਡੇ ਖਿਲਾਫ ਅਰਜ਼ੀ ’ਤੇ ਕੇਂਦਰ ਤੋਂ ਜਵਾਬ ਮੰਗਿਆ

ਨਵੀਂ ਦਿੱਲੀ, 21 ਜੁਲਾਈ (ਪੋਸਟ ਬਿਊਰੋ)- ਸੁਪਰੀਮ ਕੋਰਟ ਨੇ ਧਾਰਮਿਕ ਸਥਾਨਾਂ ਅਤੇ ਇਮਾਰਤਾਂ ਉੱਤੇ ਚੰਦ-ਤਾਰੇ ਵਾਲਾ ਹਰਾ ਝੰਡਾ ਝੁਲਾਉਣ ਉੱਤੇ ਪਾਬੰਦੀ ਦੀ ਅਰਜ਼ੀ ਉੱਤੇ ਕੇਂਦਰ ਤੋਂ ਦੋ ਹਫ਼ਤਿਆਂ ਵਿਚ ਜਵਾਬ ਮੰਗਿਆ ਹੈ।

ਸ਼ੀਆ ਵਕਫ਼ ਬੋਰਡ ਦੇ ਪ੍ਰਧਾਨ ਸਈਦ ਵਸੀਮ ਰਿਜ਼ਵੀ ਦੀ ਇੱਕ ਅਰਜ਼ੀ ਉੱਤੇ ਚੀਫ ਜਸਟਿਸ ਰੰਜਨ ਗੋਗੋਈ ਦੀ ਪ੍ਰਧਾਨਗੀ ਵਾਲੇ ਬੈਂਚ ਨੇ ਸੁਣਵਾਈ ਕੀਤੀ ਹੈ। ਰਿਜ਼ਵੀ ਨੇ ਇਸ ਅਰਜ਼ੀ ਵਿਚ ਦਾਅਵਾ ਕੀਤਾ ਹੈ ਕਿ ਚੰਦ-ਤਾਰੇ ਵਾਲਾ ਹਰਾ ਝੰਡਾ ਗ਼ੈਰ ਇਸਲਾਮੀ ਹੈ ਤੇ ਇਹ ਪਾਕਿ-ਸਤਾਨ ਦੀ ਸਿਆਸੀ ਪਾਰਟੀ ਦਾ ਪ੍ਰਤੀਕ ਹੈ। ਸ਼ੀਆ ਵਕਫ਼ ਬੋਰਡ ਦੇ ਪ੍ਰਧਾਨ ਨੇ ਪਿਛਲੇ ਸਾਲ ਅਪ੍ਰੈਲ ਵਿਚ ਸੁਪਰੀਮ ਕੋਰਟ ਵਿਚ ਇਹ ਅਰਜ਼ੀ ਦਿੱਤੀ ਸੀ। ਉਸ ਨੇ ਦੱਸਿਆ, ‘ਮੈਂ ਸੁਪਰੀਮ ਕੋਰਟ ਤੋਂ ਚੰਦ-ਤਾਰੇ ਵਾਲੇ ਹਰੇ ਝੰਡੇ ਉੱਤੇ ਤੁਰੰਤ ਪਾਬੰਦੀ ਦਾ ਹੁਕਮ ਦੇਣ ਦੀ ਮੰਗ ਕੀਤੀ ਹੈ, ਇਸ ਦਾ ਕਾਰਨ ਇਹ ਹੈ ਕਿ ਇਹ ਝੰਡਾ ਪਾਕਿ-ਸਤਾਨ ਤੇ ਮੁਸਲਿਮ ਲੀਗ ਦੇ ਝੰਡੇ ਵਰਗਾ ਹੈ।’ ਰਿਜ਼ਵੀ ਨੇ ਕਿਹਾ ਕਿ ਚੰਦ-ਤਾਰੇ ਵਾਲਾ ਇਹ ਝੰਡਾ ਸਿਆਸੀ ਪਾਰਟੀ ਆਲ ਇੰਡੀਆ ਮੁਸਲਿਮ ਲੀਗ ਦਾ ਹੈ ਅਤੇ ਨਵਾਜ਼ ਵੱਕਾਰ ਅਲ-ਮਲਿਕ ਅਤੇ ਮੁਹੰਮਦ ਅਲੀ ਜਿਨਾਹ ਨੇ 1906 ਵਿਚ ਢਾਕਾ ਵਿਚ ਇਹ ਪਾਰਟੀ ਬਣਾਈ ਸੀ। ਅੱਜ ਕੱਲ੍ਹ ਭਾਰਤੀ ਮੁਸਲਮਾਨ ਇਸ ਨੂੰ ਇਸਲਾਮੀ ਝੰਡਾ ਸਮਝਦੇ ਹਨ। ਰਿਜ਼ਵੀ ਨੇ ਕਿਹਾ ਕਿ 1947 ਵਿਚ ਭਾਰਤ-ਪਾਕਿ ਵੰਡ ਤੋਂ ਬਾਅਦ ਪਾਕਿਸਤਾਨ ਵੱਲੋਂ ਅਪਣਾਇਆ ਕੌਮੀ ਝੰਡਾ ਹਰੇ ਰੰਗ ਦਾ ਹੈ। ਇਸ ਉੱਤੇ ਅੱਧਾ ਚੰਦਰਮਾ ਤੇ ਇਸ ਦੇ ਕੇਂਦਰ ਵਿਚ ਤਾਰਾ ਹੈ। ਜਿਸ ਪਾਸੇ ਤੋਂ ਇਹ ਝੰਡਾ ਲਹਿਰਾਇਆ ਜਾਂਦਾ ਹੈ, ਉਧਰ ਸਿੱਧੀ ਸਫੈਦ ਪੱਟੀ ਹੈ। ਇਹ ਆਲ ਇੰਡੀਆ ਮੁਸਲਿਮ ਲੀਗ ਦੇ ਝੰਡੇ ਉੱਤੇ ਅਧਾਰਤ ਹੈ।


## ਕਾਨੂੰਨੀ ਨੋਟਿਸ

This is a Notice of Proceedings for Jalwinder Singh Sidhu . A legal proceeding has been commenced against you with court file no: 122/19. You must contact the lawyer for the Applicant Guruveent Sangha at 905-497-7200 or the courthouse at 7755 Hurontario Street, Brampton, ON immediately if you wish to file an answer/defend yourself in this proceeding. Should you fail to do so orders may be made against you in your absence and without any further notice.

ਇਹ ਨੋਟਿਸ ਜਲਵਿੰਦਰ ਸਿੰਘ ਸਿੱਧੂ ਸਬੰਧੀ ਪ੍ਰੋਸੀਡਿੰਗਜ਼ ਲਈ ਹੈ। ਤੁਹਾਡੇ ਖਿਲਾਫ ਕਾਨੂੰਨੀ ਪ੍ਰਕਿਰਿਆ ਆਰੰਭ ਦਿੱਤੀ ਗਈ ਹੈ ਜਿਸ ਦਾ ਕੋਰਟ ਫਾਈਲ ਨੰ:122/19 ਹੈ। ਜੇ ਤੁਸੀਂ ਇਸ ਸਬੰਧੀ ਜਵਾਬ ਦੇਣਾ ਚਾਹੁੰਦੇ ਹੋਂ ਜਾਂ ਖੁਦ ਦਾ ਬਚਾਅ ਕਰਨਾ ਚਾਹੁੰਦੇ ਹੋਂ ਤਾਂ ਤੁਹਾਨੂੰ ਬਿਨੈਕਰਤਾ ਗੁਰੂਵੀਂਤ ਸੰਘਾ ਦੇ ਵਕੀਲ ਨਾਲ 905-497-7200 ਉੱਤੇ ਸੰਪਰਕ ਕਰਨਾ ਚਾਹੀਦਾ ਹੈ ਜਾਂ 7755 ਹੁਰੌਨਤਾਰੀਓ ਸਟਰੀਟ,ਬਰੈਂਪਟਨ,ਓਨਟਾਰੀਓ ਸਥਿਤ ਕੋਰਟਹਾਊਸ ਵਿਖੇ ਮੁਲਾਕਾਤ ਕਰਨੀ ਚਾਹੀਦੀ ਹੈ। ਜੇ ਤੁਸੀਂ ਅਜਿਹਾ ਕਰਨ ਵਿੱਚ ਅਸਫਲ ਰਹਿੰਦੇ ਹੋਂ ਤਾਂ ਤੁਹਾਡੀ ਗੈਰਹਾਜ਼ਰੀ ਵਿੱਚ ਤੇ ਬਿਨਾਂ ਕੋਈ ਅਗਾਊਂ ਨੋਟਿਸ ਦੇ ਤੁਹਾਡੇ ਖਿਲਾਫ ਆਰਡਰ ਜਾਰੀ ਕੀਤੇ ਜਾ ਸਕਦੇ ਹਨ।

HOMELIFE SILVERCITY Realty Inc. Brokerage
Each Office Independently Owned & Operated
Kulwinder Chhina
SALES REPRESENTATIVE
647.293.2327
www.Kulwinderchhina.com

Barber ਦੀ ਲੋੜ For Men Haircut
Airport ਤੇ Sandalwood ਦੇ ਏਰੀਏ ’ਚ ਇਕ ਸੈਲੋਨ ਨੂੰ Men Haircut ਲਈ Barber ਦੀ ਲੋੜ ਹੈ। ਫੁਲ ਟਾਈਮ ਕੰਮ, ਵਧੀਆ ਤਨਖਾਹ ਦਿੱਤੀ ਜਾਵੇਗੀ। ਹੋਰ ਜਾਣਕਾਰੀ ਲਈ ਕਾਲ ਕਰੋ :
416 992 2320

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
CLASSIFIEDS
Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ ਕਾਲ ਕਰੋ: 905-793-2202

amar INTERMODAL • TRANSPORT • STORAGE
HIRING DRIVERS for Ontario and Montreal
Hiring Owner Operators Drivers
1 Year Prior Experience
Flexible in time
Good Salary
Contact Now
P: 905-893-2270 Ext 121
F: 905-893-9545
E: info@amartransport.com
W: www.amartransport.com
Lanes
Toronto local work
Montreal local work
Montreal Toronto highway work
7290 Major Mackenzie Drive Kleinberg, Ont. L0J 1C0

Call for Free Estimates
A-1 RENOVATION GTA INC
416-456-1462
OVER 15 YEARS OF SERVICE
Professionals in Completing Basements within 3 Weeks
info@a1renovationgta.com
www.a1renovationgta.com
Services:
• Complete Basement
• Tiles
• Bathrooms
• Plumbing
• Laminate
• Hardwood Floor
• Painting
$1,000
A-1 RENOVATION GTA INC.
22 Listcreek Road, Brampton L6p 2n6

GF1
Security Jobs - Security Guard Training - Licensing
Job Guaranteed after completion of the training
Weekend ਤੇ ਵੀ Security ਲਈ Training Classes ਲਗਾਈਆਂ ਜਾਂਦੀਆਂ ਹਨ
■ Ministry of Community Safety and Correctional Services approved. ■ We speak English, Hindi, Punjabi &Urdu.
■ Training by Professional Instructors. First Aid & CPR certification included. ■ Limited time offer:$199/-
We Also Provide All Level's of First Aid & CPR Training
• Emergency First Aid & CPR Level's A.B.C
• Standard First Aid & CPR Level's A.B.C.HCP
• Stay at Home Course
• Baby Sitting Course
• Little Rescuers
H.O: 1332 Khalsa Dr.,Unit 3,2nd Floor,Mississauga, L5S1W5
(Near Dixie Gurdwara)
647-710-7760
Email: info@gf1security.com
1085 Bellamy Rd (N)
Unit #210 Scarbrough (Toronto)
647-929-7736
Web: www.gf1security.com
REVIVE EMS
CANADIAN RED CROSS Training Partner

V4U LOGISTIC INC.
Delivering "Satisfaction"... On Time Every Time
NOW HIRING
A/Z Drivers Needed
For Canada To US Runs
Local City Drivers @ 22/hr
• General Freight
• Yard to Yard Work
• Up to 3500 miles/wk
• 2 Yr. Exp
• Clear CVOR & Abstract
For Owner Operator upto $1.62/mile
USA Driver $0.60/mile | Canada wide $0.50/mile
☆ Disability Insurance
☆ Travel Insurance
☆ Medical Benefits
☆ Dental Benefits
ਪਰਗਟ ਸਿੰਘ ਨੂੰ ਫੋਨ ਕਰੋ:
416-625-3096
ਟਰੱਕ ਮਕੈਨਿਕ ਦੀ ਵੀ ਲੋੜ ਹੈ

AL EMPLOYMENT SERVICES INC
ਕੀ ਤੁਸੀਂ ਕੰਮ ਲੱਭ ਰਹੇ ਹੋ?
ਤਾਂ ਅੱਜ ਹੀ ਕਾਲ ਕਰੋ!
Looking for Experienced:
○ Machine Operators
○ AZ-DZ Drivers
○ Forklift Driver
○ Machine Mechanic
○ Millwright's
(905) 564-2322 | (416) 700 0011
Monday-Friday (10am to 5:30pm)
6630 Tomken Rd., Mississauga, L5T 1N1

MANN RENOVATION
ਘਰਾਂ ਦੀ ਰੈਨੋਵੇਸ਼ਨ ਜਿਵੇਂ ਬੇਸਮੈਂਟ ਬਨਾਉਣੀ, ਸਾਈਡ ਐਂਟਰੈਂਸ, ਵਾਸ਼ਰੂਮ ਬਨਾਉਣਾ, ਟਾਇਲਾਂ ਦਾ ਕੰਮ, ਕੰਕਰੀਟ ਆਦਿ । ਇਸ ਤੋਂ ਇਲਾਵਾ ਕਿਸੇ ਵੀ ਤਰ੍ਹਾਂ ਦਾ ਇਲੈਕਟ੍ਰੀਕਲ ਕੰਮ, ਪਲੰਬਿੰਗ ਦਾ ਕੰਮ ਕਰਵਾਉਣ ਲਈ ਕਾਲ ਕਰੋ :
416 839 0647, 905-598-4640

PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE
WITH WARRANTY
SERVING GTA
CALL: 905-463-2153
Ants, Wasp, Centepede, Fleas, Bed Bugs

RESIDENTIAL - COMMERCIAL PROPERTY - INDUSTRIAL
For all your Real Estate Need Call
416.262.2600
Email: karampunian@gmail.com
KARAM SINGH PUNIAN
Sales Representative
HomeLife Maple Leaf Realty Ltd.
80 Eastern Ave, Brampton, ON
Tel: 905.456.9090

# ਬਰੈਂਪਟਨ ਪੰਜਾਬੀਆਂ ਦੀ ਰਾਜਧਾਨੀ



-ਪ੍ਰਿੰ. ਸਰਵਣ ਸਿੰਘ-









ਕੈਨੇਡਾ ਦੀ ਫੈਡਰਲ ਪਾਰਲੀਮੈਂਟ ਵਿਚ ਬਰੈਂਪਟਨ ਦੇ ਪੰਜੇ ਐਮ. ਪੀ. ਪੰਜਾਬੀ ਹਨ। 7 ਜੂਨ 2018 ਨੂੰ ਉਨਟਾਰੀਓ ਸਟੇਟ ਅਸੰਬਲੀ ਦੀਆਂ ਚੋਣਾਂ ਹੋਈਆਂ ਸਨ। ਬਰੈਂਪਟਨ ਦੀਆਂ ਪੰਜ ਸੀਟਾਂ ਲਈ ਤਿੰਨ ਮੁੱਖ ਪਾਰਟੀਆਂ ਦੇ 15 'ਚੋਂ 14 ਉਮੀਦਵਾਰ ਪੰਜਾਬੀ ਸਨ। ਬਾਰਾਂ ਸਿੱਖ, ਇਕ ਹਿੰਦੂ, ਇਕ ਮੁਸਲਮਾਨ ਤੇ ਇਕ ਇਸਾਈ। ਉਨ੍ਹਾਂ 'ਚੋਂ ਛੇ ਉਮੀਦਵਾਰ ਦਸਤਾਰਧਾਰੀ ਸਨ। ਬਰੈਂਪਟਨ ਈਸਟ ਤੋਂ ਗੁਰਰਤਨ ਸਿੰਘ, ਪਰਮਿੰਦਰ ਸਿੰਘ ਤੇ ਸਿਮਰ ਸਿੰਘ ਸੰਧੂ ਖੜ੍ਹੇ ਸਨ। ਸਿਮਰ ਸੰਧੂ ਦੇ ਬੈਠ ਜਾਣ ਨਾਲ ਸੰਦੀਪ ਵਰਮਾ ਖੜ੍ਹ ਗਿਆ ਸੀ। ਬਰੈਂਪਟਨ ਸਾਊਥ ਤੋਂ ਪ੍ਰਭਮੀਤ ਸਿੰਘ ਸਰਕਾਰੀਆ, ਸੁਖਵੰਤ ਸਿੰਘ ਠੇਠੀ ਤੇ ਪਰਮਜੀਤ ਸਿੰਘ ਗਿੱਲ ਵਿਚਕਾਰ ਤਿਕੋਨਾ ਮੁਕਾਬਲਾ ਸੀ। ਬਰੈਂਪਟਨ ਵੈਸਟ ਤੋਂ ਜਗਰੂਪ ਸਿੰਘ, ਵਿੱਕ ਢਿੱਲੋਂ ਅਤੇ ਅਮਰਜੋਤ ਸਿੰਘ ਸੰਧੂ ਖੜ੍ਹੇ ਸਨ। ਬਰੈਂਪਟਨ ਸੈਂਟਰ ਤੋਂ ਸਾਰਾ ਸਿੰਘ, ਹਰਜੀਤ ਸਿੰਘ ਜਸਵਾਲ ਤੇ ਸਫਦਰ ਹੁਸੈਨ ਸਨ। ਬਰੈਂਪਟਨ ਨਾਰਥ ਤੋਂ ਰਿਪਦੁਮਣ ਸਿੰਘ ਢਿੱਲੋਂ, ਹਰਿੰਦਰ ਕੌਰ ਮੱਲ੍ਹੀ ਤੇ ਕੈਵਨ ਜਾਰਡੀ ਵਿਚੋਂ ਇਕ ਨੇ ਜਿੱਤਣਾ ਸੀ। ਉਮੀਦ ਪੰਜਾਂ ਹੀ ਸਿੰਘਾਂ ਦੇ ਜਿੱਤ ਜਾਣ ਦੀ ਸੀ ਪਰ ਚਾਰ ਸਿੰਘ ਜਿੱਤੇ ਜਦ ਕਿ ਇਕਮਾਮੂਲੀ ਫਰਕ ਨਾਲ ਜਿੱਤਣੋਂ ਰਹਿ ਗਿਆ। ਬਰੈਂਪਟਨ ਨੂੰਪੰਜਾਬੀਆਂ ਦੀ ਰਾਜਧਾਨੀ ਨਾ ਕਹੀਏ ਤਾਂ ਹੋਰ ਕੀ ਕਹੀਏ?

22 ਅਕਤੂਬਰ 2018 ਨੂੰ ਬਰੈਂਪਟਨ ਦੀਆਂ ਪੰਚਾਇਤੀ ਚੋਣਾਂ ਹੋ ਰਹੀਆਂ ਹਨ। ਉਨ੍ਹਾਂ ਚੋਣਾਂ ਵਿਚ ਬਰੈਂਪਟਨ ਦਾ ਮੇਅਰ, ਕੌਂਸਲਰ, ਰਿਜਨਲ ਕੌਂਸਲਰ ਤੇ ਸਿੱਖਿਆ ਬੋਰਡ ਦੇ ਟ੍ਰੱਸਟੀ ਚੁਣੇ ਜਾਣਗੇ। ਇਸ ਨੂੰ ਬਰੈਂਪਟਨ ਦੀ ਸਰਕਾਰ ਸਮਝ ਲਓ। ਵੇਖਣਾ ਹੁਣ ਇਹ ਹੈ ਕਿ ਪੰਜਾਬੀਆਂ ਦੀ ਰਾਜਧਾਨੀ ਦਾ ਮੇਅਰ ਕੋਈ ਪੰਜਾਬੀ ਬਣਦਾ ਹੈ ਜਾਂ ਗ਼ੈਰ ਪੰਜਾਬੀ?ਅਤੇ ਬਰੈਂਪਟਨ ਦੀ ਸਥਾਨਕ ਸਰਕਾਰ ਵਿਚ ਕਿੰਨੇ ਪੰਜਾਬੀ ਮੈਂਬਰ ਚੁਣੇ ਜਾਂਦੇ ਹਨ? ਕੀ ਉਹ ਕਦੇ ਫੈਡਰਲ ਪਾਰਲੀਮੈਂਟ ਮੈਂਬਰ ਤੇ ਪ੍ਰੋਵਿੰਸ਼ੀਅਲ ਪਾਰਲੀਮੈਂਟ ਮੈਂਬਰਾਂ ਵਾਂਗ ਹੂੰਝਾਫੇਰ ਜਿੱਤ ਹਾਸਲ ਕਰ ਸਕਦੇ ਹਨ?

ਬਰੈਂਪਟਨ ਦਾ ਨਾਂ ਗੋਰਿਆਂ ਨੇ ਫਲਾਵਰ ਟਾਊਨ ਆਫ਼ ਕੈਨੇਡਾ ਰੱਖਿਆ ਸੀ ਜੋ ਹੁਣ ਫਲਾਵਰ ਸਿਟੀ ਬਰੈਂਪਟਨ ਦੇ ਨਾਂ ਨਾਲ ਜਾਣਿਆ ਜਾਂਦੈ। ਖਿੜਿਆ ਹੋਇਆ ਫੁੱਲ ਇਸ ਸ਼ਹਿਰ ਦਾ ਲੋਗੋ ਹੈ। 1860ਵਿਆਂ ਵਿਚ ਇੰਗਲੈਂਡ ਦੇ ਸ਼ਹਿਰ ਡੋਰਕਿੰਗ ਤੋਂ ਐਡਵਰਡ ਡੇਲ ਨਾਂ ਦਾ ਅੰਗਰੇਜ਼ ਇਥੇ ਆਇਆ ਤਾਂ ਇਸ ਦੀ ਆਬਾਦੀ ਇਕ ਹਜ਼ਾਰਤੋਂ ਵੀ ਘੱਟ ਸੀ। ਉਸ ਨੇ 1863 ਵਿਚ ਫੁੱਲਾਂ ਦੀ ਪਹਿਲੀ ਨਰਸਰੀ ਲਾਈ। ਬਰੈਂਪਟਨ ਦੀ ਭੋਇੰ ਫੁੱਲਾਂ-ਬੂਟਿਆਂ ਦੇ ਅਨੁਕੂਲ ਨਿਕਲੀ। ਪਹਿਲੀ ਨਰਸਰੀ ਦਾ ਨਾਂ 'ਚਿਮਨੀ' ਰੱਖਿਆ ਗਿਆ। ਚਿਮਨੀ ਕੰਪਨੀ ਰੁਜ਼ਗਾਰ ਦਾ ਸਾਧਨ ਬਣ ਗਈ ਤੇ ਇਹਦੇ ਫੁੱਲ ਬੂਟੇ ਸਾਰੇ ਉੱਤਰੀ ਅਮਰੀਕਾ ਵਿਚ ਵਿਕਣ ਲੱਗੇ। ਫਿਰ ਚਿਮਨੀ ਕੰਪਨੀ ਐਸੀ ਚੜ੍ਹੀ ਕਿ ਉਸ ਨੇ ਫੁੱਲਾਂ ਦੀਆਂ 48ਖੁੱਲ੍ਹੀਆਂ ਨਰਸਰੀਆਂ ਚਾਲੂ ਕਰ ਲਈਆਂ ਅਤੇ 140 ਗਰੀਨ ਹਾਊਸ ਬਣਾ ਲਏ। ਫੁੱਲਾਂ ਦੀ ਬਹਾਰਤਾਂ ਫਿਰ ਆਉਣੀ ਹੀ ਸੀ।ਇਕੋ ਸੀਜ਼ਨ ਵਿਚ ਦੋ ਕਰੋੜ ਫੁੱਲਾਂ ਬੂਟਿਆਂ ਦਾ ਵਪਾਰ ਹੋਣ ਲੱਗ ਪਿਆ।ਬਰੈਂਪਟਨ ਨੂੰ ਫੁੱਲਾਂ ਦਾ ਸ਼ਹਿਰ ਐਵੇਂ ਨਹੀਂ ਕਿਹਾ ਜਾਂਦਾ।

2001 ਤੋਂ ਮੈਂ ਇਸੇ ਸ਼ਹਿਰ ਵਿਚ ਰਹਿ ਰਿਹਾਂ ਜਿਸ ਕਰਕੇ ਇਸ ਦੇ ਫੁੱਲਾਂ ਦੀ ਬਹਾਰ ਅਤੇ ਸਿਆਸਤ ਦੀ ਨੁਹਾਰ ਦਾ ਚਸ਼ਮਦੀਦ ਗਵਾਹ ਹਾਂ। ਬਰੈਂਪਟਨ 1853 'ਚ ਇਕ ਛੋਟੇ ਜਿਹੇ ਪਿੰਡ ਵਜੋਂ ਵਜੂਦ ਵਿਚ ਆਇਆ ਸੀ। ਇਹ ਉਹ ਸਮਾਂ ਸੀ ਜਦੋਂ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਬ੍ਰਿਟਿਸ਼ ਰਾਜ ਅਧੀਨ ਕਰ ਲਿਆ ਗਿਆ ਸੀ। ਪੰਜਾਬ ਦੀ ਰਾਜਧਾਨੀ ਲਾਹੌਰ 'ਤੇ ਅੰਗਰੇਜ਼ਾਂ ਦਾ ਕਬਜ਼ਾ ਹੋ ਗਿਆ ਸੀ। ਸ਼ਾਹ ਮੁਹੰਮਦ ਨੇ ਲਿਖਿਆ ਸੀ:

ਸ਼ਾਹ ਮੁਹੰਮਦਾ ਇਕ ਸਰਕਾਰ ਬਾਝੋਂ<br>
ਫੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਨੇ...

ਰਾਣੀ ਜਿੰਦਾਂ ਨੇ ਕਿਹਾ ਸੀ:

ਜਿਨ੍ਹਾਂ ਕੋਹਕੇ ਮਾਰਿਆ ਵੀਰ ਮੇਰਾ,<br>
ਮੈਂ ਤਾਂ ਖੁਹਾਊਂਗੀ ਉਨ੍ਹਾਂ ਦੀਆਂ ਜੁੰਡੀਆਂ ਨੀ<br>
ਧਾਕਾਂ ਜਾਣ ਵਲਾਇਤੀਂ ਦੇਸ਼ ਸਾਰੇ,<br>
ਪਾਵਾਂ ਬੱਕਰੇ ਵਾਂਗ ਚਾ ਵੰਡੀਆਂ ਨੀ<br>
ਚੂੜੇ ਲਹਿਣਗੇ ਬਹੁਤ ਸੁਹਾਗਣਾਂ ਦੇ,<br>
ਨੱਥ ਚੌਕ ਤੇ ਵਾਲੀਆਂ ਡੰਡੀਆਂ ਨੀ<br>
ਸ਼ਾਹ ਮੁਹੰਮਦਾ ਪੈਣਗੇ ਵੈਣ ਡੂੰਘੇ,<br>
ਜਦੋਂ ਹੋਣ ਪੰਜਾਬਣਾਂ ਰੰਡੀਆਂ ਨੀ...

ਕਰਤਾਰ ਦੇ ਰੰਗ ਵੇਖੋ। ਜਦੋਂ ਪੂਰਬ ਵਿਚ ਪੰਜਾਬੀਆਂ ਤੋਂ ਲਾਹੌਰ ਖੁੱਸਿਆ ਤਾਂ ਉਸੇ ਵੇਲੇ ਪੱਛਮ ਵਿਚ ਬਰੈਂਪਟਨ ਦੀ ਮੋਹੜੀ ਗੱਡੀ ਗਈ। ਉਹਨੀਂ ਦਿਨੀਂ ਉਨਟਾਰੀਓ ਝੀਲ ਨੇੜੇ ਸੁੰਨੀ ਪਈ ਉੱਚੀ ਨੀਵੀਂ ਧਰਤੀ ਉਤੇ ਫਸਲੀ ਉਪਜ ਦਾ ਇਕ ਮੰਡੀ-ਮੇਲਾ ਲੱਗਾ। ਫਸਲ ਦੀ ਵੇਚ ਵੱਟ ਪਿਛੋਂ ਕੁਝ ਬੰਦੇ ਇਥੇ ਹੀ ਟਿਕ ਗਏ। ਇਸ ਦਾ ਨਾਂ ਇੰਗਲੈਂਡ ਦੇ ਇਕ ਨਿੱਕੇ ਜਿਹੇ ਕਸਬੇ ਦੇ ਨਾਂ ਉਤੇ ਬਰੈਂਪਟਨ ਰੱਖਿਆ ਗਿਆ। ਇਹ ਉਵੇਂ ਹੀ ਸੀ ਜਿਵੇਂ ਮਾਝੇ, ਮਾਲਵੇ ਤੇ ਦੁਆਬੇ 'ਚੋਂ ਬਾਰਾਂ ਵਿਚ ਗਏ ਬੰਦਿਆਂ ਨੇ ਆਪਣੇ ਮੁਰੱਬਿਆਂ ਵਾਲੇ ਚੱਕਾਂ ਦੇ ਨਾਂ ਆਪੋ ਆਪਣੇ ਜੱਦੀ ਪਿੰਡਾਂ ਦੇ ਨਾਂਵਾਂ ਨਾਲ ਜੋੜ ਲਏ ਸਨ। ਹੋ ਸਕਦੈ ਕੈਨੇਡਾ 'ਚ ਘੁੱਗ ਵਸਦੇ ਪੰਜਾਬੀ,ਕਦੇ ਨਾ ਕਦੇ ਭਵਿੱਖ ਵਿਚ ਆਪਣੇ ਵਸੇਬੇ ਦੀਆਂ ਥਾਵਾਂ ਨਾਲ ਆਪੋ ਆਪਣੇ ਪਿੰਡਾਂ ਦੇ ਨਾਂਵੀ ਜੋੜ ਲੈਣ। ਬਰੈਂਪਟਨ ਦੇ ਸਪਰਿੰਗਡੇਲ ਏਰੀਏ ਨੂੰ ਤਾਂ ਉਹ ਸਿੰਘਡੇਲ ਕਹਿਣ ਲੱਗ ਹੀ ਪਏ ਹਨ।

1857 ਵਿਚ ਜਦੋਂ ਭਾਰਤ ਵਿਚ ਗਦਰ ਹੋਇਆ ਉਦੋਂ ਬਰੈਂਪਟਨ 'ਚ ਕੇਵਲ 50 ਬੰਦਿਆਂ ਦਾ ਵਸੇਬਾ ਸੀ। 1871 ਤਕ ਇਥੇ 2090 ਵਿਅਕਤੀ ਰਹਿਣ ਲੱਗੇ। 1901 ਤਕ ਆਬਾਦੀ 2748 ਤੇ 1911 ਤਕ 3412 ਤਕ ਹੀ ਵਧੀ। 1951 ਵਿਚ 8398, 1961 ਵਿਚ 18477 ਤੇ 1971 ਵਿਚ 41211 ਹੋਈ। 70ਵਿਆਂ ਵਿਚ ਜਦੋਂ ਪੰਜਾਬੀਆਂ ਤੇ ਹੋਰ ਪਰਵਾਸੀਆਂ ਨੇ ਬਰੈਂਪਟਨ ਵੱਲ ਮੂੰਹ ਕੀਤਾ ਤਾਂ 1981 ਵਿਚ ਆਬਾਦੀ 149030 ਹੋ ਗਈ। 1991 ਵਿਚ 234445 ਤੇ 2001 ਵਿਚ 325428 ਤਕ ਜਾ ਪੁੱਜੀ। 2001 ਵਿਚ ਮੇਰੇ ਬਰੈਂਪਟਨ ਪੁੱਜਣ ਤੋਂ ਬਾਅਦ ਆਬਾਦੀ ਵਧ ਕੇ ਛੇ ਲੱਖ ਹੋ ਗਈ ਹੈ। 2016 ਦੇ ਅੰਕੜਿਆਂ ਅਨੁਸਾਰ 593638 ਸੀ। ਇਸ ਵਿਚ 261705 ਸਾਊਥ ਏਸ਼ੀਅਨ, 153390 ਯੂਰਪੀਨ, 82175 ਅਫਰੀਕਨ, 20100 ਫਿਲਪੀਨੇ ਤੇ 8955 ਚੀਨੇ ਹਨ। ਲੇਟਿਨ ਅਮੈਰੀਕਨ, ਸਾਊਥ-ਈਸਟ ਏਸ਼ੀਅਨ, ਵੈਸਟ ਏਸ਼ੀਅਨ, ਕੋਰੀਅਨ ਤੇ ਆਦਿਵਾਸੀ ਵੀ ਕੁਝ ਸੈਂਕੜਿਆਂ ਤੇ ਹਜ਼ਾਰਾਂ ਵਿਚ ਹਨ। ਇਥੇ ਦੁਨੀਆਂ ਦੀਆਂ ਸਭ ਨਸਲਾਂ ਵੇਖੀਆਂ ਜਾ ਸਕਦੀਆਂ ਹਨ। ਬਰੈਂਪਟਨ ਦੀ ਕੁਲ ਆਬਾਦੀ 'ਚੋਂ 50% ਈਸਾਈ, 19% ਸਿੱਖ, 12% ਹਿੰਦੂ ਤੇ 7% ਮੁਸਲਮਾਨ ਹਨ। 10% ਐਸੇ ਹਨ ਜਿਨ੍ਹਾਂ ਨੇ ਆਪਣਾ ਕੋਈ ਧਰਮ ਨਹੀਂ ਲਿਖਵਾਇਆ। ਬਾਕੀ ਬੋਧੀ, ਜੈਨੀ ਤੇ ਪਾਰਸੀ ਬਗੈਰਾ ਹਨ। ਮਹਾਰਾਜਾ ਰਣਜੀਤ ਸਿੰਘ ਦੇ ਰਾਜ 'ਸਿੱਖ ਰਾਜ' ਵਿਚ ਸਿੱਖ 10% ਤੋਂ ਵੀ ਘੱਟ ਸਨ। 51% ਬਰੈਂਪਟਨੀਆਂ ਦੀ ਮਾਤ ਭਾਸ਼ਾ ਅੰਗਰੇਜ਼ੀ ਹੈ ਤੇ 18% ਦੀ ਮਾਂ ਬੋਲੀ ਪੰਜਾਬੀ। ਇਨ੍ਹਾਂ ਦੋ ਭਾਸ਼ਾਵਾਂ ਤੋਂ ਬਾਅਦ ਜਿਹੜੀਆਂ ਨੌਂ ਗਿਣਨਯੋਗ ਭਾਸ਼ਾਵਾਂ ਸਨ ਉਨ੍ਹਾਂ ਦੀ ਫੀਸਦੀ 1.5% ਤੋਂ 2.8% ਤਕ ਹੀ ਹੈ। ਵਿਚਲੀ ਗੱਲ ਇਹ ਹੈ ਕਿ ਪੰਜਾਬ ਵਾਂਗ ਹੀ ਇਥੋਂ ਦੇ ਹਜ਼ਾਰਾਂ ਪੰਜਾਬੀਆਂ ਨੇ ਆਪਣੀ ਮਾਤ ਭਾਸ਼ਾ ਪੰਜਾਬੀ ਨਹੀਂ ਲਿਖਾਈ। ਉਂਜ ਬਰੈਂਪਟਨ ਦੇ ਇਕ ਚੌਥਾਈ ਤੋਂ ਵੱਧ ਵਸਨੀਕ ਪੰਜਾਬੀ ਮੂਲ ਦੇ ਹਨ ਜਿਨ੍ਹਾਂ ਵਿਚ ਪਾਕਿਸਤਾਨੀ ਪੰਜਾਬੀ ਵੀ ਹਨ। ਪਰਵਾਸੀ ਬਣ ਕੇ ਵੀ ਕੁਝ ਪੰਜਾਬੀ ਵੀਰ ਆਪਣੀ ਮਾਤ ਭਾਸ਼ਾ, ਉਰਦੂ, ਹਿੰਦੀ ਜਾਂ ਅੰਗਰੇਜ਼ੀ ਲਿਖਾਈ ਜਾਂਦੇ ਹਨ। ਮਰਦਮ ਸ਼ੁਮਾਰੀ ਦੇ ਅਜੋਕੇ ਅੰਕੜਿਆਂ ਅਨੁਸਾਰ 269790 ਬਰੈਂਪਟਨ ਵਾਸੀਆਂ ਨੇ ਆਪਣੀ ਮਾਦਰੀ ਜ਼ਬਾਨ ਅੰਗਰੇਜ਼ੀ ਲਿਖਾਈ, 91345 ਨੇ ਪੰਜਾਬੀ, 14580 ਨੇ ਉਰਦੂ ਜੋ ਲਹਿੰਦੇ ਪੰਜਾਬ ਦੇ ਪੰਜਾਬੀਆਂ ਨੇ ਲਿਖਵਾਈ, 11095 ਨੇ ਪੁਰਤਗੇਜ਼ੀ, 11040 ਨੇ ਗੁਜਰਾਤੀ, 10225 ਨੇ ਸਪੇਨੀ, 10060 ਨੇ ਹਿੰਦੀ, 9530 ਨੇ ਤਾਮਿਲ, 8785 ਨੇ ਟੈਗਾਲਾਗ ਅਤੇ 7990 ਨੇ ਆਪਣੀ ਮਾਤ ਭਾਸ਼ਾ ਇਤਾਲਵੀ ਲਿਖਾਈ।

2016 ਦੇ ਅੰਕੜਿਆਂ ਅਨੁਸਾਰ ਬਰੈਂਪਟਨ ਵਿਚ ਔਰਤਾਂ ਦੀ ਗਿਣਤੀ 300105 ਹੈ ਜਦ ਕਿ ਮਰਦ 293335 ਹਨ। 15 ਸਾਲ ਤੋਂ ਘੱਟ ਉਮਰ ਦੇ 20.3%, 15 ਤੋਂ 65 ਸਾਲ ਦੇ 68% ਅਤੇ 65 ਤੋਂ 85 ਸਾਲ ਦੇ 11.2% ਹਨ। 1% ਵਸੋਂ 85 ਸਾਲ ਤੋਂ ਵਡੇਰਿਆਂ ਦੀ ਹੈ। ਬਰੈਂਪਟਨ 'ਚਕੁਲ 164525 ਘਰ ਹਨ ਜਿਨ੍ਹਾਂ 'ਚ ਵਿਆਹੇ ਵਰੇ ਤੇ ਕਾਮਨ ਲਾਅ ਮੈਰਿਜ ਵਾਲੇ 126360 ਪਰਿਵਾਰ ਰਹਿੰਦੇ ਹਨ। ਬਾਕੀ ਮਕਾਨਾਂ 'ਚ ਛੜੇ ਛਾਂਟ ਤੇ ਤਲਾਕਸ਼ੁਦਾ 'ਕੱਲੇ 'ਕੱਲੇਜੀਵਨ ਬਸਰ ਕਰਦੇ ਹਨ। ਵਿਆਹੇ ਜੋੜਿਆਂ 'ਚੋਂ 31035 ਦੇ ਇਕ ਬੱਚਾ, 44440 ਦੇ ਦੋ ਬੱਚੇ ਤੇ 19125 ਜੋੜਿਆਂ ਦੇ ਤਿੰਨ ਜਾਂ ਵੱਧ ਬੱਚੇ ਹਨ। ਬੱਚਿਆਂ ਦੀਕੁਲ ਗਿਣਤੀ 94600 ਹੈ।ਹੁਣ ਕੈਨੇਡੀਅਨ ਜੰਮਦੇਘੱਟ ਹਨ ਤੇ ਮਰਦੇ ਵੱਧ ਹਨ। ਘਾਟਾ ਵਾਧਾ ਪਰਵਾਸੀ ਪੂਰਾ ਕਰ ਰਹੇ ਹਨ। ਬਹੁਤੇ ਕੈਨੇਡੀਅਨ ਵਿਆਹ ਕਰਾਉਣੇ ਛੱਡੀ ਜਾ ਰਹੇ ਹਨ। ਕਹਿੰਦੇ ਔਲਾਦ ਸਾਂਭਣੀ ਔਖੀ ਐ। ਵੇਖਦੇ ਜਾਓ, ਗੋਰਿਆਂ ਦੀ ਰੀਸੇ ਕਰਨਾ ਪੰਜਾਬੀਆਂ ਨੇ ਵੀ ਉਹੋ ਕੁਝ ਹੀ ਹੈ! ਇਹ ਵਰਣਨਯੋਗ ਹੈ ਕਿ ਉਪ੍ਰੋਕਤ ਗਿਣਤੀ ਮਿਣਤੀ 'ਚ ਬਰੈਂਪਟਨ ਵਿਚ ਰਹਿੰਦੇ ਵਿਦਿਆਰਥੀਆਂ, ਵਰਕ ਪਰਮਿਟ ਵਾਲਿਆਂ ਤੇ ਵਿਜ਼ਟਰਾਂ ਦੀ ਗਿਣਤੀ ਸ਼ਾਮਲ ਨਹੀਂ ਜੋ ਸੰਭਵ ਹੈ ਲੱਖ ਤੋਂ ਵੀ ਵੱਧ ਹੋਵੇ।

ਕੈਨੇਡਾ ਬੀ. ਸੀ. ਦਾ ਸ਼ਹਿਰ ਸੱਰੀ ਵੀ ਪੰਜਾਬੀਆਂ ਦੀ ਚੋਖੀ ਵਸੋਂ ਵਾਲਾ ਹੈ। ਅਜੋਕੇ ਅੰਕੜਿਆਂ ਅਨੁਸਾਰ ਸੱਰੀ ਦੀ ਆਬਾਦੀ 517887 ਹੈ ਜਿਨ੍ਹਾਂ ਵਿਚੋਂ 93785ਜਣੇ ਪੰਜਾਬੀ ਬੋਲਦੇ ਹਨ। ਉਥੇ 51% ਲੋਕ ਅੰਗਰੇਜ਼ੀ ਬੋਲਦੇ ਹਨ ਤੇ 20% ਪੰਜਾਬੀ। ਬਾਕੀ ਨੌਂ ਭਾਸ਼ਾਵਾਂ ਬੋਲਣ ਵਾਲੇ ਕੁਲ ਵਸੋਂ ਦੇ 1.06% ਤੋਂ 2.95% ਹਨ। ਬੋਲੀ ਜਾਣ ਵਾਲੀ ਭਾਸ਼ਾ ਵਜੋਂ ਉਥੇ ਪੰਜਾਬੀ ਜ਼ੁਬਾਨ ਦਾ ਚੰਗਾ ਬੋਲਬਾਲਾ ਹੈ ਜੋ ਸਕੂਲਾਂ ਤੇ ਯੂਨੀਵਰਸਿਟੀ ਵਿਚ ਵੀ ਪੜ੍ਹਾਈ ਜਾਂਦੀ ਹੈ।ਓਨਟਾਰੀਓ ਸੂਬੇ ਵਿਚ ਬਰੈਂਪਟਨ ਤੇ ਬ੍ਰਿਟਿਸ਼ ਕੋਲੰਬੀਆ ਸੂਬੇ ਵਿਚ ਸੱਰੀ ਪੰਜਾਬੀਆਂ ਦੇ ਸਭ ਤੋਂ ਵੱਡੇ ਸ਼ਹਿਰ ਹਨ। ਇਨ੍ਹਾਂ ਸ਼ਹਿਰਾਂ ਵਿਚ ਪੰਜਾਬੀ ਦੇ ਅਨੇਕਾਂ ਅਖ਼ਬਾਰ ਛਪਦੇ ਅਤੇ ਦਰਜਨਾਂ ਰੇਡੀਓ ਤੇ ਟੀਵੀ ਦੇ ਪੰਜਾਬੀ ਪ੍ਰੋਗਰਾਮ ਚਲਦੇ ਹਨ। ਕੁਝ ਦੁਕਾਨਾਂ ਦੇ ਬੋਰਡ ਵੀ ਗੁਰਮੁਖੀ ਅੱਖਰਾਂ ਵਿਚ ਲਿਖੇ ਦਿਸਦੇ ਹਨ। ਪਾਰਕਾਂ ਵਿਚ ਪੰਜਾਬੀ ਬਾਬਿਆਂ ਦੀਆਂ ਸੱਥਾਂ ਜੁੜਦੀਆਂ ਅਤੇ ਕਮਿਊਨਿਟੀ ਕੇਂਦਰਾਂ 'ਚ ਤਾਸ਼ ਦੀਆਂ ਬਾਜ਼ੀਆਂ ਲੱਗਦੀਆਂ ਹਨ। ਦਿਓਰ ਭਾਬੀ,ਸਰਾਂ ਮੰਗਣ, ਘੜਵੰਜਤੇ ਬੇਗੀ ਬਾਦਸ਼ਾਹ ਕੁੱਟ ਤੋਂ ਲੈ ਕੇ ਸੀਪ ਲਾਉਣ ਤਕਦੀਆਂ ਖੇਡਾਂ ਖੇਡੀਆਂ ਜਾਂਦੀਆਂ ਹਨ।

ਬਰੈਂਪਟਨ ਵਿਚ ਅਨੇਕਾਂ ਗੁਰਦਵਾਰੇ ਹਨ ਜਿਥੇ ਪਾਠਾਂ,ਭੋਗਾਂ, ਕਥਾ ਕੀਰਤਨ ਤੇ ਅਨੰਦ ਕਾਰਜਾਂ ਦਾ ਵਾਰ ਨਹੀਂ ਆਉਂਦਾ। ਨਗਰ ਕੀਰਤਨਾਂ ਸਮੇਂ ਤਾਂ ਸੰਗਤਾਂ ਦਾ ਹੜ੍ਹ ਹੀ ਆ ਜਾਂਦੈ। ਲੰਗਰਾਂ ਦਾ ਅੰਤ ਸ਼ੁਮਾਰ ਨਹੀਂ ਰਹਿੰਦਾ। ਭਾਂਤ ਸੁਭਾਂਤੀਆਂ ਮਠਿਆਈਆਂ,ਕਰਾਰੇ ਨਮਕੀਨ, ਦਹੀਂ-ਭੱਲੇ, ਗੋਲਗੱਪੇ,ਸਮੋਸੇ ਤੇ ਪਕੌੜੇ। ਮੇਵੇ ਤੇ ਫਲ-ਫਰੂਟ। ਗਰਮਾ-ਗਰਮ ਜਲੇਬੀਆਂ। ਕੁਲਫੀਆਂ ਤੇ ਆਈਸ ਕਰੀਮਾਂ। ਉਤੋਂ ਦੇਸੀ ਘਿਉ ਦਾ ਕੜਾਹ ਪ੍ਰਸ਼ਾਦ। ਜਿੰਨਾ ਲੰਗਰ ਖਾਧਾ ਗਿਆ ਖਾ ਲਿਆ, ਬਾਕੀ ਸ਼ਰਧਾਲੂਆਂ ਨੂੰ ਝੋਲ਼ੇ ਭਰ ਕੇਘਰ ਲਿਜਾਣਾ ਪੈਂਦੈ ਜੋ ਹਫ਼ਤਾ ਭਰ ਨਹੀਂ ਮੁੱਕਦਾ!ਗੋਰੇ ਤੇ ਕਾਲੇ ਹੈਰਾਨ ਹੁੰਦੇ ਹਨ ਕਿ ਥਾਂ ਪਰ ਥਾਂ 'ਫਰੀ ਫੂਡ' ਦੇ ਸਟਾਲ ਲਾਈ,ਪੱਗਾਂ ਦਾੜ੍ਹੀਆਂ ਵਾਲਿਆਂ ਦਾਏਡਾ ਵੱਡਾ ਕਟਕ ਕਿਥੋਂ ਆ ਚੜ੍ਹਿਆ? ਗਾਉਣ ਵਾਲਿਆਂ ਦੇ ਅਖਾੜੇ ਤੇ ਕਬੱਡੀ ਦੇ ਟੂਰਨਾਮੈਂਟ ਵੀ ਹਜ਼ਾਰਾਂ ਲੋਕ ਵੇਖਦੇ ਹਨ। ਤੀਆਂ ਦੇ ਮੇਲਿਆਂ ਵਿਚਤੀਵੀਆਂ ਦਾ ਵੱਖ ਧੱਕਾ ਪੈਂਦੈ!ਬਰੈਂਪਟਨ ਵਿਚ ਢੋਲ ਵੀ ਵੱਜਦੇ ਹਨ ਤੇ ਭੰਗੜੇ ਵੀ ਪੈਂਦੇ ਹਨ। ਗਾਉਣ ਮੇਲੇ ਇਕੋ ਦਿਨ ਦੋ-ਦੋ ਲੱਗਦੇ ਹਨ। ਕਬੱਡੀ ਕੱਪ ਵੀ ਬਰਾ-ਬਰੋਬਰ ਹੋ ਜਾਂਦੇ ਹਨ ਤੇ ਉਹ ਵੀ 'ਵਰਲਡ ਕੱਪ'!

ਪਹਿਲਾਂ ਇੰਗਲੈਂਡ ਦਾ ਸਾਊਥਾਲ, ਫਿਰ ਅਮਰੀਕਾ ਦਾ ਯੂਬਾ ਸਿਟੀ ਤੇ ਫਿਰ ਕੈਨੇਡਾ ਦਾ ਸੱਰੀ ਪੰਜਾਬੀਆਂ ਦੇ ਗੜ੍ਹ ਕਹੇ ਜਾਂਦੇ ਸਨ। ਹੁਣ ਗਰੇਟਰ ਟੋਰਾਂਟੋ ਦਾ ਸ਼ਹਿਰ ਬਰੈਂਪਟਨਸੱਚੀਂਮੁੱਚੀਂ ਪੰਜਾਬੀਗੜ੍ਹ ਬਣ ਗਿਆ ਹੈ। ਇੰਟਰਨੈਸ਼ਨਲ ਵਿਦਿਆਰਥੀਆਂ ਦੀ ਆਮਦ ਨਾਲ ਇਸ ਦੀ ਆਬਾਦੀ ਵਿਚ ਬੜੀ ਤੇਜ਼ੀ ਨਾਲ ਵਾਧਾ ਹੋ ਰਿਹੈ। ਬਰੈਂਪਟਨ ਹੁਣ ਕੈਨੇਡਾ ਦਾ ਨੌਂਵਾਂ ਵੱਡਾ ਸ਼ਹਿਰ ਹੈ। ਜਿਵੇਂ ਦੇਸ਼-ਵੰਡ ਪਿੱਛੋਂ ਲਾਹੌਰ ਦੀ ਥਾਂ ਚੰਡੀਗੜ੍ਹ ਪੰਜਾਬ ਦੀ ਰਾਜਧਾਨੀ ਬਣਿਆ ਸੀ ਉਵੇਂ ਚੰਡੀਗੜ੍ਹ ਖੁੱਸ ਜਾਣ ਪਿੱਛੋਂ ਬਰੈਂਪਟਨ ਪੰਜਾਬ ਦੀ ਰਾਜਧਾਨੀ ਬਣ ਰਿਹੈ।


ਸੰਤ ਬਾਬਾ ਭਾਗ ਸਿੰਘ ਜੀ ਅਤੇ ਸੰਤ ਬਾਬਾ ਮਲਕੀਤ ਸਿੰਘ ਜੀ
ਸੰਤ ਬਾਬਾ ਹਰਦਿਆਲ ਸਿੰਘ ਜੀ ਮੁਸਾਫਿਰ ਜੱਬਰ ਵਾਲੇ

ਬਰਸੀ ਸਮਾਗਮ

ਓਨਟਾਰੀਓ ਖਾਲਸਾ ਦਰਬਾਰ ਡਿਕਸੀ ਰੋਡ ਮਿਸੀਸਾਗਾ

ਮਿਤੀ 28 ਜੁਲਾਈ ਦਿਨ ਐਤਵਾਰ

ਸਮੂਹ ਸੰਗਤ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਸੰਤ ਬਾਬਾ ਭਾਗ ਸਿੰਘ ਜੀ ਅਤੇ ਸੰਤ ਬਾਬਾ ਹਰਦਿਆਲ ਸਿੰਘ ਜੀ ਮੁਸਾਫਿਰ ਜੱਬਰ ਵਾਲਿਆਂ ਦੀ ਨਿੱਘੀ ਯਾਦ ਨੂੰ ਸਮਰਪਿਤ ਉਹਨਾ ਦੇ ਬਰਸੀ ਸਮਾਗਮ ਆਦਮਪੁਰ ਦੁਆਬਾ ਦੇ ਆਸ ਪਾਸ ਇਲਾਕੇ ਦੇ ਪਿੰਡਾਂ ਦੀ ਸਾਧ ਸੰਗਤ ਵਲੋਂ ਬੜੀ ਸ਼ਰਧਾ ਅਤੇ ਸਦਭਾਵਨਾ ਨਾਲ ਮਨਾਏ ਜਾ ਰਹੇ ਹਨ। ਇਹ ਸਮਾਗਮ 28 ਜੁਲਾਈ ਦਿਨ ਐਤਵਾਰ ਨੂੰ ਹਾਲ ਨੰ 5 ਤੇ' ਗੁਰੂਦੁਆਰਾ ਓਨਟਾਰੀਓ ਖਾਲਸਾ ਦਰਬਾਰ ਡਿਕਸੀ ਰੋਡ ਵਿਖੇ ਹੋਣਗੇ।



ਸੰਤ ਬਾਬਾ ਭਾਗ ਸਿੰਘ ਜੀ

ਪ੍ਰੋਗਰਾਮ ਦਾ ਵੇਰਵਾ

ਆਰੰਭ ਸ੍ਰੀ ਆਖੰਡ ਪਾਠ ਸਾਹਿਬ
ਦਿਨ ਸ਼ੁੱਕਰਵਾਰ 26 ਜੁਲਾਈ 2019 ਸਵੇਰੇ 10 ਵਜੇ
ਭੋਗ ਸ੍ਰੀ ਆਖੰਡ ਪਾਠ ਸਾਹਿਬ
ਦਿਨ ਐਤਵਾਰ 28 ਜੁਲਾਈ 2019 ਸਵੇਰੇ 10 ਵਜੇ

ਉਪਰੰਤ ਅਲਾਹੀ ਬਾਣੀ ਦੇ ਕੀਰਤਨ ਅਤੇ ਢਾਡੀ ਵਾਰਾਂ ਦੇ ਪ੍ਰਵਾਹ ਚੱਲਣਗੇ। ਵਿਦਵਾਨਾ ਵਲੋਂ ਮਹਾਂਪੁਰਸ਼ਾ ਦੇ ਜੀਵਨ ਬਾਰੇ ਵਿਚਾਰਾਂ ਸਾਝੀਆਂ ਕੀਤੀਆਂ ਜਾਣਗੀਆਂ। ਸਭ ਸੰਗਤ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਆਪ ਇਸ ਸਮਾਗਮ ਵਿੱਚ ਸ਼ਮੂਲੀਅਤ ਕਰੋ ਜੀ।

ਜਿਆਦਾ ਜਾਣਕਾਰੀ ਲਈ ਸੰਪਰਕ ਕਰੋ ਅਵਤਾਰ ਸਿੰਘ ਮਿਨਹਾਸ 416 744 9393,
ਮਹਿੰਦਰ ਸਿੰਘ ਢਿੱਲੋਂ 905 495 3227, ਪ੍ਰਿਤਪਾਲ ਸਿੰਘ ਪੰਮਾ 647 867 9545



ਸੰਤ ਬਾਬਾ ਮਲਕੀਤ ਸਿੰਘ




# ਵਿਕਾਸ ਸਬੰਧੀ ਪ੍ਰੋਜੈਕਟਾਂ ਵਿੱਚ ਆਪਣੇ ਬਣਦੇ ਹਿੱਸੇ ਦੀ ਮੰਗ ਕਰ ਰਹੇ ਹਾਂ : ਜੋਤਵਿੰਦਰ ਸੋਢੀ

ਕਮਿਊਨਿਟੀ ਵਿੱਚ ਹੋ ਰਹੀਆਂ ਚੋਰੀਆਂ ਦੇ ਸਬੰਧ ਵਿੱਚ ਟਾਊਨ ਹਾਲ ਮੀਟਿੰਗ ਕਰਵਾਉਣ ਲਈ ਹੋਮਓਨਰਜ਼ ਵੈਲਫੇਅਰ ਐਸੋਸਿਏਸ਼ਨ ਦੇ ਜੋਤਵਿੰਦਰ ਸੋਢੀ ਵੱਲੋਂ ਵੇਲਜ਼ ਆਫ ਹੰਬਰ ਈਸਟ ਵਾਸੀਆਂ ਤੇ ਸ੍ਰੀ ਗੋਇਤ ਦਾ ਧੰਨਵਾਦ ਕੀਤਾ ਗਿਆ।



ਜੋਤਵਿੰਦਰ ਸੋਢੀ ਨੇ ਆਖਿਆ ਕਿ ਪਬਲਿਕ ਸੇਫਟੀ ਦੇ ਮੁੱਦਿਆਂ ਉੱਤੇ ਪੁਲਿਸ ਮੁਖੀ ਮੈਕਾਰਡ ਨਾਲ ਉਨ੍ਹਾਂ ਦੀ ਵਿਸਥਾਰ ਸਹਿਤ ਗੱਲਬਾਤ ਹੋ ਚੁੱਕੀ ਹੈ ਤੇ ਉਨ੍ਹਾਂ ਭਰੋਸਾ ਦਿਵਾਇਆ ਹੈ ਕਿ ਡਵੀਜ਼ਨ 21 ਸਾਡੇ ਇਲਾਕੇ ਵਿੱਚ ਗਸ਼ਤ ਤੇਜ਼ ਕਰੇਗੀ। ਪੁਲਿਸ ਚੀਫ ਨੇ ਇਹ ਮੰਨਿਆ ਕਿ ਨਿੱਕੇ ਜਿਹੇ ਇਲਾਕੇ ਵਿੱਚ ਹੀ 17 ਚੋਰੀਆਂ ਦੇ ਮਾਮਲੇ ਦਰਜ ਕੀਤੇ ਜਾ ਚੁੱਕੇ ਹਨ। ਉਨ੍ਹਾਂ ਇਹ ਵੀ ਦੱਸਿਆ ਕਿ ਕੁੱਝ ਗ੍ਰਿਫਤਾਰੀਆਂ ਵੀ ਕੀਤੀਆਂ ਗਈਆਂ ਹਨ। ਮੇਅਰ ਤੇ ਰਿਪ੍ਰਜ਼ੈਂਟਿੰਗ ਕਾਊਂਸਲਰ ਦੀ ਹਾਜ਼ਰੀ ਵਿੱਚ ਅਸੀਂ ਪਬਲਿਕ ਸੇਫਟੀ, ਚੋਰੀਆਂ ਤੇ ਗੋਰ ਅਤੇ ਮੇਅਫੀਲਡ, ਕਲਾਰਕ ਵੇਅ ਅਤੇ ਮੇਅਫੀਲਡ ਇਲਾਕੇ ਵਿੱਚ ਸੜਕਾਂ ਦੀ ਹਾਲਤ ਦਾ ਮੁੱਦਾ ਉਠਾਇਆ ਸੀ। ਉਨ੍ਹਾਂ ਆਖਿਆ ਕਿ ਖੱਬੇ ਜਾਂ ਸੱਜੇ ਮੁੜਨ ਲਈ ਕੋਈ ਲੇਨ ਨਹੀਂ ਹੈ ਜਿਸ ਕਾਰਨ ਇੱਥੇ ਨਿੱਤ ਦਿਨ ਹਾਦਸੇ ਹੁੰਦੇ ਰਹਿੰਦੇ ਹਨ। ਉਨ੍ਹਾਂ ਆਖਿਆ ਕਿ ਸਾਡੀ ਕਮਿਊਨਿਟੀ ਪ੍ਰਾਪਰਟੀ ਟੈਕਸ ਦੇ ਨਾਂ ਉੱਤੇ ਸਿਟੀ ਨੂੰ 4 ਮਿਲੀਅਨ ਦੇ ਨੇੜੇ ਤੇੜੇ ਬਣਦਾ ਯੋਗਦਾਨ ਦਿੰਦੀ ਹੈ।



ਅਸੀਂ ਵਿਕਾਸ ਸਬੰਧੀ ਪ੍ਰੋਜੈਕਟਾਂ ਵਿੱਚ ਆਪਣੇ ਬਣਦੇ ਹਿੱਸੇ ਦੀ ਮੰਗ ਕਰ ਰਹੇ ਹਾਂ। ਸਾਨੂੰ ਇੰਜ ਲੱਗਦਾ ਹੈ ਕਿ ਸਾਰੇ ਪ੍ਰੋਜੈਕਟਸ ਇੱਕ ਖਾਸ ਇਲਾਕੇ ਨੂੰ ਹੀ ਦਿੱਤੇ ਜਾ ਰਹੇ ਹਨ ਤੇ ਬਾਕੀ ਬਰੈਂਪਟਨ ਨੂੰ ਅੱਖੋਂ ਪਰੋਖੇ ਕੀਤਾ ਜਾ ਰਿਹਾ ਹੈ।

# ਗੁਜ਼ਾਰਾ ਭੱਤਾ ਨਹੀਂ ਦੇ ਸਕਦਾ, ਰਾਸ਼ਣ ਤੇ ਕੱਪੜੇ ਦੇ ਦਿਆਂਗਾ

ਨਵੀਂ ਦਿੱਲੀ, 21 ਜੁਲਾਈ (ਪੋਸਟ ਬਿਊਰੋ)- ਪੰਜਾਬ ਹਰਿਆਣਾ ਹਾਈ ਕੋਰਟ ਨੇ ਗੁਜ਼ਾਰਾ ਭੱਤਾ ਕੇ ਵਿੱਚ ਇੱਕ ਸ਼ਖਸ ਦੀ ਅਨੋਖੀ ਮੰਗ ਮੰਨ ਕੇ ਉਸ ਨੂੰ ਰਾਹਤ ਦਿੱਤੀ ਹੈ। ਇਸ ਵਿਅਕਤੀ ਨੇ ਕੋਰਟ ਨੂੰ ਅਰਜ਼ੀ ਦੇ ਕੇ ਕਿਹਾ ਸੀ ਕਿ ਨੌਕਰੀ ਛੁੱਟ ਗਈ ਹੈ, ਇਸ ਲਈ ਉਹ ਵੱਖ ਰਹਿੰਦੀ ਪਤਨੀ ਨੂੰ ਗੁਜ਼ਾਰਾ ਭੱਤਾ ਨਹੀਂ ਦੇ ਸਕਦਾ, ਇਸ ਦੇ ਬਦਲੇ ਉਹ ਰਾਸ਼ਨ ਅਤੇ ਕੱਪੜੇ ਦੇ ਸਕਦਾ ਹੈ। ਜੱਜ ਨੇ ਪੁੱਛਿਆ ਕਿ ਕਿੰਨਾ ਰਾਸ਼ਨ ਦੇ ਸਕਦੇ ਹੋ? ਉਸ ਨੇ ਕਿਹਾ ਕਿ ਉਹ ਹਰ ਚਾਰ ਮਹੀਨੇ ਵਿੱਚ ਪਤਨੀ ਨੂੰ ਤਿੰਨ ਜੋੜੀ ਸੂਟ ਖਰੀਦ ਦੇਵੇਗਾ। 20 ਕਿਲੋ ਚੌਲ, 15 ਕਿਲੋ ਕਣਕ, ਪੰਜ-ਪੰਜ ਕਿਲੋ ਦੇਸੀ ਘਿਓ, ਪੰਜ ਕਿਲੋ ਖੰਡ, ਪੰਜ-ਪੰਜ ਕਿਲੋ ਤਰ੍ਹਾਂ-ਤਰ੍ਹਾਂ ਦੀਆਂ ਦਾਲਾਂ ਹਰ ਮਹੀਨੇ ਤੇ ਰੋਜ਼ ਦੋ ਲੀਟਰ ਦੁੱਧ ਵੀ ਦੇਵੇਗਾ। ਜੱਜ ਸਹਿਮਤ ਹੋ ਗਏ ਤੇ ਇਸ ਦੀ ਰਿਪੋਰਟ ਐਫੀਡੇਵਿਟ ਦੇ ਰੂਪ ਵਿੱਚ ਕੋਰਟ ਵਿੱਚ ਦਾਇਰ ਕਰਨ ਦਾ ਹੁਕਮ ਦਿੱਤਾ।

ਹਾਈ ਕੋਰਟ ਦੇ ਜਸਟਿਸ ਆਰ ਐੱਸ ਅੱਤਰੀ ਦੀ ਬੈਂਚ ਨੇ ਉਸ ਸ਼ਖਸ ਨੂੰ ਹੁਕਮ ਦਿੱਤਾ ਕਿ ਉਹ ਤਿੰਨ ਦਿਨਾਂ ਦੇ ਅੰਦਰ ਸਾਰਾ ਸਾਮਾਨ ਪਤਨੀ ਦੇ ਘਰ ਪਹੁੰਚਾ ਦੇਵੇ ਤੇ ਭੱਤੇ ਦੀ ਬਕਾਇਆ ਰਕਮ ਤੁਰੰਤ ਦੇਵੇ ਅਤੇ ਇਸ ਸਬੂਤਾਂ ਦੇ ਨਾਲ ਐਫੀਡੇਵਿਟ ਪੇਸ਼ ਕਰੇ। ਕੇਸ ਦੀ ਅਗਲੀ ਸੁਣਵਾਈ 25 ਜੁਲਾਈ ਨੂੰ ਹੋਵੇਗੀ। ਓਦੋਂ ਕੋਰਟ ਨੇ ਸੰਬੰਧਤ ਵਿਅਕਤੀ ਨੂੰ ਪੇਸ਼ ਹੋਣ ਲਈ ਕਿਹਾ ਹੈ। ਭਿਵਾਨੀ ਦੇ ਇਸ ਵਿਅਕਤੀ ਦਾ ਪਤਨੀ ਨਾਲ ਝਗੜਾ ਚੱਲਦਾ ਹੈ। ਦੋਵੇਂ ਵੱਖ ਰਹਿੰਦੇ ਹਨ। ਪਤਨੀ ਦੀ ਪਟੀਸ਼ਨ 'ਤੇ ਕੋਰਟ ਨੇ ਪਤੀ ਨੂੰ ਉਸ ਦੀ ਤਨਖਾਹ 'ਚੋਂ ਤੈਅ ਰਕਮ ਗੁਜ਼ਾਰਾ ਭੱਤਾ ਦੇ ਰੂਪ ਵਿੱਚ ਪਤਨੀ ਨੂੰ ਦੇਣ ਲਈ ਕਿਹਾ ਸੀ। ਹਾਈ ਕੋਰਟ ਨੇ ਉਸ ਨੂੰ ਪਤਨੀ ਦੇ ਗੁਜ਼ਾਰਾ ਭੱਤਾ ਦੀ ਪੁਰਾਣੀ ਬਕਾਇਆ ਰਕਮ ਵੀ ਦੇਣ ਨੂੰ ਕਿਹਾ ਸੀ, ਪ੍ਰੰਤੂ ਪਤੀ ਨੇ ਆਪਣੀ ਅਰਜ਼ੀ ਵਿੱਚ 15 ਜੁਲਾਈ ਨੂੰ ਕੋਰਟ ਸਾਹਮਣੇ ਕਿਹਾ ਕਿ ਉਹ ਅੱਜ ਕੱਲ੍ਹ ਬੇਰੋਜ਼ਗਾਰ ਹੈ, ਨਵੀਂ ਨੌਕਰੀ ਲਈ ਕੋਸ਼ਿਸ਼ ਕਰ ਰਿਹਾ ਹੈ, ਇਸ ਲਈ ਪਤਨੀ ਨੂੰ ਗੁਜ਼ਾਰਾ ਭੱਤਾ ਦੇਣ ਵਿੱਚ ਅਸਮਰਥ ਹੈ, ਪਰ ਇਸ ਦੇ ਬਦਲੇ ਇੰਨਾ ਰਾਸ਼ਨ ਜ਼ਰੂਰ ਦੇ ਸਕਦਾ ਹੈ ਜਿਸ ਨਾਲ ਉਸ ਦਾ ਗੁਜ਼ਾਰਾ ਆਸਾਨੀ ਨਾਲ ਹੋ ਸਕਦਾ ਹੈ।



